ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 34 | 30 August to 05 September 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਬਲਾਤਕਾਰੀ ਸੌਦਾ ਸਾਧ ਦਾ 20 ਸਾਲ ਲਈ ਜੇਲ੍ਹ ’ਚ ਡੇਰਾ

## 2 ਕੇਸਾਂ ’ਚ 10-10 ਸਾਲ ਦੀ ਕੈਦ

## ਵੱਖ-ਵੱਖ ਚੱਲਣਗੀਆਂ ਸਜ਼ਾਵਾਂ, 30 ਲੱਖ ਜੁਰਮਾਨਾ

- ਰੋਇਆ, ਗਿੜਗਿੜਾਇਆ, ਗੋਡਿਆਂ ਭਾਰ ਬਹਿ ਕੇ ਮੰਗੀ ਮੁਆਫ਼ੀ
- ਜੇਲ੍ਹ ਜਾਣ ਤੋਂ ਬਚਣ ਲਈ ਜੱਜ ਨੂੰ ਦਿੱਤਾ ਸਮਾਜਕ ਕੰਮਾਂ ਦਾ ਹਵਾਲਾ
- ਅਸਰ ਨਾ ਪਿਆ ਤਾਂ ਗਿਣਵਾਈਆਂ ਬਿਮਾਰੀਆਂ, ਬਜ਼ੁਰਗ ਮਾਂ ਦਾ ਪਾਇਆ ਵਾਸਤਾ
- ਸਾਧਵੀਆਂ ਨੇ ਰੱਬ ਦਾ ਦਰਜਾ ਦਿੱਤਾ, ‘ਬਾਬੇ’ ਨੇ ਤੋੜਿਆ ਭਰੋਸਾ : ਜੱਜ ਜਗਦੀਪ ਸਿੰਘ
- ਜੱਜ ਨੂੰ ਦਿੱਤੀ ਜ਼ੈੱਡ ਪਲੱਸ ਸੁਰੱਖਿਆ
- ਖਾਤੇ ਸੀਲ, ਮਾਂ ਤੇ ਪਤਨੀ ਨੇ ਸਿਰਸਾ ਛੱਡਿਆ



ਚੰਡੀਗੜ੍ਹ/ਬਿਊਰੋ ਨਿਊਜ਼: ਸਾਧਵੀ ਜਬਰ ਜਨਾਹ ਦੇ 15 ਸਾਲ ਪੁਰਾਣੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦਾ ਹੁਣ 20 ਸਾਲ ਜੇਲ੍ਹ ਵਿਚ ਹੋਵੇਗਾ ਡੇਰਾ। ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬਣਾਈ ਗਈ ਅਸਥਾਈ ਅਦਾਲਤ ਵਿਚ ਸੀ.ਬੀ.ਆਈ. ਦੇ ਜੱਜ ਜਗਦੀਪ ਸਿੰਘ ਨੇ ਇਹ ਇਤਿਹਾਸਕ ਫ਼ੈਸਲਾ ਸੁਣਾਇਆ। ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ ਡੇਰਾ ਮੁਖੀ ਨੂੰ ਜਬਰ ਜਨਾਹ ਦੇ ਦੋ ਮਾਮਲਿਆਂ ਵਿਚ ਦੋਸ਼ੀ ਪਾਏ ਜਾਣ ਦੇ ਬਾਅਦ ਬਾ-ਮੁਸ਼ੱਕਤ 20 ਸਾਲ ਕੈਦ ਦੀ ਸਜ਼ਾ ਸੁਣਾਈ ਅਤੇ 30 ਲੱਖ ਰੁਪਏ ਜੁਰਮਾਨਾ ਕੀਤਾ। 2002 ਦੇ ਸਾਧਵੀ ਜਬਰ ਜਨਾਹ ਮਾਮਲੇ ਵਿਚ ਅਦਾਲਤ ਨੇ ਦੋਵੇਂ ਮਾਮਲਿਆਂ ਵਿਚ 10-10 ਸਾਲ ਕੈਦ ਦੀ ਸਜ਼ਾ ਸੁਣਾਈ। ਦੋਵੇਂ ਸਜ਼ਾਵਾਂ ਅਲੱਗ-ਅਲੱਗ ਚੱਲਣਗੀਆਂ ਅਤੇ ਦੋ ਸਾਲ

ਬਾਕੀ ਸਫ਼ਾ 33 ’ਤੇ

### ਜੇਲ੍ਹ ’ਚ ਕਰਨੀ ਪਊ ਮਜ਼ਦੂਰੀ

ਡੇਰਾ ਸਿਰਸਾ ਮੁਖੀ ਨੂੰ ਜੇਲ੍ਹ ਵਾਲੇ ਕੱਪੜੇ ਪਾਉਣੇ ਪੈਣਗੇ ਅਤੇ ਜੇਲ੍ਹ ਦੀ ਵਰਕਸ਼ਾਪ ਵਿਚ ਕੰਮ ਕਰਨਾ ਪਵੇਗਾ। ਡੇਰਾ ਮੁਖੀ ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਹੈ ਅਤੇ ਜੇਲ੍ਹ ਵਿਚ ਕੰਮ ਕਰਨ ਦੇ ਬਦਲੇ ਉਸ ਨੂੰ ਰੋਜ਼ਾਨਾ 25 ਜਾਂ 20 ਰੁਪਏ ਦਿਹਾੜੀ ਮਿਲੇਗੀ। ਡੇਰਾ ਮੁਖੀ ਦਾ ਨਾਪ ਲੈ ਕੇ ਉਸ ਦੇ ਕੱਪੜੇ ਜੇਲ੍ਹ ਦੀ ਵਰਕਸ਼ਾਪ ਵਿਚ ਹੀ ਤਿਆਰ ਕੀਤੇ ਜਾ ਚੁੱਕੇ ਹਨ ਅਤੇ ਕੱਪੜਿਆਂ ਦੇ ਰੂਪ ਵਿਚ ਉਸ ਨੂੰ ਹੋਰ ਕੈਦੀਆਂ ਵਾਂਗ ਚਿੱਟੇ ਰੰਗ ਦਾ ਕੁੜਤਾ ਅਤੇ ਪਜਾਮਾ ਪਾਉਣਾ ਹੋਵੇਗਾ। ਹੁਣ ਉਸ ਦੀ ਪਹਿਚਾਣ ਕੈਦੀ ਨੰਬਰ 8647 ਹੋਵੇਗੀ।

ਬਾਕੀ ਸਫ਼ਾ 33 ’ਤੇ

## ਡੇਰੇ ਦੇ ਉਤਰਾਅਧਿਕਾਰੀ ਦਾ ਹਾਲੇ ਨਹੀਂ ਹੋਇਆ ਫ਼ੈਸਲਾ

**ਸਿਰਸਾ/ਬਿਊਰੋ ਨਿਊਜ਼ :** ਡੇਰਾ ਮੁਖੀ ਨੂੰ 20 ਸਾਲਾਂ ਦੀ ਸਜ਼ਾ ਹੋਣ ਤੋਂ ਬਾਅਦ ਹੁਣ ਡੇਰਾ ਸਿਰਸਾ ਦੇ ਨਵੇਂ ਮੁਖੀ ਬਾਰੇ ਕਿਆਸੇ ਚੱਲ ਰਹੇ ਹਨ। ਚਰਚਾ ਹੈ ਕਿ ਨਵਾਂ ਗੱਦੀਨਸ਼ੀਨ ਡੇਰਾ ਮੁਖੀ ਦਾ ਪੁੱਤਰ ਜਸਮੀਤ ਸਿੰਘ ਬਣੇਗਾ ਜਦਕਿ ਕੁਝ ਲੋਕਾਂ ਦਾ ਕਹਿਣਾ ਹੈ ਕਿ ਡੇਰਾ ਮੁਖੀ ਦੀ ਮੂੰਹ-ਬੋਲੀ ਧੀ ਹਨੀਪ੍ਰੀਤ ਗੱਦੀ



ਸੰਭਾਲੇਗੀ। ਇਸ ਬਾਬਤ ਡੇਰਾ ਸਿਰਸਾ ਵੱਲੋਂ ਹਾਲੇ ਤੱਕ ਕੋਈ ਲਿਖਤੀ ਜਾਣਕਾਰੀ ਨਹੀਂ ਦਿੱਤੀ ਗਈ ਅਤੇ ਨਾ ਹੀ ਕਿਸੇ ਨਵੇਂ ਮੁਖੀ ਦਾ ਐਲਾਨ ਕੀਤਾ ਗਿਆ ਹੈ। ਬੀਤੇ ਦਿਨ ਚਰਚਾ ਸੀ ਕਿ ਡੇਰਾ ਮੁਖੀ ਦੇ ਪੁੱਤਰ ਜਸਮੀਤ ਸਿੰਘ ਨੂੰ ਡੇਰੇ ਦਾ ਨਵਾਂ ਮੁਖੀ ਐਲਾਨ ਦਿੱਤਾ ਗਿਆ ਹੈ, ਪਰ ਡੇਰੇ ਵੱਲੋਂ ਹਾਲੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ।

### ਸਜ਼ਾ ਸੁਣਾਏ ਜਾਣ ਦੌਰਾਨ ਹੱਥ ਜੋੜੇ, ਗਿੜਗਿੜਾਇਆ, ਮੰਗੀ ਮੁਆਫ਼ੀ

ਸਜ਼ਾ ਸੁਣਾਏ ਜਾਣ ਦੌਰਾਨ ਕਰੋੜਾਂ ਸ਼ਰਧਾਲੂਆਂ ਦਾ ‘ਪਿਤਾਜੀ’ ਕਹਾਉਣ ਵਾਲਾ ਡੇਰਾ ਸਿਰਸਾ ਮੁਖੀ ਜੱਜ ਸਾਹਮਣੇ ਰੋ-ਰੋ ਕੇ ਰਹਿਮ ਦੀ ਭੀਖ ਮੰਗਦਾ ਰਿਹਾ। ਉਹ ਸੀ. ਬੀ. ਆਈ. ਦੇ ਵਿਸ਼ੇਸ਼ ਜੱਜ ਜਗਦੀਪ ਸਿੰਘ ਸਾਹਮਣੇ ਹੱਥ ਜੋੜ ਕੇ ਉਨ੍ਹਾਂ ਤੋਂ ਰਹਿਮ ਦੀ ਭੀਖ ਮੰਗਦਾ ਰਿਹਾ। ਰੋਂਦਿਆਂ ਹੋਇਆ ਡੇਰਾ ਮੁਖੀ ਵਾਰ-ਵਾਰ ‘7 ਸਾਲ 7 ਸਾਲ’ ਬੋਲਦਾ ਰਿਹਾ ਭਾਵ ਕਿ ਜਬਰ ਜਨਾਹ ਕੇਸ ਵਿਚ ਉਸ ਨੂੰ ਵੱਧ ਤੋਂ ਵੱਧ 10 ਸਾਲ ਦੀ ਸਜ਼ਾ ਦੀ ਬਜਾਏ 7 ਸਾਲ ਦੀ ਸਜ਼ਾ ਦਿੱਤੀ ਜਾਵੇ। ਪਰ ਜੱਜ ਨੇ ਡੇਰਾ ਮੁਖੀ ਦੀ ਇਸ ਦਲੀਲ ’ਤੇ ਗੌਰ ਨਾ ਕਰਦਿਆਂ ਹੋਇਆ ਉਸ ਨੂੰ 10 ਸਾਲ ਦੀ ਸਜ਼ਾ ਸੁਣਾਈ। ਸਜ਼ਾ ਦੇ ਐਲਾਨ ਤੋਂ ਬਾਅਦ ਡੇਰਾ ਮੁਖੀ ਜ਼ਮੀਨ ’ਤੇ ਬੈਠ ਕੇ ਰੋਣ ਲੱਗਾ। ਹਾਲਾਂਕਿ ਜਦੋਂ ਅਦਾਲਤ ਨੇ ਸਜ਼ਾ ਸੁਣਾਉਣ ਦੀ ਕਾਰਵਾਈ ਸ਼ੁਰੂ ਕੀਤੀ ਤਾਂ ਇਸੇ ਦੌਰਾਨ ਡੇਰਾ ਮੁਖੀ ਦੇ ਵਕੀਲਾਂ ਨੇ ਅਪੀਲ ਕੀਤੀ ਕਿ ਡੇਰਾ ਮੁਖੀ ਇਕ ਸਮਾਜ ਸੇਵੀ ਹੈ ਅਤੇ ਉਸ ਨੇ ਲੋਕਾਂ ਦੀ ਭਲਾਈ ਲਈ ਕਈ ਕੰਮ ਕੀਤੇ ਹਨ ਇਸ ਕਰਕੇ ਸਜ਼ਾ ਸੁਣਾਉਣ ਦੌਰਾਨ ਉਸ ਨਾਲ ਥੋੜ੍ਹੀ ਨਰਮੀ ਵਰਤੀ ਜਾਵੇ। ਪਰ ਅਦਾਲਤ ਇਸ ਦਲੀਲ ਨਾਲ ਸਹਿਮਤ ਨਹੀਂ ਹੋਈ।

# ਭਾਰਤ-ਚੀਨ ਵਿਚਾਲੇ ਡੋਕਲਾਮ ਵਿਵਾਦ ਹੱਲ ਹੋਇਆ

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਨੇ ਐਲਾਨ ਕੀਤਾ ਹੈ ਕਿ ਪਿਛਲੇ ਦਿਨਾਂ ਤੋਂ ਚੀਨ ਨਾਲ ਡੋਕਲਾਮ ਵਿੱਚ ਚੱਲ ਰਿਹਾ ਸਰਹੱਦੀ ਵਿਵਾਦ ਆਪਸੀ ਸਹਿਮਤੀ ਨਾਲ ਨਿਬੜ ਗਿਆ ਹੈ। ਦੋਵੇਂ ਦੇਸ਼ ਪੜਾਅਵਾਰ ਆਪਣੀਆਂ ਫੌਜਾਂ ਨੂੰ ਪਿੱਛੇ ਹਟਾਉਣਗੇ। ਦੋਵਾਂ ਦੇਸ਼ਾਂ ਦੀ ਇਸ ਪਹਿਲਕਦਮੀ ਨੂੰ ਅਗਲੇ ਹਫ਼ਤੇ ਸ਼ੁਰੂ ਹੋਣ ਵਾਲੇ ਬਰਿਕਸ ਸੰਮੇਲਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਇਸ ਫੈਸਲੇ ਨੂੰ ਭਾਰਤ ਦੀ ਕੂਟਨੀਤਕ ਜਿੱਤ ਮੰਨਿਆ ਜਾ ਰਿਹਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਇਸ ਮੁੱਦੇ ਉੱਤੇ ਦੋਵੇ ਦੇਸ਼ ਕੂਟਨੀਤਕ ਤੌਰ ਉੱਤੇ ਆਪਣੀਆਂ ਤਰਜੀਹਾਂ, ਫਿਕਰਮੰਦੀਆਂ ਅਤੇ ਹਿਤਾਂ ਬਾਰੇ ਵਿਚਾਰ ਚਰਚਾ ਕਰਨਗੇ। ਭਾਰਤੀ ਫੌਜ ਦੇ ਸੂਤਰਾਂ ਨੇ ਦੱਸਿਆ ਕਿ ਸਿੱਕਮ ਨੇੜੇ ਡੋਕਲਾਮ ਵਿੱਚ ਭਾਰਤ ਦੇ 350 ਫੌਜੀ ਤਾਇਨਾਤ ਹਨ ਅਤੇ ਇਨ੍ਹਾਂ ਨੂੰ ਪਿੱਛੇ ਹਟਾਉਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਡੋਕਲਾਮ ਵਿੱਚ ਭਾਰਤੀ ਫੌਜੀਆਂ ਵੱਲੋਂ ਚੀਨ ਦੇ ਫੌਜੀਆਂ ਨੂੰ ਸੜਕ ਬਣਾਉਣ ਤੋਂ ਰੋਕ ਦੇਣ ਬਾਅਦ 16 ਜੂਨ ਤੋਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਆਹਮੋ ਸਾਹਮਣੇ ਸਨ। ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਹ ਸਪਸ਼ਟ ਨਹੀਂ ਕੀਤਾ ਕਿ ਭਾਰਤ ਅਤੇ ਚੀਨ ਦੀਆਂ ਫੌਜਾਂ ਕਦੋਂ ਵਾਪਸ ਬੁਲਾਈਆਂ ਜਾਣਗੀਆਂ।

ਬਾਕੀ ਸਫ਼ਾ 33 ’ਤੇ

## ਟੈਕਸਾਸ ’ਚ ਹਾਰਵੇਅ ਤੂਫ਼ਾਨ ਨੇ ਮਚਾਈ ਤਬਾਹੀ

### *ਹੁਣ ਤੱਕ 12 ਮੌਤਾਂ, 30 ਹਜ਼ਾਰ ਲੋਕ ਨੇ ਆਸਰਾ ਘਰਾਂ ’ਚ ਲਈ ਸ਼ਰਨ*

**ਹਿਊਸਟਨ/ਬਿਊਰੋ ਨਿਊਜ਼ :** ਕਈ ਵਾਰ ਭਾਰੀ ਤੂਫਾਨਾਂ ਦੀ ਮਾਰ ਝੱਲ ਚੁੱਕੇ ਟੈਕਸਾਸ ਨੂੰ ਐਤਕਾਂ ਫਿਰ ਸਮੁੰਦਰੀ ਚੱਰਰਵਰਤੀ ਤੂਫਾਨ ਹਾਰਵੇਅ ਕਾਰਨ ਸਾਊਥ ਈਸਟ ਟੈਕਸਾਸ ਸੂਬੇ ਵਿਚ ਭਾਰੀ ਮਾਰ ਝੱਲਣੀ ਪਈ ਤੇ ਸਾਰਾ ਜਨਜੀਵਨ ਉਥਲ-ਪੁਥਲ ਹੋ ਗਿਆ, ਜਿਸ ਕਰਕੇ ਸਾਰਾ ਸਾਊਥ ਈਸਟ ਟੈਕਸਾਸ ਪਾਣੀ ਵਿਚ ਡੁੱਬ ਗਿਆ। ਬੀਤੇ 13 ਸਾਲਾਂ ’ਚ ਅਮਰੀਕੀ ਤੱਟ ’ਤੇ ਆਉਣ ਵਾਲਾ ਇਹ ਸਭ ਤੋਂ ਵੱਡਾ ਤੂਫਾਨ ਸੀ। ਇਸੇ ਤਰ੍ਹਾਂ ਹੀ ਭਿਆਨਕ ਸਥਿਤੀ ਇਸ ਸਮੇਂ ਅਮਰੀਕਾ ਦੇ ਚੌਥੇ ਵੱਡੇ ਸ਼ਹਿਰ ਹਿਊਸਟਨ ਦੀ ਬਣੀ ਹੋਈ ਹੈ, ਜਿਥੇ ਚੱਕਰਵਰਤੀ ਤੂਫਾਨ ਤੋਂ ਬਾਅਦ ਭਾਰੀ ਮੀਂਹ ਕਾਰਨ ਆਏ ਹੜ੍ਹ ਨੇ ਤਬਾਹੀ

ਬਾਕੀ ਸਫ਼ਾ 33 ’ਤੇ

### ਅੰਦਰ ਪੜ੍ਹੋ

## ਲਾਜ਼ਮ ਹੈ ਅਤਿ ਦਾ ਅੰਤ ਹੋਣਾ

### *ਸਿੱਖ ਆਗੂਆਂ ਦੇ ਸਿਰ ਜੋੜ ਬੈਠਣ ਦਾ ਵੇਲਾ*

**ਵਿਸ਼ੇਸ਼ ਸੰਪਾਦਕੀ : ਕਮਲ ਦੁਸਾਂਝ**

ਅਤਿ ਚੁੱਕਣ ਵਾਲੇ ਦਾ ਅੰਤ ਹੁੰਦਾ ਹੀ ਹੈ। ਜਦੋਂ ਪਾਪਾਂ ਦਾ ਘੜਾ ਭਰ ਜਾਵੇ ਤਾਂ ਉਸ ਨੇ ਡੁੱਲਣਾ ਹੀ ਹੁੰਦਾ ਹੈ। ਬਲਾਤਕਾਰੀ ਡੇਰੇਦਾਰ ਗੁਰਮੀਤ ਰਾਮ ਰਹੀਮ ਦੇ ਪਾਪਾਂ ਦਾ ਘੜਾ ਵੀ ਟੁੱਟ ਗਿਆ ਹੈ। ਉਹਦੇ ਕੁਕਰਮਾਂ ਦੀ ਸਜ਼ਾ ਉਸ ਮਿਲ ਗਈ ਹੈ। ਪਰ ਇਸ ਘੜੇ ਵਿਚ ਉਹਦੇ ਸਿਆਸੀ ਜੋਟੀਦਾਰਾਂ ਨੇ ਵੀ ਖ਼ੂਬ ਤਾਰੀਆਂ ਲਾਈਆਂ ਹਨ। ਅਦਾਲਤ, ਖ਼ਾਸ ਤੌਰ ’ਤੇ ਸੀ.ਬੀ.ਆਈ. ਜੱਜ ਜਗਦੀਪ ਸਿੰਘ ਨੇ ਜੋ ਦਲੇਰੀ ਦਿਖਾਈ ਹੈ, ਉਥੇ ਭ੍ਰਿਸ਼ਟ ਸਿਆਸੀ ਤੰਤਰ ਦਾ ਬੇਸ਼ਰਮ ਚਿਹਰਾ ਹੋਰ ਵੀ ਭਿਆਨਕ ਰੂਪ ਨਾਲ ਸਾਹਮਣੇ ਆਇਆ ਹੈ। ਕੁਕਰਮੀਆਂ ਨੂੰ ਭਾਵੇਂ ਸਿਆਸੀ ਪੁਸ਼ਤ-ਪਨਾਹੀ ਕੋਈ ਨਵੀਂ ਗੱਲ ਨਹੀਂ ਪਰ ਜੇਕਰ ਅਦਾਲਤੀ ਨਿਆਂ ਪ੍ਰਣਾਲੀ ਹੀ ਇਸੇ ਤਰਾਂ ਇਨਸਾਫ਼ ..... (ਸਫ਼ਾ 12 ’ਤੇ)


For Advertisements in Quomantry Amritsar Times Please Call :
Jai Singh
510-677-2777












# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ

**20001 E Walnut Drive, South Walnut, CA, 91789**

## ਗੁਰੂ ਅੰਗਦ ਦੇਵ ਚਿਲਡਰਨ ਅਕੈਡਮੀ

2017-2018 ਗੱਤਕਾ ਸਕੂਲ ਵਿਚ ਤੁਹਾਡਾ ਸੁਆਗਤ ਹੈ
ਫੁਲਵਾੜੀ ਤੋਂ 6ਵੇਂ ਗ੍ਰੇਡ ਤੱਕ ਕਲਾਸਾਂ

Welcome to the 2017-2018 GADCA school year!
Classes from Phulwari-6th grade



**ਸਥਾਨ:**
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਲਨਟ
20001 E Walnut Drive,
South Walnut, CA, 91789

**ਨਵੇਂ ਦਾਖਲੇ ਸ਼ੁਰੂ**
ਨਵੇਂ ਵਿਦਿਆਰਥੀ ਦਫ਼ਤਰ ਵਿਚ
ਆ ਕੇ ਮਿਲ ਸਕਦੇ ਹਨ

**ਵਿਸ਼ੇਸ਼ ਕਲਾਸਾਂ:**
ਗੱਤਕਾ, ਕੀਰਤਨ, ਗੁਰਮਤਿ,
ਗੁਰਬਾਣੀ ਅਤੇ ਗੁਰਮੁਖੀ

**For More Information Contact :**
**Jagjit Singh Ph: 626-239-5621 & Principal Annie Juneja**



# ਮੱਖਣ ਸਿੰਘ ਕਲੇਰ ਨੂੰ ਗਹਿਰਾ ਸਦਮਾ

## *ਪਿਤਾ ਸ. ਤਾਰਾ ਸਿੰਘ ਨੰਬਰਦਾਰ ਦਾ ਅਕਾਲ ਚਲਣਾ*

### ਅੰਤਮ ਸੰਸਕਾਰ ਪਿੰਡ ਨੂਰਪੁਰ ਵਿਚ 1 ਸਤੰਬਰ ਸ਼ੁਕਰਵਾਰ ਨੂੰ

**ਸ਼ਿਕਾਗੋ/ਹੁਸਨ ਲੜੋਆ ਬੰਗਾ:** ਸਿੱਖ ਭਾਈਚਾਰੇ ਦੀ ਸਰਗਰਮ ਰਾਜਸੀ ਸ਼ਖ਼ਸ਼ੀਅਤ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਦੇ ਸੀਨੀਅਰ ਆਗੂ ਸ. ਮੱਖਣ ਸਿੰਘ ਕਲੇਰ ਸ਼ਿਕਾਗੋ ਨਿਵਾਸੀ ਦੇ ਪਿਤਾ ਜੀ ਸ.ਤਾਰਾ ਸਿੰਘ ਨੰਬਰਦਾਰ ਆਪਣੇ ਜੱਦੀ ਪਿੰਡ ਨੂਰਪੁਰ ਜਿਲਾ



ਨਵਾਂ ਸ਼ਹਿਰ ਵਿਚ 27 ਅਗਸਤ 2017 ਐਤਵਾਰ ਨੂੰ ਆਕਾਲ ਚਲਾਣਾ ਕਰ ਗਏ ਹਨ। ਉਹ ਕੁਝ ਸਮਾਂ ਹੀ ਪਹਿਲਾਂ ਅਮਰੀਕਾ ਸ਼ਿਕਾਗੋ ਤੋਂ ਵਾਪਸ ਪੰਜਾਬ ਗਏ ਸਨ। ਕੁਝ ਸਮਾਂ ਬਿਮਾਰ ਰਹਿਣ ਪਿਛੋਂ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਵਾਹਿਗੁਰੂ ਵਲੋਂ ਬਖਸ਼ੇ ਸਵਾਸਾਂ ਦੀ ਪੂੰਜੀ ਨੂੰ ਭੋਗ ਕੇ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਸ. ਤਾਰਾ ਸਿੰਘ ਨੰਬਰਦਾਰ ਨੇ ਆਪਣੀ ਜਿੰਦਗੀ ਵਿਚ ਕਾਫੀ ਉਤਰਾਅ ਚੜਾਅ ਦੇਖੇ ਸਨ। ਉਨਾਂ ਆਪਣੀ ਸਖਤ ਮੇਹਨਤ ਨਾਲ ਪਰਿਵਾਰ ਨੂੰ ਸਫਲ ਮੁਕਾਮ ਤੇ ਪੁਹਚਾਇਆ। ਉਨਾਂ ਦਾ ਜਨਮ ਸਤੰਬਰ 1929 ਵਿਚ ਹੋਇਆ ਸੀ ਇਸ ਸਮੇਂ ਉਹ 88 ਵਰਿਆਂ ਦੇ ਸਨ। ਉਹ ਆਪਣੇ ਪਿਛੇ 4 ਬੇਟੇ, 4 ਨੂੰਹਾਂ, 1 ਬੇਟੀ, ਜਵਾਈ, ਪੋਤੇ ਪੋਤੀਆਂ, ਦੋਹਤੇ, ਪੜਦੋਹਤਾ ਅਤੇ ਪੜਦੋਹਤੀ ਨਾਲ ਭਰਿਆ ਪਰਿਵਾਰ ਛੱਡ ਗਏ ਹਨ। ਸ. ਤਾਰਾ ਸਿੰਘ ਨੰਬਰਦਾਰ ਦਾ ਅੰਤਮ ਸੰਸਕਾਰ ਉਨਾਂ ਦੇ ਜੱਦੀ ਪਿੰਡ ਨੂਰਪੁਰ ਵਿਚ 1 ਸਤੰਬਰ 2017 ਸ਼ੁਕਰਵਾਰ ਨੂੰ ਕੀਤਾ ਜਾਵੇਗਾ। ਉਨਾਂ ਦੇ ਨਮਿਤ ਰੱਖੇ ਸਹਿਜ ਪਾਠ ਦੇ ਭੋਗ 3 ਸਤੰਬਰ 2017 ਐਤਵਾਰ ਨੂੰ ਪਾਏ ਜਾਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਫੋਨ ਨੰਬਰ +1-630-827-9752 ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਅਮਰੀਕਾ ਵਲੋਂ ਨੰਬਰਦਾਰ ਸ. ਤਾਰਾ ਸਿੰਘ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ

**ਨਿਊਯਾਰਕ/ਬਿਊਰੋ ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਇਕਾਈ ਨੇ ਪਾਰਟੀ ਦੇ ਸੀਨੀਅਰ ਆਗੂ ਸ. ਮਖੱਣ ਸਿੰਘ ਕਲੇਰ (ਸ਼ਿਕਾਗੋ) ਦੇ ਪਿਤਾ ਜੀ ਨੰਬਰਦਾਰ ਸ: ਤਾਰਾ ਸਿੰਘ ਦੇ ਅਕਾਲ ਚਲਾਣੇ ਉੱਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੇ ਕਨਵੀਨਰ ਸ ਬੂਟਾ ਸਿੰਘ ਖੜੋਦ, ਪ੍ਰਧਾਨ ਸੁਰਜੀਤ ਸਿੰਘ ਖਾਲਸਾ, ਮੀਤ ਪ੍ਰਧਾਨ ਰੇਸ਼ਮ ਸਿੰਘ, ਰੁਪਿੰਦਰ ਸਿੰਘ ਬਾਠ, ਜੀਤ ਸਿੰਘ ਅਲੋਅਰੱਖ, ਸਰਬਜੀਤ ਸਿੰਘ, ਜੋਗਾ ਸਿੰਘ, ਜਗਤਾਰ ਸਿੰਘ ਗਿੱਲ, ਰੇਸ਼ਮ ਸਿੰਘ ਵਰਜੀਨੀਆ, ਅਮਰਜੀਤ ਸਿੰਘ, ਸੁਲਤਾਨ ਸਿੰਘ ਅਤੇ ਅਮਨਦੀਪ ਸਿੰਘ ਵਲੋਂ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਅਕਾਲ ਪੁਰਖ ਅੱਗੇ ਨੰਬਰਦਾਰ ਸ. ਤਾਰਾ ਸਿੰਘ ਦੀ ਆਤਮਿਕ ਸਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ ਗਈ ਹੈ। ਬਿਆਨ 'ਚ ਸ. ਤਾਰਾ ਸਿੰਘ ਨੰਬਰਦਾਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਗਿਆ ਹੈ ਕਿ ਉਹ ਸਦਾ ਚੜ੍ਹਦੀ ਕਲ੍ਹਾ ਵਾਲੇ ਗੁਰਸਿੱਖ ਪਿਆਰੇ ਸਨ ਜਿਨ੍ਹਾਂ ਦੀ ਬਹੁਤ ਨੇਕ ਕਮਾਈ ਸੀ ਅਤੇ ਗੁਰਬਾਣੀ ਦੇ ਰਸੀਏ ਸਨ। ਉਨਾਂ ਦੇ ਅਕਾਲ ਚਲਾਣੇ ਨਾਲ ਪਰਿਵਾਰ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਡੇਰਾਵਾਦ ਨੇ ਸਿੱਖੀ ਨੂੰ ਲਾਈ ਢਾਹ : ਏ.ਜੀ.ਪੀ.ਸੀ.

- **ਡੇਰਿਆਂ ਨੂੰ ਬੜ੍ਹਾਵਾ ਦੇਣ 'ਚ ਸਰਕਾਰਾਂ ਦੀ ਅਹਿਮ ਭੂਮਿਕਾ**
- **ਧਾਰਮਿਕ ਜਥੇਬੰਦੀਆਂ ਡੇਰਾਵਾਦ ਨੂੰ ਖ਼ਤਮ ਕਰਨ 'ਚ ਅਸਫ਼ਲ**
- **ਸੌਦਾ ਸਾਧ ਨੇ ਡੇਰੇ ਦੇ ਨਾਮ 'ਤੇ ਚਲਾਇਆ ਗੌਰਖਧੰਦਾ**

**ਫ਼ਰੀਮੌਂਟ/ਬਿਊਰੋ ਨਿਊਜ਼:** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੌਦਾ ਸਾਧ ਮਾਮਲੇ 'ਚ ਅਦਾਲਤੀ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਡੇਰਾਵਾਦ ਨੇ ਪਿਛਲੇ ਸਮੇਂ 'ਚ ਸਿੱਖੀ ਨੂੰ ਜਬਰਦਸਤ ਢਾਹ ਲਾਈ ਹੈ। ਉਨ੍ਹਾਂ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਅਤੇ ਧਾਰਮਿਕ ਲੀਡਰਾਂ ਨੇ ਡੇਰਿਆਂ ਦੇ ਘਟੀਆ ਸੋਚ ਦੇ ਮੁੱਖੀਆਂ ਨੂੰ ਸ਼ਰਨ ਦੇ ਕੇ ਇਨ੍ਹਾਂ ਦੇ ਕਾਲੇ ਕਾਰਨਾਮਿਆਂ ਅਤੇ ਕਰਤੂਤਾਂ ਨੂੰ ਛੁਪਾਇਆ ਹੈ। ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ 'ਚ ਕਿਹਾ ਕਿ ਸਿੱਖ ਧਰਮ ਵਲੋਂ ਮੁੱਖ ਮੋੜ ਚੁੱਕੇ ਕੁਝ ਲੋਕਾਂ ਨੂੰ ਧਰਮ 'ਚ ਵਾਪਸ ਲਿਆਉਣ ਦੀ ਲੋੜ ਹੈ। ਉਨ੍ਹਾਂ ਅਪੀਲ ਜਾਰੀ ਕਰਦਿਆਂ ਸਮੂਹ ਸਿੱਖ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਭੇਖੀ ਸਾਧਾਂ, ਸੰਤਾਂ ਦੇ ਡੇਰਿਆਂ ਨੂੰ ਨਕਾਰ ਦੇਣ ਅਤੇ ਗੁਰੂ ਲੜ ਲੱਗ ਕੇ ਆਪਣੇ ਜੀਵਨ ਸੰਵਾਰਨ। ਉਨ੍ਹਾਂ ਨੇ ਕਿਹਾ ਕਿ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਵੋਟਾਂ ਖਾਤਰ ਇਨ੍ਹਾਂ ਝੂਠੇ ਸਾਧਾਂ ਦੇ ਡੇਰਿਆਂ, ਜੋ ਕਿ ਵਪਾਰ ਦਾ ਅੱਡਾ ਬਣ ਚੁੱਕੇ ਹਨ, 'ਚ ਪਹੁੰਚ ਕਰਕੇ ਇਨ੍ਹਾਂ ਨੂੰ ਸ਼ਰਨ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰ ਰਾਜਨੀਤਿਕ ਪਾਰਟੀ ਦੇ ਪ੍ਰਮੁੱਖ ਅਹੁੱਦੇਦਾਰ ਜੋ ਇਨ੍ਹਾਂ ਪਾਖੰਡੀ ਸਾਧਾਂ ਕੋਲ ਪਹੁੰਚਦੇ

**ਬਾਕੀ ਸਫ਼ਾ 32 'ਤੇ**

# ਗੁਰੂਘਰ ਸਿੰਘ ਸਭਾ ਫਰਿਜ਼ਨੋ ਵੱਲੋਂ ਸੀਨੀਅਰ ਪੱਤਰਕਾਰ ਅਤੇ ਪੰਜਾਬੀ ਹਿਤੈਸ਼ੀ ਸ. ਜਗਜੀਤ ਸਿੰਘ ਥਿੰਦ ਦਾ ਵਿਸ਼ੇਸ਼ ਸਨਮਾਨ

**ਫਰਿਜ਼ਨੋ(ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ):** ਸ਼ੈਟਰਲ ਵੈਲੀ ਦੇ ਸ਼ਹਿਰ ਫਰਿਜ਼ਨੋ ਵਿਖੇ ਸਥਿਤ ਗੁਰੂਘਰ ਸਿੰਘ ਸਭਾ ਵੱਲੋਂ ਸੀਨੀਅਰ ਪੰਜਾਬੀ ਪੱਤਰਕਾਰ ਸ. ਜਗਜੀਤ ਸਿੰਘ ਥਿੰਦ (ਕਰਮਨ ਨਿਵਾਸੀ) ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰੂਘਰ ਵਿਖੇ ਅਖੰਡ ਸਾਹਿਬ ਦੇ ਭੋਗ ਪਏ, ਜਿਸ ਬਾਅਦ ਗੁਰੂਘਰ ਦੇ ਹਜ਼ੂਰੀ ਜਥੇ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਕੀਰਤਨ ਅਤੇ ਭਾਈ ਮਲਕੀਤ ਸਿੰਘ ਨੇ ਕਥਾ ਕਰਦੇ ਹੋਏ ਹਾਜ਼ਰੀ ਭਰੀ। ਇਸ ਉਪਰੰਤ ਸ਼ੁਰੂ ਹੋਏ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਪੰਜਾਬੀ ਮਾਂ ਬੋਲੀ ਅਤੇ ਭਾਈਚਾਰੇ ਨੂੰ ਪੰਜਾਬੀ ਲਾਇਬਰੇਰੀਆਂ ਨਾਲ ਜੋੜਨ ਅਤੇ ਪੁਸਤਕਾਂ ਦੀ ਇਕੱਤਰਤਾ ਵਿੱਚ ਵਡਮੁੱਲਾ ਸਹਿਯੋਗ ਦੇਣ ਬਦਲੇ ਸਥਾਨਕ ਸੀਨੀਅਰ ਪੱਤਰਕਾਰ ਸ. ਜਗਜੀਤ ਸਿੰਘ ਥਿੰਦ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਮੇਂ ਗੁਰੂਘਰ ਵਿਖੇ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਥਿੰਦ ਸਾਹਿਬ ਦੀ ਪ੍ਰੇਰਨਾ ਸਦਕਾ ਪੰਜਾਬੀ ਅਤੇ ਗੁਰਮਤਿ ਇਤਿਹਾਸ ਨਾਲ ਸੰਬੰਧਤ ਪੁਸਤਕਾਂ



**ਸ. ਜਗਜੀਤ ਸਿੰਘ ਥਿੰਦ ਸਨਮਾਨ ਸਮੇਂ ਪ੍ਰਮੁੱਖ ਸ਼ਖ਼ਸੀਅਤਾਂ ਨਾਲ।**

ਦੀ ਲਾਇਬ੍ਰੇਰੀ ਦੀ ਸ਼ੁਰੂਆਤ ਵੀ ਕੀਤੀ ਗਈ। ਇਸ ਮੌਕੇ ਹੋਰ ਵੀ ਬਹੁਤ ਸਾਰੀਆਂ ਸ਼ਖ਼ਸੀਅਤਾਂ ਨੂੰ ਸਹਿਯੋਗ ਲਈ ਧੰਨਵਾਦ ਕਰਦੇ ਹੋਏ ਸਨਮਾਨਿਆ ਗਿਆ। ਸਥਾਨਿਕ ਸਮਾਜ ਸੇਵੀ ਸ. ਮਹਿੰਦਰ ਸਿੰਘ ਗਰੇਵਾਲ, ਸ. ਗੁਰਪ੍ਰੀਤ ਸਿੰਘ ਮਾਨ, ਗੁੱਡੀ ਸਿੱਧੂ ਸਮੇਤ ਹੋਰ ਬਹੁਤ ਸਾਰੇ ਬੁਲਾਰਿਆਂ ਨੇ ਗੁਰੂਘਰ ਦੇ ਪੰਜਾਬੀ ਸਕੂਲ ਵਿੱਚ ਲਾਇਬਰੇਰੀ ਦੀ ਸ਼ੁਰੂਆਤ ਕਰਨ 'ਤੇ ਵਧਾਈਆਂ ਅਤੇ ਸ. ਜਗਜੀਤ ਸਿੰਘ ਥਿੰਦ ਦੀਆਂ ਸਮੁੱਚੇ ਪੰਜਾਬੀ ਭਾਈਚਾਰੇ ਲਈ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਇਹ ਸਮਾਗਮ ਵਿਦੇਸ਼ਾਂ ਵਿੱਚ ਪੰਜਾਬੀ ਭਾਈਚਾਰੇ ਅਤੇ ਨਵੀਂ ਪੀੜ੍ਹੀ ਨੂੰ ਨਾਲ ਜੋੜ ਕੇ ਚੱਲਣ ਲਈ ਵਿਚਾਰਾਂ ਕਰਦਾ ਹੋਇਆਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋਇਆ। ਇਸ ਮੌਕੇ ਗੁਰੂ ਦਾ ਲੰਗਰ ਅਤੁੱਟ ਵਰਤਿਆ।




# ਸਪੋਕੇਨ ਵੈਲੀ 'ਚ ਜਲੰਧਰ ਦੇ ਨੌਜਵਾਨ ਦਾ ਗੋਰੇ ਨੇ ਚਾਕੂ ਮਾਰ ਕੇ ਕੀਤਾ ਕਤਲ

**ਸਪੋਕੇਨ ਵੈਲੀ/ਬਿਊਰੋ ਨਿਊਜ਼ :** ਜਲੰਧਰ ਦੇ ਨੌਜਵਾਨ ਗਗਨਦੀਪ ਸਿੰਘ ਦੀ ਇੱਥੇ ਅਮਰੀਕੀ ਗੋਰੇ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਜਲੰਧਰ ਦੇ ਕਾਂਗਰਸੀ ਆਗੂ ਮਨਮੋਹਨ ਸਿੰਘ ਰਾਜੂ ਦੀ ਅਮਰੀਕਾ ਰਹਿੰਦੀ ਭੈਣ ਕੰਵਲਜੀਤ ਕੌਰ ਦੇ ਪੁੱਤਰ ਗਗਨਦੀਪ ਸਿੰਘ (21 ਸਾਲ) ਦੀ ਇਕ ਗੋਰੇ ਨੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਹੈ। ਕਰੀਬ 14 ਸਾਲ ਪਹਿਲਾਂ ਕੰਵਲਜੀਤ ਕੌਰ ਦਾ ਪਰਿਵਾਰ ਅਮਰੀਕਾ ਆ ਗਿਆ ਸੀ ਅਤੇ ਉਹ ਸਪੋਕੇਨ ਵੈਲੀ 'ਚ ਰਹਿੰਦੇ ਹਨ। ਗਗਨਦੀਪ ਸਿੰਘ ਦਾ ਪਿਤਾ ਰਾਜਿੰਦਰਪਾਲ ਸਿੰਘ ਟੈਕਸੀਆਂ ਚਲਾਉਣ ਦਾ ਕਾਰੋਬਾਰ ਕਰਦਾ ਹੈ। ਗਗਨਦੀਪ ਸਿੰਘ ਸਾਫ਼ਟਵੇਅਰ ਇੰਜੀਨਰਿੰਗ ਦੀ ਪੜ੍ਹਾਈ ਕਰ ਰਿਹਾ ਸੀ ਅਤੇ ਛੁੱਟੀ ਵਾਲੇ ਦਿਨ ਉਹ ਟੈਕਸੀ ਵੀ ਚਲਾਉਂਦਾ ਸੀ।



ਗਗਨਦੀਪ ਸਿੰਘ ਨੇ ਹਵਾਈ ਅੱਡੇ ਤੋਂ ਇਕ ਗੋਰੇ ਨੂੰ ਆਪਣੀ ਟੈਕਸੀ ਵਿਚ ਬਿਠਾਇਆ ਸੀ ਅਤੇ ਉਸ ਵਲੋਂ ਦੱਸੀ ਜਗ੍ਹਾ 'ਤੇ ਛੱਡਣ ਚਲਾ ਗਿਆ। ਜਦੋਂ ਗੋਰਾ ਆਪਣੇ ਘਰ ਪਹੁੰਚਿਆ ਤਾਂ ਉਸ ਨੇ ਪੈਸੇ ਨਾ ਹੋਣ ਦੀ ਗੱਲ ਕਹਿ ਕੇ ਪੈਸੇ ਕੱਢਵਾਉਣ ਲਈ ਗਗਨਦੀਪ ਨੂੰ ਏ.ਟੀ.ਐੱਮ. ਤੱਕ ਚੱਲਣ ਲਈ ਕਿਹਾ। ਏ.ਟੀ.ਐੱਮ. ਗੋਰੇ ਦੇ ਘਰ ਤੋਂ ਕਰੀਬ 10 ਕਿਲੋਮੀਟਰ ਦੂਰ ਸੀ। ਏ.ਟੀ.ਐੱਮ. 'ਤੇ ਜਾ ਕੇ ਗੋਰੇ ਨੇ ਪੈਸੇ ਕੱਢਵਾਏ ਅਤੇ ਗਗਨਦੀਪ ਸਿੰਘ ਨੂੰ ਬਣਦੇ 250 ਡਾਲਰ ਦੇ ਦਿੱਤੇ। ਇਸ ਤੋਂ ਬਾਅਦ ਉਹ ਗਗਨਦੀਪ ਸਿੰਘ ਨੂੰ ਘਰ ਵਾਪਸ ਛੱਡ ਕੇ ਆਉਣ ਦੀ ਜ਼ਿੱਦ ਕਰਨ ਲੱਗਾ। ਟੈਕਸੀ ਦੇ ਧੰਦੇ ਵਿਚ ਨਵਾਂ ਹੋਣ ਕਰਕੇ ਗਗਨਦੀਪ ਨੇ ਇਸ ਸਬੰਧੀ ਆਪਣੀ ਮਾਂ ਨਾਲ ਫੋਨ 'ਤੇ ਗੱਲ ਕੀਤੀ ਤਾਂ ਕੰਵਲਜੀਤ ਕੌਰ ਨੇ ਗੋਰੇ ਨੂੰ ਘਰ ਛੱਡ ਕੇ ਆਉਣ ਦੀ ਹਾਮੀ ਭਰ ਦਿੱਤੀ। ਕਰੀਬ ਪੌਣੇ ਘੰਟੇ ਬਾਅਦ ਗਗਨਦੀਪ ਬਾਰੇ ਜਾਣਕਾਰੀ ਲੈਣ ਲਈ ਜਦੋਂ ਕੰਵਲਜੀਤ ਕੌਰ ਨੇ ਉਸ ਨੂੰ ਦੁਬਾਰਾ ਫੋਨ ਕੀਤਾ ਤਾਂ ਫੋਨ 'ਤੇ ਕੋਈ ਜਵਾਬ ਨਾ ਮਿਲਿਆ। ਸਾਰੇ ਪਰਿਵਾਰ ਵੱਲੋਂ ਵਾਰ-ਵਾਰ ਫੋਨ ਕੀਤੇ ਜਾਣ ਅਤੇ ਮੈਸੇਜ ਛੱਡੇ ਜਾਣ ਦੇ ਬਾਵਜੂਦ ਜਦੋਂ ਕੋਈ ਜਵਾਬ ਨਹੀਂ ਆਇਆ ਤਾਂ ਉਨ੍ਹਾਂ ਇਸ ਦੀ ਸੂਚਨਾ ਪੁਲੀਸ ਨੂੰ ਦਿੱਤੀ। ਇਸ ਤੋਂ ਬਾਅਦ ਗੋਰੇ ਦਾ ਮੈਸੇਜ ਆਇਆ ਕਿ ਹੁਣ ਤੁਸੀਂ ਪੁਲੀਸ ਨੂੰ ਸੂਚਿਤ ਕਰ ਦਿੱਤਾ ਹੈ ਤਾਂ ਠੀਕ ਹੈ। ਕੁਝ ਹੀ ਦੇਰ ਵਿਚ ਪੁਲੀਸ ਦੀ ਇਕ ਟੀਮ ਟੈਕਸੀ ਤੱਕ ਪਹੁੰਚ ਗਈ ਤਾਂ ਉਨ੍ਹਾਂ ਦੇਖਿਆ ਕਿ ਗੋਰੇ ਨੇ ਗਗਨਦੀਪ ਸਿੰਘ ਨੂੰ ਚਾਕੂ ਮਾਰ ਕੇ ਉਸ ਦੀ ਹੱਤਿਆ ਕਰ ਦਿੱਤੀ ਹੈ। ਹੱਤਿਆ ਕਰਨ ਦੇ ਬਾਵਜੂਦ ਗੋਰਾ ਟੈਕਸੀ ਵਿਚ ਹੀ ਬੈਠਾ ਰਿਹਾ, ਜਿਸ ਨੂੰ ਪੁਲੀਸ ਨੇ ਆਪਣੀ ਹਿਰਾਸਤ ਵਿਚ ਲੈ ਲਿਆ ਹੈ।

# ਉਬਰ ਡਰਾਈਵਰ ਤੇ ਨਿਊਯਾਰਕ 'ਚ ਨਸਲੀ ਹਮਲਾ

**ਨਿਊਯਾਰਕ/ਬਿਊਰੋ ਨਿਊਜ਼:** ਪੰਜਾਬੀ ਮੂਲ ਦੇ ਉਬਰ ਡਰਾਈਵਰ ਉਤੇ ਬੀਤੇ ਦਿਨੀਂ ਨਸਲੀ ਹਮਲਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਮਾਮਲੇ ਦੀ ਜਾਂਚ ਕਰਨ ਤੇ ਗੱਲ ਸਾਹਮਣੇ ਆਈ ਹੈ ਸ਼ਮਸ਼ੇਰ ਸਿੰਘ ਜੋ ਕਿ ਸਥਾਨਕ ਨਿਊਯਾਰਕ ਦਾ ਵਸਨੀਕ ਹੈ ਘਟਨਾ ਵਾਲੇ ਦਿਨ ਐਤਵਾਰ ਸਵੇਰੇ 12:05 ਤੇ ਯੋਅਕਰ ਤੋਂ ਸਵਾਰੀ ਚੱਕ ਕੇ ਬਰੌਂਕਸ ਵੱਲ ਜਾ ਰਿਹਾ ਸੀ। ਸਫਰ ਕਰ ਰਹੀ ਸਵਾਰੀਆਂ ਜਿਨ੍ਹਾਂ ਵਿੱਚ ਇਕ ਮਰਦ ਤੇ ਔਰਤ ਸ਼ਾਮਿਲ ਸਨ, ਨਸ਼ੇ ਦੀ ਹਾਲਤ ਵਿੱਚ ਸਨ ਤੇ ਉਨਾਂ ਨੂੰ ਕੋਈ ਆਪਣੀ ਹੋਸ਼ ਨਹੀਂ ਸੀ. ਜਦ ਸ਼ਮਸ਼ੇਰ ਸਿੰਘ ਨੇ ਉਨਾਂ ਵਿਅਕਤੀਆਂ ਨੂੰ ਦਸਿਆ ਕੀ ਉਨ੍ਹਾਂ ਦੀ ਮੰਜਿਲ ਆ ਗਈ ਹੈ ਤਾਂ ਨਸ਼ੇ ਦੀ ਹਾਲਤ ਵਿੱਚ ਅੰਨੇ ਹੋ ਚੁੱਕੇ ਉਸ ਵਿਅਕਤੀ ਅਤੇ ਔਰਤ ਵੱਲੋਂ ਹਿੰਸਕ ਹੁੰਦਿਆਂ ਸ਼ਮਸ਼ੇਰ ਸਿੰਘ ਨੂੰ ਨਸਲੀ ਭੇਦਭਾਵ ਦੀਆ ਗਾਲ੍ਹਾਂ ਵੀ ਕਢੀਆਂ ਗਈਆਂ। ਮਾਮਲਾ ਵਿਗੜਦਾ ਦੇਖ ਜਦ ਸ਼ਮਸ਼ੇਰ ਸਿੰਘ ਪੁਲਿਸ ਨੂੰ ਕਾਲ ਕਰਨ ਲਗਾ ਤਾਂ ਇਕ ਦਮ ਉਸ ਵਿਅਕਤੀ ਤੇ ਔਰਤ ਵੱਲੋਂ ਹਮਲਾ ਬੋਲਿਆ ਗਿਆ ਜਿਸ ਵਿੱਚ ਸ਼ਮਸ਼ੇਰ ਸਿੰਘ ਦੀ ਐਨਕ ਤੋੜ ਦਿੱਤੀ ਗਈ ਤੇ ਉਸ ਨੂੰ ਗੰਭੀਰ ਤੌਰ ਤੇ ਜਖਮੀ ਕਰਨ ਦਾ ਯਤਨ ਕੀਤਾ ਗਿਆ। ਕੁਝ ਸਮੇਂ ਬਾਅਦ ਜਦ ਪੁਲਿਸ ਘਟਨਾ ਸਥਾਨ ਤੇ ਪਹੁੰਚੀ ਹਮਲਾਵਰ ਉਸ ਜਗ੍ਹਾ ਤੋਂ ਭੱਜ ਚੁੱਕੇ ਸਨ. ਜਦੋਂ ਸਾਥੀ ਉਬਰ ਡਰਾਈਵਰਾਂ ਦੀ ਮਦੱਦ ਦੇ ਨਾਲ ਪੁਲਿਸ ਤੇ ਕਾਰਵਾਈ ਕਰਨ ਤੇ ਦਬਾਅ ਬਣਾਇਆ ਗਿਆ ਤਾਂ ਪੁਲਿਸ ਨੇ ਹੋਏ ਨੁਕਸਾਨ ਦੀ ਭਰਪਾਈ ਪੈਸਿਆਂ ਨਾਲ ਕਰਵਾ ਕੇ ਮਾਮਲਾ ਰਫਾ ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਪਰ ਸ਼ਮਸ਼ੇਰ ਸਿੰਘ ਅਤੇ ਸਾਥੀਆਂ ਵੱਲੋਂ ਵਾਰ ਵਰ ਕਾਰਵਾਈ ਕਰਨ ਤੇ ਪੁਲਿਸ ਨੇ ਨਸਲੀ ਹਮਲਾ ਕਰਨ ਵਾਲੇ ਵਿਅਕਤੀ ਤੇ ਔਰਤ ਨੂੰ ਗ੍ਰਿਫਤਾਰ ਕਰ ਲਿਆ। ਪਰ ਹੈਰਾਨੀ ਦੀ ਗੱਲ ਹੈ ਕਿ ਗ੍ਰਿਫਤਾਰ ਕਰਨ ਤੋਂ ਬਾਅਦ ਵੀ ਪੁਲਿਸ ਵੱਲੋਂ ਕੋਈ ਰਿਪੋਰਟ ਦਰਜ ਨਹੀਂ ਕੀਤੀ ਗਈ। ਬਾਅਦ 'ਚ ਜਦੋਂ ਸ਼ਮਸ਼ੇਰ ਸਿੰਘ ਤੇ ਸਾਥੀ ਇਹ ਪਤਾ ਕਰਨ ਲਈ ਪੁਲਿਸ ਸਟੇਸ਼ਨ 45 ਪਰੀਸੈਂਟ ਬਰੋਕਸ ਪਹੁੰਚੇ ਕਿ ਉਕਤ ਮਾਮਲੇ ਦੀ ਜਾਂਚ ਕਿਹੜਾ ਪੁਲਿਸ ਅਫਸਰ ਕਰ ਰਿਹਾ ਹੈ ਤਾਂ ਪੁਲਿਸ ਵੱਲੋਂ ਇਹ ਕਹਿ ਕੇ ਕੋਰਾ ਜਵਾਬ ਦਿਤਾ ਗਿਆ ਕਿ ਇਸ ਮਾਮਲੇ ਦੀ ਕੋਈ ਜਾਂਚ ਨਹੀਂ ਹੋ ਰਹੀ। ਇਹ ਕਾਰਵਾਈ ਪੁਲਿਸ ਪ੍ਰਸ਼ਾਸਨ ਦੇ ਰੋਲ ਬਾਰੇ ਸਵਾਲੀਆ ਚਿੰਨ ਅਤੇ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਨਸਲੀ ਹਮਲੇ ਦਾ ਸ਼ਿਕਾਰ ਹੋ ਰਹੇ ਪੀੜਤਾਂ ਦੇ ਕੇਸ ਨੂੰ ਪੁਲਿਸ ਗੰਭੀਰਤਾ ਨਾਲ ਕ੍ਰਿਉ ਨਹੀਂ ਲੈ ਰਹੀ. ਇਸ ਮਾਮਲੇ ਨੂੰ ਪੀੜਤ ਵਿਅਕਤੀ ਤੇ ਸਾਥੀਆਂ ਵੱਲੋਂ ਨਿਊਯਾਰਕ ਦੇ ਮੇਅਰ ਤੇ ਹਿਊਮਨ ਰਾਈਟਸ ਕਮਿਸ਼ਨਰ ਅੱਗੇ ਉਠਾਇਆ ਜਾਵੇਗਾ ਤਾਂ ਜੋ ਪੀੜਤ ਨੂੰ ਇਨਸਾਫ ਮਿਲ ਸਕੇ

ACURA
AutoNation Acura Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ

Cell : 510.299.4326
Email : aulakhr1@autonation.com

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644

For People Who Believe In Home!!!!
Real Estate, Loans

ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



*2161 SQ Feet home Natomas Sacramento*
*3 BR 2.5 bath with loft available for $389,000*



Kulwinder Kaur K.D.
Cell 916-212-0123
e-mail kdkaur9@yahoo.com

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ

Bankruptcy
Immigration • Divorce

**ਬੈਂਕਰਪਸੀ**
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
**ਇਮੀਗ੍ਰੇਸ਼ਨ ਲਾਅ**
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
**ਪਰਿਵਾਰਕ ਕਾਨੂੰਨ**
**ਤਲਾਕ**



Pardeep S. Grewal
Attorney At Law

**Bankruptcy**
- Chapter 7 & 13 Bankruptcy
- Protect Your Assets- Home, Etc..
- Start Fresh- Clear

**Family Law • Divorce**

**Immigration Law**
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ

510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

**ਹੋਰ ਸੇਵਾਵਾਂ**
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA

Office: 408.729.6691
Cell: 408.687.1899
email: homeomedicine@yahoo.com
www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

## ਲੰਡਨ 'ਚ ਗ਼ਲਤੀ ਨਾਲ ਸਿੱਖ ਪਿਓ-ਪੁੱਤ ਗ੍ਰਿਫ਼ਤਾਰ, ਬਾਅਦ 'ਚ ਮੰਗੀ ਮੁਆਫ਼ੀ



ਸੁੱਖੀ ਰਿਆਤ ਆਪਣੇ ਪਰਿਵਾਰ ਨਾਲ।

**ਲੰਡਨ/ਬਿਊਰੋ ਨਿਊਜ਼ :** ਦੱਖਣੀ ਇੰਗਲੈਂਡ ਵਿਚ ਪੁਲੀਸ ਨੇ ਗਲਤੀ ਨਾਲ 47 ਸਾਲਾ ਸਿੱਖ ਅਤੇ ਉਸ ਦੇ ਪੁੱਤਰ 'ਤੇ ਬੰਦੂਕਾਂ ਤਾਣੀਆਂ ਅਤੇ ਹੱਥਕੜੀਆਂ ਲਗਾ ਦਿੱਤੀਆਂ। ਕਿਸੇ ਵਿਅਕਤੀ ਨੇ ਗੋਲੀ ਦੀ ਆਵਾਜ਼ ਸੁਣ ਕੇ, ਜੋ ਅਸਲ ਵਿੱਚ ਕਾਰ ਦਾ ਟਾਇਰ ਫਟਿਆ ਸੀ, ਪੁਲੀਸ ਨੂੰ ਸ਼ਿਕਾਇਤ ਕਰ ਦਿੱਤੀ। ਹਰਟਫੋਰਡਸ਼ਾਇਰ ਦੇ ਹਿਟਚਿਨ ਵਿੱਚ ਸੁੱਖੀ ਰਿਆਤ ਨੇ ਆਪਣੇ ਵਿਹੜੇ ਵਿੱਚ ਕਾਰ ਪਾਰਕ ਕੀਤੀ ਸੀ। ਕੁੱਝ ਸਮੇਂ ਬਾਅਦ ਦਰਜਨਾਂ ਹਥਿਆਰਬੰਦ ਪੁਲੀਸ ਮੁਲਾਜ਼ਮ ਕੁੱਤਿਆਂ ਸਮੇਤ ਉਸ ਦੇ ਗਾਰਡਨ ਵਿੱਚ ਆ ਵੜੇ ਉਸ ਨੂੰ ਘੇਰ ਲਿਆ ਅਤੇ ਉਸ ਨੂੰ ਹੱਥਕੜੀ ਲਗਾ ਦਿੱਤੀ। ਆਨਲਾਈਨ ਅਖ਼ਬਾਰ 'ਮੈਟਰੋ' ਨੇ ਸੁੱਖੀ ਦੇ ਹਵਾਲੇ ਨਾਲ ਲਿਖਿਆ, 'ਮੈਂ ਇਕ ਮਿੰਟ ਲਈ ਆਪਣੀ ਕਾਰ ਵਿੱਚ ਬੈਠਾ ਸੀ ਕਿਉਂਕਿ ਮੈਂ ਉਸ ਕੰਪਨੀ ਨੂੰ ਫੋਨ ਕਰ ਰਿਹਾ ਸੀ ਜਿਸ ਤੋਂ ਕਿਸ਼ਤਾਂ 'ਤੇ ਕਾਰ ਲਈ ਸੀ। ਜਿਵੇਂ ਮੈਂ ਬਾਹਰ ਨਿਕਲਿਆ ਤਾਂ ਹਥਿਆਰਾਂ ਨਾਲ ਲੈਸ ਪੁਲੀਸ ਨੇ ਮੈਨੂੰ ਘੇਰ ਲਿਆ। ਪੁਲੀਸ ਨੇ ਮੇਰੇ 17 ਸਾਲਾ ਪੁੱਤਰ ਹਰਕੀਰਤ ਨੂੰ ਧੱਕ ਕੇ ਕੰਧ ਨਾਲ ਲਗਾ ਦਿੱਤਾ ਅਤੇ ਉਸ ਨੂੰ ਵੀ ਹੱਥਕੜੀ ਲਗਾ ਦਿੱਤੀ।' 1979 ਤੋਂ ਇਥੇ ਰਹਿ ਰਹੇ ਸੁੱਖੀ ਦੀ ਧੀ ਮਨਮੀਤ ਕੌਰ (20) ਨੇ ਪੁਲੀਸ ਅਧਿਕਾਰੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਪਰਲੇ ਕਮਰੇ, ਜਿਸ ਵਿਚ ਸਿੱਖ ਧਰਮ ਨਾਲ ਸਬੰਧਤ ਵਸਤਾਂ ਤੇ ਗ੍ਰੰਥ ਸਨ, ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਪੁਲੀਸ ਨੂੰ ਬੂਟ ਉਤਾਰਨ ਲਈ ਕੀਤੀਆਂ ਬੇਨਤੀਆਂ ਨੂੰ ਅਣਗੌਲਿਆ ਕਰ ਦਿੱਤਾ। ਇਹ ਡਰਾਉਣਾ ਸੀ। ਹਰਟਫੋਰਡਸ਼ਾਇਰ ਪੁਲੀਸ ਦੀ ਤਰਜਮਾਨ ਨੇ ਕਿਹਾ ਕਿ ਮਿਲਣ ਵਾਲੀ ਸੂਚਨਾ 'ਤੇ ਕਾਰਵਾਈ ਕਰਨਾ ਪੁਲੀਸ ਦਾ ਫ਼ਰਜ਼ ਹੈ ਅਤੇ ਅਸਲੇ ਬਾਰੇ ਕਿਸੇ ਵੀ ਰਿਪੋਰਟ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ। ਉਸ ਨੇ ਕਿਹਾ, 'ਪੁਲੀਸ ਕਾਰਵਾਈ ਦੌਰਾਨ ਜੇਕਰ ਕੋਈ ਗਲਤੀ ਹੋਈ ਹੈ ਤਾਂ ਅਸੀਂ ਮੁਆਫ਼ੀ ਮੰਗਦੇ ਹਾਂ।'

# ਗਰੀਨਵੁੱਡ ਇੰਡੀਆਨਾ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਅਤੇ ਸਿੱਖ ਸੰਘਰਸ਼ ਨਾਲ ਸਬੰਧਤ ਸ਼ਹੀਦ ਸਿੰਘਾਂ ਦੀ ਯਾਦ ਵਿਚ ਕਾਨਫਰੰਸ

*ਸਿੱਖ ਸਿਧਾਂਤਾਂ ਤੇ ਅਧਾਰਤ ਹਲੇਮੀ ਰਾਜ ਦੇ ਸੰਕਲਪ ਨੂੰ ਦੁਨੀਆਂ ਵਿੱਚ ਪ੍ਰਚਾਰੇ ਜਾਣਾ ਸਮੇਂ ਦੀ ਸਖ਼ਤ ਲੋੜ: ਭਾਈ ਦੇਵਿੰਦਰ ਸਿੰਘ*

**ਸਿੱਖ ਨੌਜਵਾਨ ਪੀੜ੍ਹੀ ਡਾਕਟਰੀ ਤੇ ਇੰਨਜੀਅਰਿੰਗ ਤੋਂ ਇਲਾਵਾ ਸੋਸਾਇੰਸਜ ਵਰਗੇ ਵਿਸ਼ਿਆਂ ਦੀ ਪੜ੍ਹਾਈ ਨੂੰ ਵੀ ਪਹਿਲ ਦੇਵੇ : ਭਾਈ ਪ੍ਰਭਸ਼ਰਨਬੀਰ ਸਿੰਘ**










**ਗਰੀਨਵੁੱਡ (ਇੰਡਿਆਨਾ)/ਮੱਖਣ ਸਿੰਘ ਕਲੇਰ:** ਅਮੈਰਕਿਨ ਸਿੱਖ ਆਰਗੇਨਾਈਜੇਵੱਲੋਂ ਇੰਡਿਆਨਾ ਸਟੇਟ ਦੇ ਗਰੀਨਵੁੱਡ ਸ਼ਹਿਰ ਵਿਚ ਸਥਿਤ ਗੁਰਦੁਆਰਾ ਗੁਰੂ ਹਰਿਗੋਬਿੰਦ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੇ ਸਬੰਧ ਅਤੇ ਮੌਜੂਦਾ ਸਿੱਖ ਸੰਘਰਸ਼ ਦੇ ਅਗਸਤ ਮਹੀਨੇ ਦੇ ਪ੍ਰਮੁੱਖ ਸ਼ਹੀਦ ਸਿੰਘਾਂ ਭਾਈ ਸੁਖਦੇਵ ਸਿੰਘ ਬੱਬਰ, ਭਾਈ ਗੁਰਜੰਟ ਸਿੰਘ ਬੁੱਧ ਸਿੰਘ ਵਾਲਾ, ਭਾਈ ਗੁਰਜੰਟ ਸਿੰਘ ਰਾਜਸਥਾਨੀ, ਭਾਈ ਅਨੋਖ ਸਿੰਘ ਬੱਬਰ, ਭਾਈ ਰਛਪਾਲ ਸਿੰਘ ਛੇਦੜਾ ਦੀ ਯਾਦ ਵਿਚ ਕਾਨਫਰੰਸ ਕਰਵਾਈ ਗਈ।

ਪ੍ਰੋਗਰਾਮ ਦੀ ਸ਼ੁਰੂਆਤ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਅਖੰਡ ਪਾਠ ਦੇ ਭੋਗ ਪਾਏ ਗਏ। ਉਪਰੰਤ ਕੈਲੀਫੋਰਨੀਆ ਸਟੇਟ ਤੋਂ ਵਿਸ਼ੇਸ਼ ਤੌਰ ਤੇ ਪਹੁੰਚੇ ਭਾਈ ਮੋਹਣ ਸਿੰਘ ਦਾਸੂਵਾਲ ਸਪੁੱਤਰ ਭਾਈ ਮਹਿਕ ਸਿੰਘ ਬੱਬਰ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਕਰਕੇ ਹਾਜ਼ਰੀ ਲਗਵਾਈ ਗਈ। ਦਮਦਮੀ ਟਕਸਾਲ ਨਾਲ ਸਬੰਧਤ ਕਥਾਵਾਚਕ ਭਾਈ ਸਾਹਿਬ ਸਿੰਘ ਨੇ 'ਸ਼ਬਦ ਗੁਰੂ ਦੀ ਲੋੜ' ਵਿਸ਼ੇ ਨੂੰ ਅਧਾਰ ਬਣਾ ਕੇ ਕਥਾ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਕੇਨੈਡਾ ਤੋਂ ਵਿਸ਼ੇਸ਼ ਵੀਡੀਓ ਕਾਨਫਰੰਸ ਰਾਹੀਂ ਜੁੜੇ ਸਿੱਖ ਸਕਾਲਰ ਭਾਈ ਪ੍ਰਭਸ਼ਰਨਬੀਰ ਸਿੰਘ ਨੇ ਸਿੱਖ ਪੰਥ ਵਿਚ ਪੱਸਰੀ ਆਪਸੀ ਖਿਚੋਤਾਣ ਦੇ ਕਾਰਨਾਂ, ਤਕਨੀਕੀ ਤੌਰ ਸਿੱਖ ਨੌਜਵਾਨ ਪੀੜ੍ਹੀ ਨੂੰ ਡਾਕਟਰੀ ਇੰਨਜੀਅਰਿੰਗ ਦੇ ਨਾਲ ਨਾਲ ਸੋਸਾਇੰਸਜ਼ ਵਰਗੇ ਵਿਸ਼ਿਆਂ ਵੱਲ ਨੂੰ ਰੁਚਿੱਤ ਹੋਣ ਲਈ ਪ੍ਰੇਰਿਆ। ਕੈਲੀਫੋਰਨੀਆ ਤੋਂ ਵਿਸ਼ੇਸ਼ ਤੌਰ ਤੇ ਆਏ ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਦੇ ਮੁੱਖ ਬੁਲਾਰੇ ਭਾਈ ਦਵਿੰਦਰ ਸਿੰਘ ਬੱਬਰ ਦੁਆਰਾ ਆਪਣੇ ਲੈਕਚਰ ਵਿਚ 'ਸਿੱਖੀ ਵਿਚ ਰਾਜ ਦੇ ਸੰਕਲਪ' ਵਿਸ਼ੇ ਤੇ ਵਿਸਤਾਰ ਪੂਰਬਕ ਚਾਨਣਾ ਪਾਇਆ ਗਿਆ। ਭਾਈ ਦਵਿੰਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਮੌਜੂਦਾ ਸਮੇਂ ਵਿਚ ਦੁਨੀਆਂ ਵਿਚ ਪ੍ਰਚੱਲਤ ਰਾਜ ਪ੍ਰਣਾਲੀਆਂ ਬੁਰੀ ਤਰ੍ਹਾਂ ਫੇਲ ਸਿੱਧ ਹੋ ਰਹੀਆਂ ਹਨ ਸੋ ਅੱਜ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਸਿੱਖ ਸਿਧਾਤਾਂ ਤੇ ਅਧਾਰਤ ਹਲੇਮੀ ਰਾਜ ਦੇ ਸੰਕਲਪ ਨੂੰ ਦੁਨੀਆਂ ਨੂੰ ਦੱਸੇ ਜਾਣ ਦੀ ਸਖ਼ਤ ਲੋੜ ਹੈ। ਉਨ੍ਹਾਂ ਨੇ ਸਿੱਖ ਵਿਦਵਾਨਾਂ ਨੂੰ ਆਪਸੀ ਮਰਿਯਾਦਕ ਉਲਝੇਵੇਂ ਤਿਆਗ ਕੇ ਸਮੂਹਿਕ ਰੂਪ ਵਿਚ ਇਸ ਵਿਸ਼ੇ ਵੱਲ ਆਪਣਾ ਧਿਆਨ ਕੇਂਦਰਤ ਕਰਨ ਦੀ ਅਪੀਲ ਵੀ ਕੀਤੀ। ਭਾਈ ਪਲਵਿੰਦਰ ਸਿੰਘ ਵੱਲੋਂ ਚੜ੍ਹਦੀ ਕਲਾ ਵਾਲੀ ਕਵਿਤਾ ਪੜ੍ਹ ਕੇ ਸੰਗਤਾਂ ਨੂੰ ਮੰਤਰ ਮੁਗਧ ਕਰ ਦਿੱਤਾ ਗਿਆ।

ਇਸ ਕਾਨਫਰੰਸ ਵਿੱਚ ਨਿਊਯਾਰਕ ਤੋਂ ਭਾਈ ਲਾਲ ਸਿੰਘ, ਭਾਈ ਸਤਪ੍ਰਕਾਸ਼ ਸਿੰਘ, ਭਾਈ ਹਰਜੀਤ ਸਿੰਘ ਖਟੜਾ, ਸਿਆਟਲ ਤੋਂ ਭਾਈ ਗੁਰਦੇਵ ਸਿੰਘ ਸੋਹਲ, ਭਾਈ ਸੁਖਦੇਵ ਸਿੰਘ ਨਾਗਰਾ ਕੈਲੀਫੋਰਨੀਆ ਤੋਂ ਭਾਈ ਦਵਿੰਦਰ ਸਿੰਘ, ਭਾਈ ਦੀਦਾਰ ਸਿੰਘ, ਭਾਈ ਮੋਹਣ ਸਿੰਘ ਦਾਸੂਵਾਲ, ਅਰਕਨਸਾਸ ਤੋਂ ਭਾਈ ਸਤਵੰਤ ਸਿੰਘ, ਭਾਈ ਨਵਜੋਤ ਸਿੰਘ, ਸ਼ਿਕਾਗੋ ਤੋਂ ਭਾਈ ਦਲਜੀਤ ਸਿੰਘ, ਭਾਈ ਪਰਮਿੰਦਰ ਸਿੰਘ ਤੋਂ ਇਲਾਵਾ ਪ੍ਰੋ. ਬਲਜਿੰਦਰ ਸਿੰਘ ਅਤੇ ਭਾਈ ਸੰਤੋਖ ਸਿੰਘ ਡੈਲਸ ਨੇ ਸਮਾਗਮ ਵਿਚ ਹਾਜ਼ਰੀ ਲਗਵਾਈ।

ਸਮਾਗਮਾਂ ਦੇ ਅਖੀਰ ਵਿਚ ਪੰਜਾਬ ਤੋਂ ਪਹੁੰਚੇ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਯੂਥ ਲੀਡਰ ਗੁਰਲਾਲ ਸਿੰਘ ਸਿੱਧੂ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਸੰਤ ਜਰਨੈਲ ਸਿੰਘ ਭਿੰਡਰਵਾਲਿਆਂ ਦੇ ਕਹੇ ਬਚਨਾਂ ਤੇ ਪਹਿਰਾ ਦੇਣ ਦੀ ਅਪੀਲ ਕਰਦਿਆਂ ਖਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕੀਤੀ। ਕੁੱਲ ਮਿਲਾਕੇ ਸਾਰਾ ਸਮਾਗਮ ਸੰਗਤਾਂ ਉਤੇ ਡੂੰਘਾ ਪ੍ਰਭਾਵ ਛੱਡਣ ਵਿਚ ਸਫਲ ਰਿਹਾ। ਸਟੇਜ ਸਕੱਤਰ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਬਲੱਗਣ ਅਤੇ ਅਮਰਦੀਪ ਸਿੰਘ ਅਮਰ ਵੱਲੋਂ ਨਿਭਾਈ ਗਈ।


CALIFORNIA IMMIGRATION SERVICES
(Registered & Bonded)

> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office 4127 Bay Street, Suite 5
Tracy Office 95 W. 11th Street, Suite 205
www.caials.com rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri 9am-6pm
Saturday 9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਵਰਤਮਾਨ ਦੇ ਆਰ-ਪਾਰ : ਕਾਵਿ-ਸੰਗ੍ਰਹਿ ਸਮਕਾਲੀ ਪਰਵਾਸੀ ਕਵਿਤਾ ਦਾ ਮੁੱਲਵਾਨ ਤੇ ਪ੍ਰਤੀਨਿੱਧ ਦਸਤਾਵੇਜ਼ : ਡਾ. ਜਸਵਿੰਦਰ ਸਿੰਘ

## ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 'ਚ ਪਰਵਾਸੀ ਲੇਖਕਾਂ ਦੀਆਂ ਕਿਰਤਾਂ ਦਾ ਲੇਖਾ ਜੋਖਾ

### ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਭਾਰਤ ਤੋਂ ਪਹੁੰਚੇ ਪ੍ਰਸਿੱਧ ਲੇਖਕਾਂ ਨੇ ਕੀਤੀ ਸ਼ਮੂਲੀਅਤ

**ਸਟਾਕਟਨ/ਬਿਊਰੋ ਨਿਊਜ਼:**
ਉੱਘੇ ਆਲੋਚਕ ਅਤੇ ਵਿਦਵਾਨ ਡਾ. ਜਸਵਿੰਦਰ ਸਿੰਘ ਨੇ ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: ਵਰਤਮਾਨ ਦੇ ਆਰ-ਪਾਰ ਨੂੰ ਸਮਕਾਲੀ ਪਰਵਾਸੀ ਕਵਿਤਾ ਦਾ ਮੁੱਲਵਾਨ ਅਤੇ ਪ੍ਰਤੀਨਿੱਧ ਦਸਤਾਵੇਜ਼ ਦਸਦਿਆਂ ਇਸ ਪੁਸਤਕ ਵਿਚ ਸ਼ਾਮਲ ਸ਼ਾਇਰਾਂ ਦੀਆਂ ਰਚਨਾਵਾਂ ਵਿਚੋਂ ਮਨ ਟੁੰਬਵੀਆਂ ਮਿਸਾਲਾਂ ਦੇ ਕੇ ਇਸ ਨੂੰ ਨਵੀਂ ਪੰਜਾਬੀ ਬਹੁਪਰਤੀ ਸ਼ਨਾਖਤਾਂ ਦੀ ਸ਼ਾਇਰੀ ਆਖਿਆ। ਉਨ੍ਹਾਂ ਇਹ ਵਿਚਾਰ ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ - ਬੇ-ਏਰੀਆ ਅਤੇ ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਦੇ ਸਹਿਯੋਗ ਨਾਲ ਬੀਤੇ ਐਤਵਾਰ ਸਟਾਕਟਨ ਵਿਖੇ ਕਰਵਾਏ ਗਏ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਮੌਕੇ ਇਸ ਪੁਸਤਕ ਨੂੰ ਲੋਕ ਅਰਪਣ ਕਰਨ ਮੌਕੇ ਪ੍ਰਗਟਾਏ।

ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਦੁਆਰਾ ਸੰਪਾਦਤ ਕਾਵਿ ਸੰਗ੍ਰਹਿ ਬਾਰੇ ਅਪਣਾ ਖੋਜ ਪੱਤਰ ਪਰਵਾਸੀ ਪੰਜਾਬੀ ਕਾਵਿ ਦੇ ਉਭਰਦੇ ਸੁਰ ਪੜ੍ਹਦਿਆਂ ਡਾ. ਜਸਵਿੰਦਰ ਸਿੰਘ, ਜੋ ਖੁਦ ਵੀ ਸ਼ਾਇਰ ਅਤੇ ਨਾਵਲਕਾਰ ਹਨ, ਨੇ ਇਹ ਵੀ ਕਿਹਾ ਕਿ ਇਹ ਸ਼ਾਇਰੀ ਪੰਜਾਬ ਅਤੇ ਪੰਜਾਬੀ ਪ੍ਰਤੀ ਫਿਕਰਮੰਦੀ ਰੱਖਦੀ ਹੋਈ ਵਿਸ਼ਵਆਰਥੀ ਪ੍ਰਸੰਗਾਂ ਨੂੰ ਮੁਖਾਤਬ ਹੋ ਕੇ ਪੰਜਾਬੀਅਤ ਦੇ ਨਵੇਂ ਸਰੋਕਾਰਾਂ, ਸ਼ਨਾਖਤਾਂ ਅਤੇ ਚਾਹਤਾਂ ਨੂੰ ਜੁਦਿੰਦੀ ਹੈ।

ਸਮਾਗਮ ਦੇ ਮੁੱਖ ਮਹਿਮਾਨ ਦਰਸ਼ਨ ਬੁਲੰਦਵੀ ਨੇ ਇਸ ਪੁਸਤਕ ਦੇ ਸੰਪਾਦਨ ਦੀ ਵਿਉਂਤ ਅਤੇ ਉਦੇਸ਼ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਪਰਵਾਸੀ ਪੰਜਾਬੀ ਸ਼ਾਇਰੀ ਦਾ ਮੁਹਾਂਦਰਾ ਕਿਵੇਂ ਬਦਲ ਰਿਹਾ ਹੈ। ਉਸਨੇ ਪੰਜਾਬੀ ਸ਼ਾਇਰੀ ਦੇ ਮਾਣਮੱਤੇ ਸਮਕਾਲੀ ਸਫਰ ਨੂੰ ਤਰਕਪੂਰਣ ਢੰਗ ਨਾਲ ਉਜਾਗਰ ਕੀਤਾ।

ਪਿਛਲੇ ਐਤਵਾਰ ਨੂੰ ਸਟਾਕਟਨ ਵਿਖੇ ਕਰਵਾਏ ਇੱਕ ਰੋਜ਼ਾ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਵਿਚ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ ਅਤੇ ਭਾਰਤ ਤੋਂ ਪਹੁੰਚੇ ਪ੍ਰਸਿੱਧ ਲੇਖਕਾਂ ਨੇ ਸ਼ਮੂਲੀਅਤ ਕੀਤੀ। ਇਹ ਸੰਮੇਲਨ ਪੰਜਾਬੀ ਦੇ ਪ੍ਰਸਿੱਧ ਲੋਕ ਕਵੀ ਗੁਰਦਾਸ ਰਾਮ ਆਲਮ ਅਤੇ ਕਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਨੂੰ ਸਮਰਪਿਤ ਕੀਤਾ ਗਿਆ। ਸਮਾਗਮ ਦਾ ਆਗਾਜ਼ ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਸਭ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਅਤੇ ਵਿਸ਼ੇਸ਼ ਮਹਿਮਾਨਾਂ ਨੂੰ ਨਿੱਘੀ ਜੀ ਆਇਆਂ ਆਖਦਿਆਂ ਕੀਤਾ। ਇਸ ਉਪਰੰਤ ਸੁਖਵਿੰਦਰ ਕੰਬੋਜ਼ ਨੇ ਲਾਲ ਸਿੰਘ ਦਿਲ ਦੇ ਇਨਕਲਾਬੀ ਜੀਵਨ ਅਤੇ ਲੋਕ ਚੇਤਨਾ ਵਿੱਚ ਵਸੀ ਸ਼ਾਇਰੀ ਦਾ ਭਰਭੂਰ ਜ਼ਿਕਰ ਕਰਕੇ ਉਨ੍ਹਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕੀਤੀ। ਪ੍ਰਸਿੱਧ ਗ਼ਜ਼ਲਗੋ ਕੁਲਵਿੰਦਰ ਨੇ ਗੁਰਦਾਸ ਰਾਮ ਆਲਮ ਨਾਲ ਬਿਤਾਏ ਯਾਦਗਾਰੀ ਪਲ ਯਾਦ ਕਰਦਿਆਂ ਉਸਦੀ ਨਿਰਾਲੀ ਦਰਵੇਸ਼ ਸਖਸ਼ੀਅਤ ਅਤੇ ਬੇਬਾਕ ਲੋਕ ਹਿੱਤੀ ਸ਼ਾਇਰੀ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ।



'ਰੂਹ ਤੇ ਉਕਰੇ ਚਿੱਤਰ', ਰਿਲੀਜ਼ ਦ੍ਰਿਸ਼ (ਖਬਿਓਂ ਸੱਜੇ: ਗੁਰਪ੍ਰੀਤ ਕੌਰ, ਗੁਰਮੀਤ ਪਨਾਗ, ਪੀ ਭਾਨੂੰ, ਪ੍ਰੋ. ਧੰਨਵੰਤ ਕੌਰ, ਪ੍ਰੋ. ਹਰਭਜਨ ਸਿੰਘ, ਪ੍ਰੋ. ਜਸਵਿੰਦਰ ਸਿੰਘ, ਸਤਿਨਾਮ ਸਿੰਘ ਸੰਧੂ, ਅਮਰਜੀਤ ਚਾਹਲ, ਦਰਸ਼ਨ ਬੁਲੰਦਵੀ, ਤਾਰਾ ਸਾਗਰ, ਕੁਲਵਿੰਦਰ, ਹਰਜਿੰਦਰ ਪੰਧੇਰ, ਸੁਖਵਿੰਦਰ ਕੰਬੋਜ਼।

ਪ੍ਰੋ. ਹਰਭਜਨ ਸਿੰਘ ਦੀਆਂ ਚੋਣਵੀਆਂ ਕਹਾਣੀਆਂ ਦੇ ਸੰਗ੍ਰਹਿ: ਰੂਹ ਤੇ ਉਕਰੇ ਚਿੱਤਰ ਨੂੰ ਜਸ਼ਨਵੀਂ ਮਹੌਲ ਵਿੱਚ ਲੋਕ ਅਰਪਿਤ ਕੀਤਾ ਗਿਆ। ਡਾ. ਧਨਵੰਤ ਕੌਰ ਨੇ ਆਪਣੇ ਖੋਜ ਪੇਪਰ: ਰੂਹ ਤੇ ਉਕਰੇ ਚਿੱਤਰ: ਸਿਮਰਤੀਆਂ ਅਤੇ ਸਮਕਾਲ ਵਿਚ ਇਸ ਪੁਸਤਕ ਦੇ ਹਵਾਲੇ ਨਾਲ ਪ੍ਰੋ. ਹਰਭਜਨ ਸਿੰਘ ਦੀ ਕਹਾਣੀ ਕਲਾ ਅਤੇ ਕਰਾਂਤੀਕਾਰੀ ਵਿਚਾਰਧਾਰਾ ਬਾਰੇ ਭਾਵ-ਪੂਰਤ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਪ੍ਰੋ. ਹਰਭਜਨ ਸਿੰਘ ਦੇ ਗਲਪ ਬਿਰਤਾਂਤ, ਖਾਸ ਕਰ ਬਹੁ-ਸਭਿਆਚਾਰੀ ਪਾਤਰਾਂ, ਪਾਰ-ਸਭਿਆਚਾਰਕ ਸਾਂਝਾਂ, ਅਤਿ-ਆਧੁਨਿਕ ਤੇ ਨਵੀਨ ਤਕਨੀਕਾਂ ਦੀ ਢੁੱਕਵੀ ਕਲਾਤਮਕ ਵਰਤੋਂ ਨੂੰ ਉਭਾਰਦਿਆਂ, ਉਨ੍ਹਾਂ ਦੀ ਲੋਕ-ਹਿਤੈਸ਼ੀ ਰਚਨਾ ਦ੍ਰਿਸ਼ਟੀ ਨੂੰ ਫੋਕਸ ਵਿੱਚ ਲਿਆਂਦਾ। ਡਾ. ਜਸਵਿੰਦਰ ਸਿੰਘ ਨੇ ਰਿਨਕੋਨਾਡਾ ਹਿਲਜ਼, ਰੂਹ ਤੇ ਉਕਰੇ ਚਿੱਤਰ ਅਤੇ ਬਿੰਨ ਸਿੰਗੇ ਸਾਨ੍ਹ ਕਹਾਣੀਆਂ ਦੀ ਬਿਰਤਾਂਤਕ ਸੰਵੇਦਨਾ, ਸਭਿਆਚਾਰਕ ਸਿਆਸਤ, ਅਮਰੀਕੀ ਸਿਰਜਣਾਤਮਕ ਲੋਕੇਲ ਅਤੇ ਬਹੁ-ਸੁਰਤਾ ਨੂੰ ਉਭਾਰਦਿਆਂ ਕਿਹਾ ਕਿ ਇਹ ਕਹਾਣੀਆਂ ਪਰਵਾਸੀ ਪੰਜਾਬੀ ਕਹਾਣੀ ਦਾ ਹੀ ਨਹੀਂ, ਸਮੁੱਚੀ ਸਮਕਾਲੀ ਪੰਜਾਬੀ ਕਹਾਣੀ ਦਾ ਮਾਨਯੋਗ ਹਾਸਲ ਬਣਦੀਆਂ ਹਨ। ਪ੍ਰੋ. ਹਰਭਜਨ ਸਿੰਘ ਨੇ ਆਪਣੀ ਕਹਾਣੀ ਦੀ ਸਿਰਜਨਾਤਮਕ ਪ੍ਰਕਿਰਿਆ ਅਤੇ ਸਾਹਿਤ ਸਿਰਜਨਾ ਦੇ ਉਦੇਸ਼ ਬਾਰੇ ਸੰਖੇਪ ਪਰ ਪ੍ਰਭਾਵਸ਼ਾਲੀ ਅਤੇ ਅਰਥ-ਭਰਪੂਰ ਚੰਦ ਸ਼ਬਦ ਕਹੇ।

ਦੂਸਰੇ ਸੈਸ਼ਨ ਵਿੱਚ ਕੈਨੇਡਾ ਤੋਂ ਆਏ ਕਹਾਣੀਕਾਰ ਅਮਰਜੀਤ ਚਾਹਲ ਨੇ ਆਪਣੀ ਨਵੀਂ ਕਹਾਣੀ ਮਸਲਾ ਤੇ ਸ਼ਸਤਰ ਪੇਸ਼ ਕੀਤੀ ਜੋ ਕੈਨੇਡਾ ਪਹੁੰਚੇ ਅੱਧ-ਖੱੜ੍ਹ ਉਮਰ ਦੇ ਪੰਜਾਬੀਆਂ ਦੇ ਅਵਲੇ ਸਰੋਕਾਰਾਂ, ਪੁੱਠੀਆਂ ਸਿੱਧੀਆਂ ਰੀਝਾਂ ਅਤੇ ਹਾਸੋਹੀਣੇ ਵਿਹਾਰਾਂ ਆਦਤਾਂ ਨੂੰ ਤਿੱਖੇ ਤਨਜ਼ੀਏ ਲਹਿਜ਼ੇ ਵਿੱਚ ਫੁਮੈਚ ਦੇ ਮੈਟਾਫਰੀ ਹਵਾਲੇ ਨਾਲ ਪੇਸ਼ ਕਰਦੀ ਹੈ। ਦੂਸਰੀ ਕਹਾਣੀ ਕੈਨੇਡਾ ਤੋਂ ਪਹੁੰਚੀ ਕਹਾਣੀਕਾਰਾ ਗੁਰਮੀਤ ਪਨਾਗ ਨੇ ਪਟੈਟੋ ਪੈਨਕੇਕਸ ਸੁਣਾਈ, ਜਿਸ ਰਾਹੀਂ ਉਸਨੇ ਗੋਰੇ ਅਤੇ ਪੰਜਾਬੀ ਪਾਤਰਾਂ ਦੇ ਜੁੜਵੇਂ ਦੁੱਖਾਂ ਅਤੇ ਸਾਂਝਾਂ ਦੀ ਦਿਲਚਸਪ ਬਾਤ ਪਾਈ ਅਤੇ ਪਰਵਾਸ ਦੇ ਆਰ-ਪਾਰ ਫੈਲੇ ਵਲੂੰਦਰੇ ਅਨੁਭਵਾਂ ਅਤੇ ਮਿੱਠੀਆਂ ਕੌੜੀਆਂ ਸਿਮਰਤੀਆਂ ਨੂੰ ਬਖ਼ੂਬੀ ਚਿੱਤਰਿਆ। ਤ੍ਰਿਪਤ ਭੱਟੀ ਨੇ ਦੋ ਮਿੰਨੀ ਕਹਾਣੀਆਂ ਨਰਸ ਅਤੇ ਖੁਸ਼ਬੂਆਂ ਸੁਣਾਈਆਂ। ਹਰਨੇਕ ਸਿੰਘ (ਪ੍ਰਿੰਸੀਪਲ) ਨੇ ਮਿੰਨੀ ਕਹਾਣੀ ਇੱਕੋ ਰੈਂਕ ਪੜ੍ਹ ਕੇ ਸੁਣਾਈ, ਇਸ ਵਿਚ ਪਰਵਾਸੀ ਕੈਪਟਨ, ਪ੍ਰਿੰਸੀਪਲ, ਪ੍ਰੋਫੈਸਰ, ਡਾਕਟਰ ਦੇ ਇੱਕੋ ਰੈਂਕ ਭਾਵ ਬੇਬੀ ਸਿਟਰ ਹੋਣ ਦੀ ਟੇਡੀ ਹਕੀਕਤ ਨੂੰ ਸੂਵਿਅੰਗ ਨਾਲ ਬਿਆਨਿਆ ਗਿਆ। ਉਪਰੰਤ ਡਾ. ਜਸਵਿੰਦਰ ਸਿੰਘ, ਡਾ. ਧਨਵੰਤ ਕੌਰ, ਦਰਸ਼ਨ ਬੁਲੰਦਵੀ, ਅਮਰਜੀਤ ਚਾਹਲ, ਗੁਰਮੀਤ ਪਨਾਗ, ਪਰਮਿੰਦਰ ਸਵੈਚ, ਸੁਖਦੇਵ ਸਾਹਿਲ, ਡਾ. ਗੁਬਿੰਦਰ ਸਿੰਘ ਦਾ ਸਾਹਿਤਕ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ।

ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਨੇ ਨਵ-ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਗਾਈ, ਇਸ ਵਿਚ ਰੂਹ ਤੇ ਉਕਰੇ ਚਿੱਤਰ, ਵਰਤਮਾਨ ਦੇ ਆਰ-ਪਾਰ, ਪਰਵਾਸ ਤੋਂ ਆਵਾਸ ਵੱਲ, ਦਿਸਹੱਦਿਆਂ ਦੇ ਆਰ-ਪਾਰ, ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ ਪੁਸਤਕਾਂ ਦੀ ਵਿਕਰੀ ਹੋਈ।

ਤੀਸਰੇ ਸ਼ੈਸ਼ਨ ਵਿੱਚ ਕਵੀ ਦਰਬਾਰ ਦਾ ਆਗ਼ਾਜ਼ ਕਰਦਿਆਂ ਸੁਰੀਲੇ ਗਾਇਕ ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀ ਗਜ਼ਲ ਨਦੀ ਝੀਲ ਚਸ਼ਮਾ ਨਾ ਦਰਿਆ ਕਿਤੇ ਵੀ ਗਾ ਕੇ ਰੰਗ ਬੰਨ੍ਹ ਦਿੱਤਾ। ਫਿਰ ਤੀਹ ਦੇ ਕਰੀਬ ਸ਼ਾਇਰਾਂ ਨੇ ਤਾਜ਼ਾ ਤਰੀਨ ਰਚਨਾਵਾਂ ਸੁਣਾਈਆਂ। ਇਨ੍ਹਾਂ ਵਿਚ ਦਰਸ਼ਨ ਬੁਲੰਦਵੀ, ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਮੱਖਣ ਲੁਹਾਰ, ਪਰਮਿੰਦਰ ਸਵੈਚ, ਕਮਲ ਦੇਵ ਪਾਲ, ਕੁੰਦਨ ਸਿੰਘ ਲਾਲ, ਡਾ. ਰਵੀ ਸ਼ੇਰਗਿੱਲ, ਹਜੂਸਿੰਘ (ਪ੍ਰਿੰਸੀਪਲ), ਗੁਰਦੇਵ ਸਿੰਘ ਘਣਗਸ਼, ਤਾਰਾ ਸਾਗਰ, ਜਯੋਤੀ ਸਿੰਘ, ਜੋਗਿੰਦਰ ਕੌਰ, ਸੁਖਵੰਤ ਸੁੱਖੀ, ਹਰਪ੍ਰੀਤ ਕੌਰ ਧੂਤ, ਹਰਜੀਤ ਹਠੂਰ ਤੇ ਕਮਲ ਬੰਗਾ ਸ਼ਾਮਲ ਹਨ। ਸਮੁੱਚੇ ਸੰਮੇਲਨ ਦੇ ਮੰਚ ਸੰਚਾਲਨ ਦੀ ਜਿੰਮੇਵਾਰੀ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ ਅਤੇ ਹਰਜੀਤ ਹਠੂਰ ਨੇ ਬਾਖੂਬੀ ਨਿਭਾਈ। ਅੰਤ ਵਿਚ ਪ੍ਰਸਿੱਧ ਗ਼ਜ਼ਲਗੋਸੁਰਿੰਦਰ ਸੀਰਤ ਨੇ ਭਾਵ ਭਿੰਨੇ ਸ਼ਬਦਾਂ ਵਿੱਚ ਆਏ ਮਹਿਮਾਨਾਂ, ਲੇਖਕਾਂ ਅਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ।

# ਗੁਜਰਾਤ ਕਤਲੇਆਮ ਬਾਰੇ ਬਹੁ ਚਰਚਿਤ ਕਿਤਾਬ "ਗੁਜਰਾਤ ਫਾਈਲਾਂ" ਦੀ ਲੇਖਕ ਰਾਣਾ ਆਯੂਬ ਦਾ ਕੈਲਗਰੀ ਵਿਖੇ ਸਨਮਾਨ

**ਕੈਲਗਰੀ/ਬਿਊਰੋ ਨਿਊਜ਼:** 2002 'ਚ ਗੁਜਰਾਤ 'ਚ ਮੁਸਲਮਾਨਾਂ ਦੇ ਹੋਏ ਕਤਲੇਆਮ ਬਾਰੇ ਲਿਖੀ ਗਈ ਕਿਤਾਬ 'ਗੁਜਰਾਤ ਫਾਈਲਜ਼' ਦੀ ਲੇਖਿਕਾ ਅਤੇ ਪੱਤਰਕਾਰ ਰਾਣਾ ਆਯੂਬ ਨੇ ਕੈਲਗਰੀ (ਕੈਨੇਡਾ) 'ਚ ਕਰਵਾਏ ਇੱਕ ਸਮਾਗਮ ਦੌਰਾਨ ਕਿਹਾ ਕਿ ਪੱਤਰਕਾਰੀ ਉਸ ਲਈ ਸਿਰਫ਼ ਕਿੱਤਾ ਨਹੀਂ ਸਗੋਂ ਇੱਕ ਮਿਸ਼ਨ ਹੈ, ਜਿਸ ਨੂੰ ਪੂਰਾ ਕਰਨ ਲਈ ਉਹ ਪੂਰੀ ਵਾਹ ਲਾ ਰਹੀ ਹੈ। ਗੁਜਰਾਤ ਫਾਈਲਜ਼' ਉਨ੍ਹਾਂ ਵੱਲੋਂ ਕੀਤੇ ਸਟਿੰਗ ਅਪਰੇਸ਼ਨਾਂ ਦਾ ਕਿਤਾਬੀ ਰੂਪ ਹੈ, ਜੋ ਨਰਿੰਦਰ ਮੋਦੀ (ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ) ਤੇ ਅਮਿਤ ਸ਼ਾਹ ਸਮੇਤ ਕਈ ਹੋਰ ਉਚ ਅਧਿਕਾਰੀਆਂ ਉਪਰ ਕੀਤੇ ਸਨ। ਕੈਲਗਰੀ ਦੇ ਇੰਡੀਅਨ ਐਕਸ-ਸਰਵਿਸਮੈੱਨ ਇਮੀਗਰੈਂਟ ਐਸੋਸੀਏਸ਼ਨ ਦੇ ਹਾਲ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਮਾਸਿਕ ਰਸਾਲੇ 'ਸਿੱਖ ਵਿਰਸਾ' ਵੱਲੋਂ ਕਰਵਾਏ ਸਮਾਗਮ ਵਿੱਚ ਰਾਣਾ ਆਯੂਬ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਵਿੱਚ ਅਸਲ ਬਦਲਾਅ ਲਈ ਲੋਕਾਂ ਵਿੱਚ ਸਮਾਜਕ ਚੇਤਨਾ ਜ਼ਰੂਰੀ ਹੈ। ਉਨ੍ਹਾਂ ਆਖਿਆ ਕਿ ਕਿਤਾਬ ਗੁਜਰਾਤ ਫਾਈਲਜ਼' ਦੇ ਰੂਪ ਵਿੱਚ ਉਨ੍ਹਾਂ ਨੇ ਆਪਣਾ ਕੰਮ ਕਰ ਦਿੱਤਾ ਪਰ ਹੁਣ ਲੋਕਾਂ ਦੀ ਵਾਰੀ ਹੈ। ਰਾਣਾ ਨੇ ਸਪੱਸ਼ਟ ਕੀਤਾ ਕਿ ਗੁਜਰਾਤ ਕਤਲੇਆਮ ਬਹੁਗਿਣਤੀ ਫਿਰਕੇ ਵੱਲੋਂ ਘੱਟਗਿਣਤੀ ਭਾਈਚਾਰੇ ਨਾਲ ਕੀਤਾ ਧੱਕਾ ਸੀ। ਸਮਾਗਮ ਦੌਰਾਨ ਰਾਣਾ ਆਯੂਬ ਨੇ ਲੋਕਾਂ ਦੇ ਸਵਾਲਾਂ ਤੇ ਜਵਾਬ ਵੀ ਦਿੱਤੇ।

ਇਸ ਤੋਂ ਪਹਿਲਾਂ ਰੈੱਡ ਐਫ.ਐਮ. ਦੇ ਨਿਊਜ਼ ਡਾਇਰਕੈਟਰ ਰਿਸ਼ੀ ਨਾਗਰ ਨੇ ਰਾਣਾ ਆਯੂਬ ਦੇ ਪੱਤਰਕਾਰੀ ਜੀਵਨ ਉਪਰ ਝਾਤ ਪਾਈ। 'ਸਿੱਖ ਵਿਰਸਾ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕੀਤਾ ਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਮਾਨ ਨੇ ਧੰਨਵਾਦੀ ਮਤਾ ਪੜ੍ਹਿਆ। ਇਸ ਮੌਕੇ ਐਲਬਰਟਾ ਦੇ ਮੰਤਰੀ ਇਰਫਾਨ ਸਬੀਰ, ਡਾ. ਮੁਖਬੈਨ ਸਿੰਘ, ਹਰੀਪਾਲ, ਅਰਸ਼ਦ ਬੁਖਾਰੀ ਅਤੇ ਪ੍ਰਸ਼ੋਤਮ ਦੁਸਾਂਝ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਭਜਨ ਗਿੱਲ ਨੇ ਨਿਭਾਈ। ਇਸ ਸਮਾਗਮ 'ਚ ਖੋਜੀ ਪੱਤਰਕਾਰੀ ਕਰਨ ਲਈ ਰਾਣਾ ਆਯੂਬ ਦਾ ਸਨਮਾਨ ਵੀ ਕੀਤਾ ਗਿਆ।



### ਰੌਸ ਸਟਰੀਟ ਸਿੱਖ ਗੁਰਦੁਆਰੇ ਵਿਚ ਰਾਣਾ ਅਯੂਬ ਨੂੰ ਬੋਲਣ ਦੀ ਨਾ ਮਿਲੀ ਆਗਿਆ

**ਵੈਨਕੂਵਰ/ਬਿਊਰੋ ਨਿਊਜ਼ :** ਦਲੇਰ ਲੇਖਿਕਾ ਅਤੇ ਪੱਤਰਕਾਰ ਰਾਣਾ ਅਯੂਬ, ਜਿਸ ਨੇ ਗੁਜਰਾਤ ਵਿਚ ਮੁਸਲਮਾਨਾਂ ਦੀਆਂ ਹੱਤਿਆਵਾਂ ਵਿਚ ਸਿਆਸੀ ਆਗੂਆਂ ਦੀ ਮਿਲੀਭੁਗਤ ਅਤੇ ਸਰਕਾਰੀ ਮਸ਼ੀਨਰੀ ਦੀ ਵਰਤੋਂ ਦਾ ਪਰਦਾਫ਼ਾਸ਼ ਕੀਤਾ ਸੀ, ਨੂੰ ਇਥੋਂ ਦੇ ਰੌਸ ਸਟਰੀਟ ਸਿੱਖ ਗੁਰਦੁਆਰੇ ਵਿਚ ਇਕੱਠ ਨੂੰ ਸੰਬੋਧਨ ਕਰਨ ਤੋਂ ਰੋਕ ਦਿੱਤਾ ਗਿਆ। 'ਰੈਡੀਕਲ ਦੇਸੀ' ਮੈਗਜ਼ੀਨ ਦੇ ਸੱਦੇ 'ਤੇ ਸਰੀ ਪੁੱਜੀ ਰਾਣਾ ਅਯੂਬ ਨੂੰ ਦਲੇਰਾਨਾ ਪੱਤਰਕਾਰੀ ਐਵਾਰਡ ਨਾਲ ਸਨਮਾਨਿਆ ਗਿਆ ਸੀ। ਖ਼ਾਲਸਾ ਦੀਵਾਨ ਸੁਸਾਇਟੀ ਦੇ ਪ੍ਰਬੰਧਾਂ ਹੇਠ ਚਲ ਰਹੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਨੂੰ ਰੈਡੀਕਲ ਦੇਸੀ ਨੇ ਬੇਨਤੀ ਕੀਤੀ ਸੀ ਕਿ ਉਹ ਰਾਣਾ ਅਯੂਬ ਨੂੰ ਇਕੱਠ ਨੂੰ ਸੰਬੋਧਨ ਕਰਨ ਦੇਣ। ਗੁਰਦੁਆਰੇ ਦੇ ਪ੍ਰਧਾਨ ਮਲਕੀਤ ਸਿੰਘ ਧਾਮੀ ਨੂੰ ਦੱਸ ਦਿੱਤਾ ਗਿਆ ਸੀ ਕਿ ਰਾਣਾ ਅਯੂਬ ਇਨਕਲਾਬੀਆਂ ਦੇ ਇਤਿਹਾਸ ਬਾਰੇ ਬੋਲਣਗੇ ਜਿਨ੍ਹਾਂ ਗੁਰਦੁਆਰੇ ਦੇ ਨਿਰਮਾਣ ਵਿਚ ਯੋਗਦਾਨ ਪਾਇਆ ਸੀ। ਲੰਬੀ ਉਡੀਕ ਮਗਰੋਂ ਰੈਡੀਕਲ ਦੇਸੀ ਨੂੰ ਦੱਸਿਆ ਗਿਆ ਕਿ ਅਯੂਬ ਦਾ ਵਿਵਾਦਤ ਪਿਛੋਕੜ ਹੋਣ ਕਰਕੇ ਗੁਰਦੁਆਰੇ ਦੇ ਅਹੁਦੇਦਾਰ ਉਸ ਨੂੰ ਸੰਬੋਧਨ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ। ਰੈਡੀਕਲ ਦੇਸੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਮੰਦਭਾਗੀ ਗੱਲ ਹੈ ਕਿ ਰਾਣਾ ਅਯੂਬ ਨੂੰ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਜਦਕਿ ਉਨ੍ਹਾਂ ਘੱਟ ਗਿਣਤੀਆਂ ਬਾਰੇ ਹੀ ਸੰਬੋਧਨ ਕਰਨਾ ਸੀ। ਉਨ੍ਹਾਂ ਕਿਹਾ ਕਿ ਅਯੂਬ ਨੂੰ ਬੋਲਣ ਦੇਣ ਨਾਲ ਫਿਰਕੂ ਸਰਕਾਰ ਦਾ ਪਰਦਾਫਾਸ਼ ਹੋਣਾ ਸੀ ਜਿਸ ਦੀ ਅਗਵਾਈ ਹੇਠ ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਉਪਰ ਹਮਲੇ ਵੱਧ ਗਏ ਹਨ ਅਤੇ ਗੁਰਦੁਆਰੇ ਵਿਚ ਬੋਲਣ ਦੇਣ ਦੀ ਇਜਾਜ਼ਤ ਦੇ ਕੇ ਪੁਰਖਿਆਂ ਨੂੰ ਅਸਲ ਸ਼ਰਧਾਂਜਲੀ ਹੋਣੀ ਸੀ, ਜਿਨ੍ਹਾਂ ਦੀ ਵਿਰਾਸਤ ਅੱਜ ਵੀ ਮਾਇਨੇ ਰੱਖਦੀ ਹੈ।

### ਬਲਾਤਕਾਰੀ ਰਾਮ ਰਹੀਮ ਉਮਰ ਭਰ ਸਲਾਖਾਂ ਪਿਛੇ ਰਹਿਣ ਦਾ ਹੱਕਦਾਰ : ਦਲ ਖਾਲਸਾ

**ਚੰਡੀਗੜ੍ਹ/ਬਿਊਰੋ ਨਿਊਜ਼:** ਦਲ ਖਾਲਸਾ ਨੇ ਸਿਰਸਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੀ.ਬੀ.ਆਈ ਦੀ ਅਦਾਲਤ ਵਲੋਂ ਦਸ ਸਾਲ ਦੀ ਸਜ਼ਾ ਸੁਣਾਏ ਜਾਣ ਦਾ ਸੁਆਗਤ ਕਰਦਿਆਂ ਕਿਹਾ ਕਿ ਸਜ਼ਾ ਕੁਝ ਘੱਟ ਹੈ ਕਿਉਕਿ ਬਲਾਤਕਾਰੀ ਬਾਬਾ ਉਮਰ ਭਰ ਸਲਾਖਾਂ ਪਿਛੇ ਰਹਿਣ ਦਾ ਹੱਕਦਾਰ ਹੈ। ਜਥੇਬੰਦੀ ਨੇ ਆਸ ਪ੍ਰਗਟਾਈ ਕਿ ਕੋਰਟ ਦਾ ਇਹ ਫੈਸਲਾ ਇਸ ਖਿਤੇ ਵਿੱਚ ਚੱਲ ਰਹੇ ਅਖੌਤੀ ਗੁਰੂਡੰਮ ਦੀ ਪ੍ਰਥਾ ਦੇ ਅੰਤ ਦਾ ਮੁੱਢ ਬੰਨੇਗਾ।

ਦਲ ਖਾਲਸਾ ਦੇ ਆਗੂਆਂ ਹਰਚਰਨਜੀਤ ਸਿੰਘ ਧਾਮੀ, ਕੰਵਰਪਾਲ ਸਿੰਘ, ਜਸਬੀਰ ਸਿੰਘ ਖੰਡੂਰ, ਅਮਰੀਕ ਸਿੰਘ ਈਸੜੂ ਅਤੇ ਹਰਦੀਪ ਸਿੰਘ ਮਹਿਰਾਜ ਨੇ ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਇਸ ਸਾਰੇ ਮਾਮਲੇ ਵਿੱਚ ਜੁਡੀਸ਼ਰੀ ਵਲੋਂ ਦਿਖਾਈ ਭੂਮਿਕਾ ਤੇ ਤੱਸਲੀ ਪ੍ਰਗਟਾਈ ਹੈ। ਸੌਦਾ ਸਾਧ ਨੂੰ ਸਜ਼ਾ ਸੁਣਾਉਣ ਵਾਲੀ ਸੀਬੀਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਦੀ ਹਿੰਮਤ ਦੀ ਸਿਫਤ ਕਰਦਿਆਂ ਕਿਹਾ ਕਿ ਸਰਕਾਰੀ ਦੈਂਤ ਨੂੰ ਕਾਨੂੰਨੀ ਨਕੇਲ ਪਾਉਣੀ ਮੁਸ਼ਕਿਲ ਕਾਰਜ ਸੀ। ਉਹਨਾਂ ਕਿਹਾ ਕਿ ਸਿੱਖਾਂ ਦਾ ਸ਼ੁਰੂ ਤੋਂ ਇਹ ਮੰਨਣਾ ਸੀ ਕਿ ਸਿਰਸੇ ਡੇਰੇ ਦਾ ਮੁੱਖੀ ਕੋਈ "ਧਾਰਮਿਕ ਸ਼ਖਸ" ਨਹੀਂ ਸਗੋਂ ਇੱਕ ਸ਼ੈਤਾਨ ਹੈ ਪਰ ਅਫਸੋਸ ਕਿ ਭਾਰਤੀ ਲੋਕਾਂ ਨੇ ਸਿੱਖਾਂ ਦੀ ਸੁਣੀ ਨਹੀਂ। ਉਹਨਾਂ ਕਿਹਾ ਕਿ ਜੱਜ ਜਗਦੀਪ ਸਿੰਘ ਵਲੋਂ ਦਿਖਾਈ ਗਈ ਨੈਤਿਕਤਾ ਅਤੇ ਦ੍ਰਿੜਤਾ ਦਾ ਪੱਧਰ ਤਖਤਾਂ ਦੇ ਜਥੇਦਾਰਾਂ

ਬਾਕੀ ਸਫ਼ਾ 32 'ਤੇ

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਰਾਮ ਰਹੀਮ ਨੂੰ ਜੇਲ੍ਹ, ਸਰਕਾਰ ਫੇਲ੍ਹ

## ਖੱਟਰ ਸਰਕਾਰ ਨੇ ਗੁੰਡਿਆਂ ਹਵਾਲੇ ਕਰ ਦਿੱਤਾ ਸ਼ਹਿਰ

**ਪੰਚਕੂਲਾ/ਚੰਡੀਗੜ੍ਹ/ਬਿਊਰੋ ਨਿਊਜ਼ :**
ਸਾਧਵੀ ਦੇ ਜਿਨਸੀ ਸ਼ੋਸ਼ਣ ਮਾਮਲੇ 'ਚ 15 ਸਾਲ ਤੋਂ ਲੁਕਣ-ਮਿਚੀ ਖੇਡ ਰਿਹਾ ਸਿਰਸਾ ਸਥਿਤ ਡੇਰਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਆਖਰਕਾਰ ਸਜ਼ਾ ਹੋ ਹੀ ਗਈ। ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ 'ਚ ਸ਼ੁੱਕਰਵਾਰ ਨੂੰ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਅਦਾਲਤ ਦਾ ਫੈਸਲਾ ਆਉਂਦੇ ਹੀ ਪੰਚਕੂਲਾ ਸਮੇਤ ਹਰਿਆਣਾ ਦੇ ਕਈ ਇਲਾਕੇ, ਪੰਜਾਬ, ਦਿੱਲੀ ਅਤੇ ਰਾਜਸਥਾਨ 'ਚ ਸਮਰਥਕ ਹਿੰਸਾ ਅਤੇ ਅੱਗਜਨੀ 'ਤੇ ਉਤਰ ਆਏ। ਪੰਚਕੂਲਾ 'ਚ ਬੇਕਾਬੂ ਭੀੜ ਨੂੰ ਕਾਬੂ ਕਰਨ ਲਈ ਪੁਲੀਸ ਨੂੰ ਗੋਲੀਬਾਰੀ ਕਰਨੀ ਪਈ, ਜਿਸ 'ਚ 38 ਲੋਕਾਂ ਦੀ ਮੌਤ ਹੋ ਗਈ ਅਤੇ 250 ਤੋਂ ਵੱਧ ਜ਼ਖਮੀ ਹੋ ਗਏ। ਇਸ 'ਚ 60 ਪੁਲੀਸ ਮੁਲਾਜ਼ਮ ਸ਼ਾਮਲ ਹਨ।

ਇਸ ਪੂਰੀ ਘਟਨਾ 'ਚ ਹਰਿਆਣਾ ਸਰਕਾਰ ਕਾਨੂੰਨ ਵਿਵਸਥਾ ਬਣਾਈ ਰੱਖਣ 'ਚ ਪੂਰੀ ਤਰ੍ਹਾਂ ਫੇਲ ਰਹੀ। ਡੇਰਾ ਪ੍ਰੇਮੀਆਂ ਨੇ ਸੁਰੱਖਿਆ ਵਿਵਸਥਾ ਨੂੰ ਛਿੱਕੇ ਟੰਗਦਿਆਂ ਪੰਚਕੂਲਾ 'ਚ ਭਾਰੀ ਅੱਗਜਨੀ ਕੀਤੀ ਅਤੇ ਸੈਂਕੜੇ ਗੱਡੀਆਂ ਸਾੜ ਦਿੱਤੀਆਂ। ਸਰਕਾਰ ਦੇ ਖੁਫੀਆ ਤੰਤਰ ਅਤੇ ਸੁਰੱਖਿਆ ਏਜੰਸੀਆਂ ਦੀ ਨਾਕਾਮੀ ਖੁੱਲ੍ਹ ਕੇ ਸਾਹਮਣੇ ਆ ਗਈ। ਬਾਬਾ ਵਿਰੁੱਧ ਆਏ ਫ਼ੈਸਲੇ ਤੋਂ ਭੜਕੇ ਸਮਰਥਕ ਗੁੰਡਾਗਰਦੀ 'ਤੇ ਉਤਰ ਆਏ ਅਤੇ ਪੰਚਕੂਲਾ ਤੋਂ ਦਿੱਲੀ ਤਕ ਹਿੰਸਾ ਦੀ ਅੱਗ ਵੇਖਣ ਨੂੰ ਮਿਲੀ।

ਹਿੰਸਕ ਭੀੜ ਨੇ ਪੰਚਕੂਲਾ 'ਚ ਸਰਕਾਰੀ ਇਮਾਰਤਾਂ ਅਤੇ 100 ਤੋਂ ਵੱਧ ਗੱਡੀਆਂ ਪੁਲੀਸ ਦੇ ਸਾਹਮਣੇ ਹੀ ਅੱਗ ਦੇ ਹਵਾਲੇ ਕਰ ਦਿੱਤੀਆਂ। ਵੇਖਦੇ ਹੀ ਵੇਖਦੇ ਅੱਗ ਦੀਆਂ ਇਹ ਲਪਟਾਂ ਹਰਿਆਣਾ ਦੇ ਹੋਰ ਜ਼ਿਲ੍ਹਿਆਂ ਅਤੇ ਪੰਜਾਬ 'ਚ ਫੈਲ ਗਈਆਂ। ਹਰਿਆਣਾ 'ਚ 2500 ਸਮਰਥਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ।



## ਪੁਲੀਸ ਗੋਲੀਬਾਰੀ 'ਚ ਮਰਨ ਵਾਲਿਆਂ ਦੀ ਗਿਣਤੀ 38 ਹੋਈ, 250 ਜ਼ਖਮੀ

## ਇਕ ਘੰਟੇ 'ਚ ਮੱਚ ਉਠਿਆ ਪੰਚਕੂਲਾ, ਲੋਕਾਂ ਨੇ ਲੁਕ ਕੇ ਬਚਾਈ ਜਾਨ

**ਪੰਚਕੂਲਾ/ਬਿਊਰੋ ਨਿਊਜ਼ :** ਪੰਚਕੂਲਾ 'ਚ ਸ਼ੁੱਕਰਵਾਰ ਨੂੰ ਜਿਵੇਂ ਹੀ ਸੀ.ਬੀ.ਆਈ. ਅਦਾਲਤ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦਿੱਤਾ ਤਾਂ ਫੈਸਲੇ ਦੀ ਸੂਚਨਾ ਡੇਰਾ ਮੁਖੀ ਦੇ ਕੱਟੜ ਸਮਰਥਕਾਂ ਕੋਲ ਪੁੱਜੀ ਤਾਂ ਉਹ ਅਚਾਨਕ ਬੇਕਾਬੂ ਹੋ ਗਏ। ਇਕ ਘੰਟੇ 'ਚ ਹੀ ਪੰਚਕੂਲਾ ਅੱਗ 'ਚ ਸੜਨ ਲੱਗਾ ਅਤੇ ਫਿਰ ਤਿੰਨ ਘੰਟੇ ਤਕ ਸੜਕਾਂ 'ਤੇ ਹਿੰਸਾ ਦਾ ਅਜਿਹਾ ਨਜ਼ਾਰਾ ਵੇਖਣ ਨੂੰ ਮਿਲਿਆ ਕਿ ਹਰ ਕੋਈ ਸਹਿਮ ਉਠਿਆ। ਕੋਈ ਕਾਰ ਛੱਡ ਕੇ ਉਥੋਂ ਭੱਜ ਗਿਆ ਅਤੇ ਕਿਸੇ ਨੇ ਲੁਕ ਕੇ ਜਾਨ ਬਚਾਈ। ਪੰਚਕੂਲਾ 'ਚ ਇਸ ਤੋਂ ਪਹਿਲਾਂ ਕਿਸੇ ਨੇ ਅਜਿਹਾ ਮਾਹੌਲ ਨਹੀਂ ਵੇਖਿਆ ਸੀ। ਦੁਪਹਿਰ 2:50 ਵਜੇ ਜਦੋਂ ਫੈਸਲਾ ਆਇਆ ਤਾਂ ਸਭ ਤੋਂ ਪਹਿਲਾਂ ਸੈਕਟਰ-3 'ਚ ਇਕੱਤਰ ਹਜ਼ਾਰਾਂ ਸਮਰਥਕ ਹਿੰਸਕ ਹੋ ਗਏ। ਉਹ ਨੈਸ਼ਨਲ ਹਾਈਵੇ ਨੂੰ ਪਾਰ ਕਰਕੇ ਸੈਕਟਰ-4 ਅਤੇ 2 'ਚ ਦਾਖਲ ਹੋਏ। ਉਦੋਂ ਹਾਈਵੇ 'ਤੇ ਆ ਰਹੀ ਇਕ ਇੰਡੀਕਾ ਕਾਰ ਨੂੰ ਉਨ੍ਹਾਂ ਨੇ ਘੇਰ ਲਿਆ ਅਤੇ ਉਸ 'ਤੇ ਟੁੱਟ ਪਏ। ਕਿਸੇ ਤਰ੍ਹਾਂ ਡਰਾਈਵਰ ਨੇ ਬਾਹਰ ਨਿਕਲ ਕੇ ਆਪਣੀ ਜਾਨ ਬਚਾਈ। ਵੇਖਦੇ ਹੀ ਵੇਖਦੇ ਡੇਰਾ ਸਮਰਥਕਾਂ ਨੇ ਇੰਡੀਕਾ ਕਾਰ ਨੂੰ ਅੱਗ ਲਗਾ ਦਿੱਤੀ। ਇਸ ਤੋਂ ਪਹਿਲਾਂ ਰੈਪਿਡ ਐਕਸ਼ਨ ਫੋਰਸ ਕੁਝ ਸਮਝਦੀ, ਡੇਰਾ ਸਮਰਥਕਾਂ ਨੇ ਇਲੈਕਟ੍ਰੋਨਿਕ ਮੀਡੀਆ ਦੀ ਖੜ੍ਹੀਆਂ ਓ.ਬੀ. ਵੈਨਾਂ ਤੋੜ ਦਿੱਤੀਆਂ। ਹਾਲਾਤ ਬੇਕਾਬੂ ਹੁੰਦਿਆਂ ਵੇਖ ਰੈਪਿਡ ਐਕਸ਼ਨ ਫੋਰਸ ਨੇ ਹੰਝੂ ਗੈਸ ਦੇ ਗੋਲੇ ਛੱਡੇ। ਉਸ ਤੋਂ ਬਾਅਦ ਦੰਗਿਆਂ ਨੇ ਭਿਆਨਕ ਰੂਪ ਲੈ ਲਿਆ। ਹਾਈਵੇਅ ਨੇੜੇ ਖੜ੍ਹੀ ਫਾਇਰ ਬ੍ਰਿਗੇਡ ਵਿਭਾਗ ਦੀ ਗੱਡੀ ਅਤੇ ਇਕ ਪੁਲੀਸ ਮੁਲਾਜ਼ਮ ਦੀ ਕਾਰ ਨੂੰ ਡੇਰਾ ਸਮਰਥਕਾਂ ਨੇ ਸਾੜ ਦਿੱਤਾ। ਰੈਪਿਡ ਐਕਸ਼ਨ ਫੋਰਸ ਨੇ ਹੰਝੂ ਗੈਸ ਦੇ ਗੋਲਿਆਂ ਦੀ ਲਗਾਤਾਰ ਫਾਈਰਿੰਗ ਸ਼ੁਰੂ ਕਰ ਦਿੱਤੀ। ਧਮਾਕਿਆਂ ਦੀ ਆਵਾਜ਼ ਸੁਣ ਕੇ ਸੈਕਟਰ-4 ਤੇ 5 ਦੀ ਡਿਵਾਈਡਿੰਗ ਸੜਕ 'ਤੇ ਖੜ੍ਹੇ ਡੇਰਾ ਸਮਰਥਕਾਂ ਨੇ ਭੰਨਤੋੜ ਸ਼ੁਰੂ ਕਰ ਦਿੱਤੀ।

**ਡੇਰਾ ਮੁਖੀ ਦੇ ਸਮਰਥਕਾਂ ਨੇ ਤਿੰਨ ਘੰਟੇ ਤਕ ਕੀਤੀ ਭੰਨਤੋੜ, ਲੋਕ ਵਾਹਨ ਛੱਡ ਕੇ ਭੱਜੇ**

### ਗੋਲੀਬਾਰੀ ਤੋਂ ਬਾਅਦ ਮਚੀ ਭਾਜੜ

ਪੱਥਰਬਾਜ਼ੀ ਤੋਂ ਡਰ ਕੇ ਪੁਲੀਸ ਦੇ ਭੱਜਣ ਮਗਰੋਂ ਡੇਰਾ ਸਮਰਥਕ ਸੈਕਟਰ-5 ਸਥਿਤ ਐਲ.ਆਈ.ਸੀ. ਅਤੇ ਹੈਫੇਡ ਦੀ ਇਮਾਰਤ 'ਚ ਦਾਖਲ ਹੋ ਗਏ ਅਤੇ ਉਥੇ ਖੜ੍ਹੇ ਵਾਹਨਾਂ 'ਚ ਅੱਗ ਲਗਾ ਦਿੱਤੀ। ਮੀਡੀਆ ਮੁਲਾਜ਼ਮਾਂ ਨੇ ਵੀ ਕਿਸੇ ਤਰ੍ਹਾਂ ਲੁਕ ਕੇ ਆਪਣੀ ਜਾਨ ਬਚਾਈ। ਇਸ ਤੋਂ ਬਾਅਦ ਮੀਡੀਆ ਕਰਮੀਆਂ ਦੇ ਵਾਹਨਾਂ ਅਤੇ ਇਲੈਕਟ੍ਰੋਨਿਕ ਮੀਡੀਆ ਦੀ ਓਬੀ ਵੈਨਾਂ ਨੂੰ ਸਾੜ ਦਿੱਤਾ। ਡੇਰਾ ਸਮਰਥਕ ਸੈਕਟਰ-5 ਸਥਿਤ ਨਿਕ ਬੇਕਰਸ ਦੇ ਬਾਹਰ ਪੁੱਜੇ ਅਤੇ ਉਥੇ ਵੀ ਖੜ੍ਹੇ ਵਾਹਨਾਂ 'ਚ ਅੱਗ ਲਗਾ ਦਿੱਤੀ। ਇਸ ਵਿਚਕਾਰ ਹਥਿਆਰਬੰਦ ਪੁਲੀਸ ਨੂੰ ਗੋਲੀ ਚਲਾਉਣ ਦੇ ਆਦੇਸ਼ ਦੇ ਦਿੱਤੇ। ਗੋਲੀਬਾਰੀ ਤੋਂ ਬਾਅਦ ਡੇਰਾ ਸਮਰਥਕਾਂ 'ਚ ਭਾਜੜ ਮਚ ਗਈ।

### ਚੌਂਕ ਤੇ ਮੂਰਤੀਆਂ ਤੋੜੀਆਂ, ਹਸਪਤਾਲ 'ਚ ਵੀ ਕੀਤੀ ਭੰਨਤੋੜ

ਕੁਝ ਸਮਰਥਕ ਹਾਈਵੇਅ ਵੱਲ ਪੁੱਜੇ ਤਾਂ ਕੁਝ ਸੈਕਟਰ-10 ਤੇ 11 ਵੱਲ ਭੱਜ ਗਏ। ਕੁਝ ਨੇ ਸੈਕਟਰ-16 ਸਥਿਤ ਐਚ.ਡੀ.ਐਫ.ਸੀ. ਬੈਂਕ ਅਤੇ ਪੱਲਵੀ ਹੋਟਲ 'ਚ ਅੱਗ ਲਗਾ ਦਿੱਤੀ। ਇਸ ਦੌਰਾਨ ਸੈਕਟਰ-5 ਤੋਂ ਲੈ ਕੇ 16 ਤੱਕ ਜਿੰਨੇ ਵੀ ਚੌਂਕ ਮਿਲੇ, ਸਾਰਿਆਂ ਨੂੰ ਤੋੜ ਦਿੱਤਾ ਗਿਆ। ਸੈਕਟਰ-16 'ਚ ਅਗਰਵਾਲ ਟਰੱਸਟ ਦੀ ਮੂਰਤੀ ਨੂੰ ਵੀ ਤੋੜ ਦਿੱਤਾ। ਇਸ ਤੋਂ ਇਲਾਵਾ ਮੱਛੀ ਪਾਲਣ ਵਿਭਾਗ ਅਤੇ ਸਿਹਤ ਵਿਭਾਗ ਦੇ ਦਫ਼ਤਰਾਂ ਦੇ ਵੀ ਸ਼ੀਸ਼ੇ ਭੰਨ ਦਿੱਤੇ ਗਏ। ਇਸ ਤੋਂ ਬਾਅਦ ਕੁੱਝ ਸਮਰਥਕਾਂ ਨੇ ਸ਼ਾਮ ਲਗਭਗ 6 ਵਜੇ ਹਸਪਤਾਲ 'ਚ ਵੀ ਭੰਨਤੋੜ ਕੀਤੀ।

**ਡੀ.ਸੀ. ਨੂੰ ਇਕੱਲਾ ਛੱਡ ਕੇ ਭੱਜੀ ਹਰਿਆਣਾ ਪੁਲੀਸ :**
ਸਮਰਥਕ ਹਿੰਸਾ ਕਰਦੇ ਹੋਏ ਪੰਚਕੂਲਾ ਦੇ ਸੈਕਟਰ-5 ਗੋਲ ਚੱਕਰ ਤੋਂ ਸੈਕਟਰ-2 ਵੱਲ ਜਾਣ ਲੱਗੇ ਤਾਂ ਹਰਿਆਣਾ ਪੁਲੀਸ ਮੋਰਚਾ ਛੱਡ ਕੇ ਭੱਜ ਗਈ। ਪੰਚਕੂਲਾ ਦੀ ਡੀ.ਸੀ. ਗੌਰੀ ਪਰਾਸ਼ਰ ਜੋਸ਼ੀ ਨੇ ਖੁਦ ਅਰਧ-ਸੈਨਿਕ ਜਵਾਨਾਂ ਨਾਲ ਮੋਰਚਾ ਸੰਭਾਲਿਆ। ਅਰਧ-ਸੈਨਿਕ ਫ਼ੌਜ ਦੇ ਅੱਗੇ ਵਧਣ ਮਗਰੋਂ ਪੁਲੀਸ ਬਾਅਦ 'ਚ ਆਈ।

**ਡੀ.ਜੀ.ਪੀ. ਹਾਲੇ ਵੀ ਬਰਕਰਾਰ...**
ਡੀ.ਜੀ.ਪੀ. ਸੰਧੂ ਨੇ ਰਾਤ ਨੂੰ ਮੀਡੀਆ ਨੂੰ ਕਿਹਾ- ਰਾਤ ਨੂੰ ਹੀ ਸਮਰਥਕਾਂ ਨੂੰ ਪੰਚਕੂਲਾ ਤੋਂ ਬਾਹਰ ਕੱਢ ਦੇਣਗੇ। ਇਹ ਸਿਰਫ਼ ਬਿਆਨਬਾਜ਼ੀ ਹੀ ਸੀ। ਸੰਧੂ ਕੁਝ ਕਰ ਹੀ ਨਹੀਂ ਸਕੇ।



ਏ.ਡੀ.ਜੀ. ਲਾ ਐਂਡ ਆਰਡਰ ਮੁਹੰਮਦ ਅਕੀਲ ਸ਼ੁੱਕਰਵਾਰ ਨੂੰ ਪੂਰਾ ਦਿਨ ਕਾਰ ਵਿਚ ਹੀ ਘੁੰਮਦੇ ਰਹੇ। ਬਾਹਰ ਹੀ ਨਹੀਂ ਨਿਕਲੇ। ਹੈਫੇਡ ਚੌਂਕ ਵਿਚ ਜੋ ਹੋਇਆ, ਉਸ ਦੇ ਜ਼ਿੰਮੇਵਾਰ ਆਈ.ਪੀ.ਐਸ. ਹਾਮਿਦ ਅਖ਼ਤਰ ਹੀ ਹਨ। ਇਨ੍ਹਾਂ ਨੇ ਬਾਬੇ ਦੇ ਗੁੰਡਿਆਂ ਨੂੰ ਹੁੜਦੰਗ ਮਚਾਉਣ ਦਾ ਪੂਰਾ ਮੌਕਾ ਦਿੱਤਾ। ਗੁੰਡਿਆਂ ਨੇ ਮੀਡੀਆ ਦੀ ਓ.ਬੀ. ਵੈਨਾਂ ਸਾੜ ਦਿੱਤੀਆਂ। ਅਖ਼ਤਰ ਚੁੱਪ ਰਹੇ, ਕੋਈ ਐਕਸ਼ਨ ਨਹੀਂ ਲਿਆ ਗਿਆ ਗੁੰਡਿਆਂ ਨੇ ਮੀਡੀਆ ਵਾਲੇ ਨੂੰ ਘੇਰ ਕੇ ਕੁੱਟਿਆ। ਅਖ਼ਤਰ ਨੇ ਸੀ.ਆਰ.ਪੀ.ਐਫ. ਨੂੰ ਕਿਹਾ, 'ਜਦੋਂ ਤੱਕ ਅਸੀਂ ਕੁਝ ਨਹੀਂ ਕਹਿੰਦੇ, ਕੁਝ ਨਹੀਂ ਕਰਨਾ। ਫਿਰ ਕਰਾਂ ਨੂੰ ਅੱਗ ਲਾਉਣ ਲੱਗੇ, ਤਾਂ ਵੀ ਅਖ਼ਤਰ ਤਮਾਸ਼ਾ ਦੇਖਦੇ ਰਹੇ ਤੇ ਫੋਰਸ ਵੀ। ਇਸ ਤੋਂ ਬਾਅਦ ਜੋਂ ਦੰਗਈਆਂ ਨੇ ਪੱਥਰਾਂ ਨਾਲ ਪੁਲੀਸ ਨੂੰ ਨਿਸ਼ਾਨਾ ਬਣਾਇਆ ਤਾਂ ਜਾ ਕੇ ਅਖ਼ਤਰ ਐਕਸ਼ਨ ਵਿਚ ਆਏ।



### ਬਾਬੇ ਅੱਗੇ ਕਿਉਂ ਝੁਕੀ ਸਰਕਾਰ ?:



ਡੇਰਾ ਮੁਖੀ ਦੀ ਪੇਸ਼ੀ ਮਾਮਲੇ ਨੂੰ ਸਰਕਾਰ ਨੇ ਹਲਕੇ 'ਚ ਕਿਉਂ ਲਿਆ ? ਇਹ ਸਵਾਲ ਸਰਕਾਰ ਦੇ ਸਾਹਮਣੇ ਖੜ੍ਹਾ ਹੈ, ਪਰ ਜੇ ਸਿਆਸੀ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਹਰਿਆਣਾ ਸਰਕਾਰ ਡੇਰਾ ਸੱਚਾ ਸੌਦਾ ਦੇ ਪ੍ਰਭਾਵ ਤੋਂ ਅਣਜਾਣ ਨਹੀਂ ਹੈ। ਇਸੇ ਪ੍ਰਭਾਵ ਕਾਰਨ ਅਕਤੂਬਰ 2014 ਦੀ ਵਿਧਾਨ ਸਭਾ ਚੋਣ 'ਚ ਡੇਰਾ ਮੁਖੀ ਨੇ ਖੁੱਲ੍ਹ ਕੇ ਹਰਿਆਣਾ 'ਚ ਭਾਜਪਾ ਨੂੰ ਸਮਰਥਨ ਕਰਦਿਆਂ ਆਪਣੇ ਚੇਲਿਆਂ ਨੂੰ ਅਪੀਲ ਕੀਤੀ ਸੀ ਕਿ ਉਹ ਭਾਜਪਾ ਉਮੀਦਵਾਰਾਂ ਨੂੰ ਵੋਟ ਦੇਣ। ਜ਼ਿਕਰਯੋਗ ਹੇ ਕਿ ਹਰਿਆਣਾ 'ਚ ਲਗਭਗ 19 ਵਿਧਾਨ ਸਭਾ ਸੀਟਾਂ ਅਜਿਹੀਆਂ ਹਨ, ਜਿੱਥੇ ਡੇਰੇ ਦਾ ਸਿੱਧਾ ਪ੍ਰਭਾਵ ਰਹਿੰਦਾ ਹੈ ਪਰ ਇਨ੍ਹਾਂ ਚੋਣਾਂ 'ਚ ਡੇਰਾ ਭਾਜਪਾ ਨਾਲ ਸੀ, ਇਸ ਲਈ ਭਾਜਪਾ ਨੂੰ ਹਰਿਆਣਾ 'ਚ ਪਹਿਲੀ ਵਾਰ 47 ਸੀਟਾਂ ਨਾਲ ਸਪਸ਼ਟ ਬਹੁਮਤ ਮਿਲਿਆ। ਇਸੇ ਮਾਮਲੇ 'ਚ ਜਦੋਂ ਹਰਿਆਣਾ ਸਰਕਾਰ ਦੇ ਸਿੱਖਿਆ ਮੰਤਰੀ ਰਾਮਬਿਲਾਸ ਸ਼ਰਮਾ ਤੋਂ ਸਰਕਾਰ ਦੀ ਲਾਪਰਵਾਹੀ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਧਾਰਾ-144 ਡੇਰਾ ਪ੍ਰੇਮੀਆਂ ਦੀ ਸ਼ਰਧਾ 'ਤੇ ਲਾਗੂ ਨਹੀਂ ਹੁੰਦੀ। ਦੂਜੇ ਪਾਸੇ ਕੁਝ ਮਹੀਨੇ ਪਹਿਲਾਂ ਹਰਿਆਣਾ ਦੇ ਖੇਡ ਮੰਤਰੀ ਅਨਿਲ ਵਿਜ ਵੀ ਡੇਰੇ 'ਚ 'ਰੁਮਾਲ ਛੂ' ਖੇਡ ਮੁਕਾਬਲੇ 'ਚ ਗਏ ਸਨ ਅਤੇ ਉਥੇ 50 ਲੱਖ ਰੁਪਏ ਦਾ ਦਾਨ ਦੇ ਕੇ ਆਏ ਸਨ। ਇਸੇ ਤਰ੍ਹਾਂ ਹੋਰ ਨੇਤਾਵਾਂ ਦਾ ਝੁਕਾਅ ਵੀ ਡੇਰੇ ਵੱਲ ਰਿਹਾ ਹੈ।



**ਇਹ ਸੀ ਵੱਡੀ ਲਾਪਰਵਾਹੀ, ਜਿਸ ਕਾਰਨ ਮਚੀ ਹਿੰਸਾ :** ਹਰਿਆਣਾ ਸਰਕਾਰ ਦੀ ਵੱਡੀ ਲਾਪਰਵਾਹੀ ਤਾਂ ਸ਼ੁਰੂਆਤੀ ਸੁਰੱਖਿਆ ਪ੍ਰਬੰਧਾਂ ਤੋਂ ਹੀ ਪਤਾ ਲੱਗ ਗਈ ਸੀ, ਜਿਸ ਤੋਂ ਬਾਅਦ ਹਿੰਸਾ ਦੀ ਜ਼ਬਰਦਸਤ ਤਸਵੀਰ ਵੇਖਣ ਨੂੰ ਮਿਲੀ। ਦਰਅਸਲ ਹਰਿਆਣਾ ਸਰਕਾਰ ਨੇ ਪੂਰੇ ਪ੍ਰਦੇਸ਼ 'ਚ ਸੁਰੱਖਿਆ ਪ੍ਰਬੰਧਾਂ ਕਾਰਨ ਧਾਰਾ-144 ਲਾਈ ਹੋਈ ਸੀ। ਪਰ ਧਾਰਾ-144 ਨੂੰ ਦਰਕਿਨਾਰ ਕਰਦਿਆਂ ਵੱਡੀ ਗਿਣਤੀ 'ਚ ਡੇਰਾ ਸਮਰਥਕ ਪੰਚਕੂਲਾ ਵਿੱਚ ਇਕੱਤਰ ਹੋ ਗਏ। ਜਦੋਂ ਹਾਈਕੋਰਟ ਨੇ ਹਰਿਆਣਾ ਸਰਕਾਰ ਅਤੇ ਪੁਲੀਸ ਦੀ ਖਿਚਾਈ ਕੀਤੀ ਤਾਂ ਇਸ ਲਾਪਰਵਾਹੀ ਦਾ ਖੁਲਾਸਾ ਹੋਇਆ। ਡੀ.ਜੀ.ਪੀ. ਬੀ.ਐਸ. ਸੰਧੂ ਨੇ ਸਪਸ਼ਟ ਕੀਤਾ ਕਿ ਧਾਰਾ-144 ਤਾਂ ਸਿਰਫ ਲੋਕਾਂ ਨੂੰ ਆਪਣੇ ਨਾਲ ਹਥਿਆਰ ਨਾ ਲਿਆਉਣ ਲਈ ਗਈ ਗਈ ਸੀ, ਉਨ੍ਹਾਂ ਦੇ ਇਕੱਤਰ ਹੋਣ 'ਤੇ ਨਹੀਂ।

**ਹਾਈਕੋਰਟ ਦੇ ਆਦੇਸ਼ਾਂ 'ਤੇ ਵੀ ਖਾਨਾਪੂਰਤੀ :** ਹਾਈਕੋਰਟ ਨੇ ਵਿਗੜਦੇ ਹਾਲਾਤਾਂ 'ਤੇ ਹਰਿਆਣਾ ਸਰਕਾਰ ਨੂੰ ਆਦੇਸ਼ ਦਿੱਤਾ ਸੀ ਕਿ ਸ਼ੁੱਕਰਵਾਰ ਨੂੰ ਫੈਸਲੇ ਤੋਂ ਪਹਿਲਾਂ ਪੰਚਕੂਲਾ ਇਲਾਕੇ ਨੂੰ ਡੇਰਾ ਸਮਰਥਕਾਂ ਤੋਂ ਖਾਲੀ ਕਰਵਾ ਲਿਅ ਜਾਵੇ, ਪਰ ਇਨ੍ਹਾਂ ਆਦੇਸ਼ਾਂ 'ਤੇ ਵੀ ਹਰਿਆਣਾ ਸਰਕਾਰ ਨੇ ਸਿਰਫ ਖਾਨਾਪੂਰਤੀ ਕੀਤੀ। ਵੀਰਵਾਰ ਰਾਤ 10:30 ਵਜੇ ਤੋਂ ਪੰਚਕੂਲਾ ਪੁਲੀਸ ਨੇ ਡੇਰਾ ਸਮਰਥਕਾਂ ਨੂੰ ਮਾਈਕ ਤੋਂ ਅਪੀਲ ਕਰਨੀ ਸ਼ੁਰੂ ਕਰ ਦਿੱਤੀ ਸੀ ਕਿ ਉਹ ਸ਼ਹਿਰ ਛੱਡ ਕੇ ਚਲੇ ਜਾਣ, ਪਰ ਡੇਰਾ ਸਮਰਥਕਾਂ ਨੇ ਪੁਲੀਸ ਦੀ ਇਕ ਵੀ ਗੱਲ ਨਾ ਮੰਨੀ, ਜਿਸ ਤੋਂ ਬਾਅਦ ਪੁਲੀਸ ਨੇ ਅੱਗੇ ਕੋਈ ਕਾਰਵਾਈ ਕਰਨ ਦੀ ਬਜਾਏ ਸਮਰਥਾਂ ਅੱਗੇ ਗੋਡੇ ਟੇਕ ਲਏ। ਨਤੀਤਾ ਡੇਰਾ ਸਮਰਥਕ ਫੈਸਲੇ ਦੌਰਾਨ ਵੀ ਪੰਚਕੂਲਾ 'ਚ ਮੌਜੂਦ ਰਹੇ ਅਤੇ ਡੇਰਾਮੁਖੀ ਨੂੰ ਦੋਸ਼ੀ ਕਰਾਰ ਦਿੰਦੇ ਹੀ ਉਨ੍ਹਾਂ ਨੇ ਸ਼ਹਿਰ 'ਚ ਕਹਿਰ ਮਚਾ ਦਿੱਤਾ।

**ਇਕੱਤਰ ਕੀਤੇ ਸਨ ਹਥਿਆਰ, ਬੇਖਬਰ ਸੀ ਸਰਕਾਰ :** ਤਿੰਨ ਦਿਨ ਪਹਿਲਾਂ ਪੰਜਾਬ ਪੁਲੀਸ ਨੇ ਕੇਂਦਰ ਨੂੰ ਭੇਜੀ ਚਿੱਠੀ 'ਚ ਇਹ ਗੱਲ ਸਪਸ਼ਟ ਕਰ ਦਿੱਤੀ ਸੀ ਕਿ ਪੰਜਾਬ ਦੇ ਨਾਮ ਚਰਚਾ ਘਰਾਂ 'ਚ ਡੇਰਾ ਸਮਰਥਕ ਹਥਿਆਰ ਤੇ ਪੈਟ੍ਰੋਲ-ਡੀਜ਼ਲ ਬੰਬ ਇਕੱਤਰ ਕਰ ਰਹੇ ਹਨ। ਇਸ ਲਈ ਉਨ੍ਹਾਂ ਨੂੰ ਅਰਧ-ਸੈਨਿਕ ਬਲਾਂ ਦੀਆਂ ਵੱਧ ਕੰਪਨੀਆਂ ਚਾਹੀਦੀਆਂ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਸਰਕਾਰ ਹਰਿਆਣਾ 'ਚ ਇਸ ਗੱਲ ਤੋਂ ਬੇਖਬਰ ਸੀ। ਇਸ ਬਾਰੇ ਪੁੱਛਣ 'ਤੇ ਵੀਰਵਾਰ ਨੂੰ ਹਰਿਆਣਾ ਦੇ ਗ੍ਰਹਿ ਸਕੱਤਰ ਰਾਮ ਨਿਵਾਸ ਨੇ ਕਿਹਾ ਸੀ ਕਿ ਹਾਲੇ ਨਾਮ ਚਰਚਾ ਘਰਾਂ 'ਚ ਹਥਿਆਰ ਇਕੱਤਰ ਕਰਨ ਦਾ ਕੋਈ ਇਨਪੁਟ ਨਹੀਂ ਹੈ, ਪਰ ਫੈਸਲਾ ਆਉਣ ਦੇ ਤੁਰੰਤ ਬਾਅਦ ਹੀ ਸਮਰਥਕ ਹਥਿਆਰ ਲਹਿਰਾਉਂਦੇ ਹਨ, ਡੰਡੇ ਲਹਿਰਾਉਂਦੇ ਹਨ ਅਤੇ ਜਮ ਕੇ ਅੱਗਜਨੀ ਕਰਦੇ ਹਨ। ਇਹ ਹਥਿਆਰ ਅਤੇ ਅੱਗਜਨੀ ਦਾ ਸਾਮਾਨ ਉਨ੍ਹਾਂ ਕੋਲ ਕਿਥੋਂ ਆਇਆ? ਇਸ ਦਾ ਜਵਾਬ ਸਰਕਾਰ ਕੋਲ ਨਹੀਂ ਹੈ।

# ਹਰਿਆਣੇ ਦੇ ਨਖਿੱਧ ਤੇ ਢੀਠ ਮੁੱਖ ਮੰਤਰੀ ਖੱਟਰ ਦੀ ਤੀਜੀ ਵਾਰ ਨਾਕਾਮੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਪਹਿਲੀ ਵਾਰ ਵਿਧਾਇਕ ਬਣੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੀ ਅਗਵਾਈ ਵਾਲੀ ਹਰਿਆਣਾ ਦੀ ਭਾਜਪਾ ਸਰਕਾਰ ਤਿੰਨ ਸਾਲਾਂ ਵਿਚ ਤੀਜੀ ਵਾਰ ਸਮੇਂ ਦੀ ਨਬਜ਼ ਪਛਾਣਨ ਵਿੱਚ ਨਾਕਾਮ ਰਹੀ ਹੈ। ਹਰਿਆਣਾ ਸਰਕਾਰ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਪੰਚਕੂਲਾ ਦੀ ਵਿਸ਼ੇਸ਼ ਸੀਬੀਆਈ ਅਦਾਲਤ ਵਿੱਚ ਪੇਸ਼ੀ ਮੌਕੇ ਹਾਲਾਤ ਦੀ ਨਾਜ਼ੁਕਤਾ ਨੂੰ ਸਮਝਣ ਵਿੱਚ ਮੁੜ ਚਕਮਾ ਖਾਂਦਿਆਂ ਚਾਰੇ ਖਾਨੇ ਚਿੱਤ ਹੋ ਗਈ। ਸੀਬੀਆਈ ਅਦਾਲਤ ਨੇ ਡੇਰਾ ਮੁਖੀ ਨੂੰ 15 ਸਾਲ ਪੁਰਾਣੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਹੈ।

ਮੌਜੂਦਾ ਘਟਨਾਕ੍ਰਮ ਤੋਂ ਲਗਦਾ ਹੈ ਕਿ ਖੱਟਰ ਸਰਕਾਰ ਨੇ ਅਮਨ ਤੇ ਕਾਨੂੰਨ ਦੀ ਬਹਾਲੀ ਨੂੰ ਲੈ ਕੇ ਆਪਣੀਆਂ ਪਿਛਲੀਆਂ ਨਾਕਾਮੀਆਂ ਰਾਮਪਾਲ (2014) ਤੇ ਜਾਟ ਅੰਦੋਲਨ (2016) ਤੋਂ ਕੋਈ ਸਬਕ ਨਹੀਂ ਸਿੱਖਿਆ। ਰਾਮਪਾਲ ਦੇ ਹਮਾਇਤੀਆਂ ਨਾਲ ਹੋਏ ਟਕਰਾਅ ਦੌਰਾਨ ਛੇ ਜਦਕਿ ਜਾਟ ਅੰਦੋਲਨ ਦੇ ਹਿੰਸਕ ਹੋਣ ਕਰਕੇ 30 ਜਾਨਾਂ ਜਾਂਦੀਆਂ ਰਹੀਆਂ ਸਨ। ਸ੍ਰੀ ਖੱਟਰ ਜਿਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਹੈ, ਮੋਹਰੇ ਹੋ ਕੇ ਅਗਵਾਈ ਦੇਣ 'ਚ ਅਸਫ਼ਲ ਰਹੇ। ਡੇਰਾ ਸਿਰਸਾ ਮੁਖੀ ਦੀ ਪੇਸ਼ੀ ਮੌਕੇ 'ਸੰਕਟਮਈ ਹਾਲਾਤ' ਨਾਲ ਨਜਿੱਠਣ ਲਈ ਉਹ ਪ੍ਰਸ਼ਾਸਨਿਕ ਤੇ ਪੁਲੀਸ ਅਧਿਕਾਰੀਆਂ 'ਤੇ ਹੀ ਮੁਨੱਸਰ ਰਹੇ, ਪਰ ਪੰਚਕੂਲਾ ਵਿੱਚ ਹਾਲਾਤ ਬੱਦ ਤੋਂ ਬਦਤਰ ਹੋ ਗਏ। ਧਾਰਾ 144 ਆਇਦ ਹੋਣ ਦੇ ਬਾਵਜੂਦ ਇਕ ਲੱਖ ਤੋਂ ਵੱਧ ਡੇਰਾ ਸਮਰਥਕਾਂ ਦੇ ਪੰਚਕੂਲਾ ਵਿੱਚ ਇਕੱਠੇ ਹੋਣ ਤੋਂ ਸਾਫ਼ ਸੀ ਕਿ ਇਸ ਦਾ ਅੰਤ ਹਿੰਸਾ ਦੇ ਰੂਪ ਵਿਚ ਹੋਵੇਗਾ। ਅਸਲ ਵਿੱਚ ਰਾਜ ਤੇ ਕੇਂਦਰੀ ਖੁਫੀਆ ਏਜੰਸੀਆਂ ਹਾਲਾਤ ਦੀ ਸੰਜੀਦਗੀ ਦਾ ਅਨੁਮਾਨ ਲਾਉਣ ਵਿੱਚ ਖੁੰਝ ਗਈਆਂ ਤੇ ਨਾ ਹੀ ਉਨ੍ਹਾਂ ਰਾਜ ਸਰਕਾਰ ਦੀ ਲੀਡਰਸ਼ਿਪ ਨੂੰ ਜ਼ਮੀਨੀ ਹਕੀਕਤਾਂ ਤੋਂ ਜਾਣੂ ਕਰਵਾਇਆ। ਇਸ ਦਾ ਨਤੀਜਾ ਇਹ ਹੋਇਆ ਕਿ ਡੇਰਾ ਮੁਖੀ ਖ਼ਿਲਾਫ਼ ਫ਼ੈਸਲੇ ਮਗਰੋਂ ਸਥਿਤੀ ਹੱਥੋਂ ਬਾਹਰੀ ਹੋ ਗਈ। ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਵੱਲੋਂ ਸਾਂਝਾ ਕੰਟਰੋਲ ਰੂਮ ਬਣਾਉਣ ਦੇ ਬਾਵਜੂਦ ਸੁਰੱਖਿਆ ਏਜੰਸੀਆਂ ਵਿਚਾਲੇ ਤਾਲਮੇਲ ਦੀ ਘਾਟ ਦੇ ਚਲਦਿਆਂ ਡੇਰਾ ਸਮਰਥਕਾਂ ਦਾ ਵੱਡਾ ਹਜੂਮ ਡੇਰਾ ਮੁਖੀ ਖ਼ਿਲਾਫ਼ ਫੈਸਲੇ ਤੋਂ ਬਾਅਦ ਹਿੰਸਕ ਹੋ ਗਿਆ। ਮੁੱਖ ਮੰਤਰੀ ਤੇ ਉਨ੍ਹਾਂ ਦੀ ਕੈਬਨਿਟ ਵਿਚਲੇ ਕੁਝ ਮੰਤਰੀ ਚੰਡੀਗੜ੍ਹ ਵਿੱਚ ਮੌਜੂਦ ਹੋਣ ਦੇ ਬਾਵਜੂਦ ਪੰਚਕੂਲਾ ਜਾ ਕੇ ਪੁਲੀਸ ਬਲਾਂ ਦਾ ਹੌਸਲਾ ਵਧਾਉਣਾ ਵਿੱਚ ਵੀ ਫਾਡੀ ਰਹੇ। ਇਸ ਦੌਰਾਨ ਹਰਿਆਣਾ ਵਿਧਾਨ ਸਭਾ ਵਿੱਚ ਕਾਂਗਰਸ ਦੀ ਆਗੂ ਕਿਰਨ ਚੌਧਰੀ ਨੇ ਕਿਹਾ ਕਿ ਖੱਟਰ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਤੋਂ ਭੱਜਦਿਆਂ ਲੋਕਾਂ ਨੂੰ ਗੁੰਡਿਆਂ ਦੇ ਰਹਿਮੋ ਕਰਮ 'ਤੇ ਛੱਡ ਦਿੱਤਾ ਹੈ। ਉਧਰ ਵਿਰੋਧੀ ਧਿਰ ਦੇ ਆਗੂ ਅਭੈ ਚੌਟਾਲਾ ਨੇ ਕਿਹਾ ਹਰਿਆਣਾ ਸੜਦਾ ਰਿਹਾ ਤੇ ਸਰਕਾਰ ਮੂਕ ਦਰਸ਼ਕ ਬਣੀ ਰਹੀ।





## ਜਾਟ ਅੰਦੋਲਨ ਤੋਂ ਵੀ ਨਹੀਂ ਲਿਆ ਕੋਈ ਸਬਕ

**ਚੰਡੀਗੜ੍ਹ :** ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦੇਣ ਤੋਂ ਬਾਅਦ ਭੜਕੀ ਹਿੰਸਾ ਨੇ ਹਰਿਆਣਾ ਸਰਕਾਰ ਦੀ ਕਾਰਜਪ੍ਰਣਾਲੀ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਹਿਲਾਂ ਰਾਮਪਾਲ ਮਾਮਲਾ, ਫਿਰ ਜਾਟ ਅੰਦੋਲਨ ਅਤੇ ਹੁਣ ਡੇਰਾ ਮੁਖੀ ਦੀ ਪੇਸ਼ੀ 'ਚ ਵੀ ਹਰਿਆਣਾਂ ਸਰਕਾਰ ਪੂਰੀ ਤਰ੍ਹਾਂ ਫੇਲ ਸਾਬਤ ਹੋਈ ਹੈ। ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਦੇ ਬਾਵਜੂਦ ਹਰਿਆਣਾ ਸਰਕਾਰ ਨੇ ਮਾਹੌਲ 'ਤੇ ਪੂਰੀ ਗੰਭੀਰਤਾ ਨਹੀਂ ਵਿਖਾਈ। ਨਤੀਜੇ ਵਜੋਂ ਸ਼ੁੱਕਰਵਾਰ ਨੂੰ ਜਿਵੇਂ ਹੀ ਡੇਰਾ ਮੁਖੀ ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ, ਉਦੋਂ ਹੀ ਡੇਰਾ ਸਮਰਥਕ ਦੰਗਾ ਕਰਨ 'ਤੇ ਉਤਰ ਆਏ ਅਤੇ ਵੇਖਦੇ ਹੀ ਵੇਖਦੇ ਪੰਚਕੂਲਾ ਸਮੇਤ ਹਰਿਆਣਾ ਦੇ ਵੱਖ-ਵੱਖ ਹਿੱਸਿਆਂ 'ਚ ਜ਼ਬਰਦਸਤ ਹਿੰਸਾ ਦਾ ਮਾਹੌਲ ਬਣ ਗਿਆ। ਦਰਅਸਲ ਪਿਛਲੇ ਇਕ ਹਫ਼ਤੇ ਤੋਂ ਡੇਰਾਮੁਖੀ ਦੀ ਪੇਸ਼ੀ ਨੂੰ ਲੈ ਕੇ ਹਰਿਆਣਾ 'ਚ ਤਣਾਅ ਦਾ ਮਾਹੌਲ ਬਣਨਾ ਸ਼ੁਰੂ ਹੋ ਗਿਆ ਸੀ। ਹਾਈਕੋਰਟ ਦੀ ਸਖ਼ਤੀ ਤੋਂ ਬਾਅਦ ਹਰਿਆਣਾ ਸਰਕਾਰ ਨੇ ਪੁਲੀਸ ਅਤੇ ਗ੍ਰਹਿ ਵਿਭਾਗ ਨੂੰ ਜ਼ਿੰਮੇਵਾਰੀ ਦਿੱਤੀ ਸੀ ਕਿ ਇਸ ਪੇਸ਼ੀ ਦੌਰਾਨ ਬਿਲਕੁਲ ਵੀ ਸੂਬੇ 'ਚ ਕਾਨੂੰਨ ਵਿਵਸਥਾ ਵਿਗੜਨੀ ਨਹੀਂ ਚਾਹੀਦੀ। ਦੂਜੇ ਪਾਸੇ ਕੇਂਦਰੀ ਖੁਫੀਆ ਏਜੰਸੀ ਆਈ.ਬੀ. ਵੀ ਇਸ ਪੂਰੇ ਮਾਮਲੇ ਦੀ ਨਿਗਰਾਨੀ ਕਰ ਰਹੀ ਸੀ। ਸੂਤਰਾਂ ਅਨੁਸਾਰ ਆਈ.ਬੀ. ਨੇ ਹਰਿਆਣਾ ਅਤੇ ਪੰਜਾਬ ਨੂੰ ਪਿਛਲੇ ਦਿਨੀਂ ਹਾਲਾਤ ਦਾ ਜਾਇਜ਼ਾ ਲੈ ਕੇ ਦੋਨਾਂ ਸੂਬਿਆਂ 'ਚ ਫੈਸਲੇ ਦੌਰਾਨ ਵੱਡੀ ਹਿੰਸਾ ਹੋਣ ਦੀ ਸੰਭਾਵਨਾ ਪ੍ਰਗਟਾਈ ਸੀ। ਇਸ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੂੰ ਵੀ ਚੌਕਸ ਰਹਿਣ ਲਈ ਕਿਹਾ ਗਿਆ ਸੀ। ਪਰ ਹੈਰਾਨੀ ਦੀ ਗੱਲ ਹੈ ਕਿ ਕੇਂਦਰੀ ਖੁਫੀਆ ਏਜੰਸੀ ਦੀ ਸੂਚਨਾ ਦੇ ਬਾਵਜੂਦ ਹਰਿਆਣਾ ਸਰਕਾਰ ਹਾਲਾਤ ਨੂੰ ਕਾਬੂ ਕਰਨ ਦੇ ਪੁਖ਼ਤਾ ਇੰਤਜ਼ਾਮ ਨਹੀਂ ਕਰ ਪਾਈ।

## ਬੜੀ ਮੁਸ਼ਕਲ ਨਾਲ ਸੀ.ਬੀ.ਆਈ. ਨੇ ਸਾਧਵੀਆਂ ਨੂੰ ਭਾਲਿਆ

ਸੀ.ਬੀ.ਆਈ. ਨੇ ਦੋਸ਼ੀ ਬਾਬਾ ਰਾਮ ਰਹੀਮ ਵਿਰੁੱਧ 12 ਦਸੰਬਰ 2002 ਨੂੰ ਆਈ.ਪੀ.ਸੀ. ਦੀ ਧਾਰਾ 376, 506 ਅਤੇ 509 ਤਹਿਤ ਮਾਮਲਾ ਦਰਜ ਕੀਤਾ ਸੀ। ਜਾਂਚ ਸ਼ੁਰੂ ਹੋਣ ਤੋਂ ਬਾਅਦ ਸੀ.ਬੀ.ਆਈ. ਨੇ ਡੇਰਾ ਪ੍ਰਬੰਧਕਾਂ ਤੋਂ ਸਾਧਵੀਆਂ ਦੀ ਲਿਸਟ



ਮੰਗੀ। ਸਾਲ 2005 ਨੂੰ ਤਿੰਨ ਲਿਸਟਾਂ ਮਿਲੀਆਂ। ਲਿਸਟ ਮੁਤਾਬਕ 53 ਸਾਧਵੀ ਸਤਨਾਮ ਗਰਲਜ਼ ਹੋਸਟਲ 'ਚ ਰਹਿੰਦੀਆਂ ਹਨ, ਜਦਕਿ 80 ਸਾਧਵੀਆਂ ਡੇਰਾ ਸੱਚਾ ਸੌਦਾ ਸਿਰਸਾ ਦੇ ਆਸ਼ਰਮ 'ਚ ਰਹਿੰਦੀਆਂ ਸਨ। ਜਦਕਿ 1997-2002 ਦੌਰਾਨ 24 ਚੇਲੀਆਂ ਡੇਰਾ ਛੱਡ ਕੇ ਜਾ ਚੁੱਕੀਆਂ ਸਨ। ਇਨ੍ਹਾਂ 'ਚੋਂ 18 ਨੂੰ ਸੀ.ਬੀ.ਆਈ. ਨੇ ਟ੍ਰੇਸ ਕੀਤਾ। ਜਦੋਂ ਕੁੱਝ ਨੂੰ ਫੜਿਆ ਤਾਂ ਸਾਧਵੀਆਂ ਨੇ ਬਿਆਨ ਦਰਜ ਕਰਵਾਏ। ਜਦੋਂ ਸੀ.ਬੀ.ਆਈ. ਨੇ ਡੇਰੇ ਦੇ ਮੈਨੇਜਰ ਇੰਦਰ ਸੇਨ, ਅਵਤਾਰ ਸਿੰਘ, ਪ੍ਰਬੰਧਕ ਕ੍ਰਿਸ਼ਨ ਲਾਲ 'ਤੇ ਸ਼ਿਕੰਜਾ ਕਸਿਆ ਤਾਂ ਸਾਧਵੀਆਂ ਨੇ ਆਪਣੇ ਬਿਆਨ ਦਰਜ ਕਰਵਾਏ। ਜਿਨਸੀ ਸ਼ੋਸ਼ਣ ਦੀ ਸ਼ਿਕਾਰ ਇਕ ਸਾਧਵੀ ਦੇ ਭਰਾ ਦੀ ਡੇਰਾ ਮੁਖੀ ਦੇ ਖਾਸ ਲੋਕਾਂ ਨੇ ਹੱਤਿਆ ਕਰ ਦਿੱਤੀ ਸੀ। ਉਸ ਮਾਮਲੇ ਦੀ ਜਾਂਚ ਵੀ ਸੀ.ਬੀ.ਆਈ. ਕਰ ਰਹੀ ਹੈ। ਸੀ.ਬੀ.ਆਈ. ਨੇ ਆਪਣੀ ਜਾਂਚ 'ਚ ਪਾਇਆ ਹੈ ਕਿ ਸਾਲ 1948 'ਚ ਡੇਰਾ ਸੱਚਾ ਸੌਦਾ ਦੀ ਸਥਾਪਨਾ ਹੋਈ ਸੀ। 1990 'ਚ ਗੁਰਮੀਤ ਸਿੰਘ ਮੁਖੀ ਬਣਿਆ। ਪੁਰਾਣਾ ਡੇਰਾ 25 ਏਕੜ 'ਚ ਵਸਿਆ ਸੀ, ਜਦਕਿ ਨਵਾਂ 600 ਏਕੜ ਜ਼ਮੀਨ 'ਤੇ ਵਸਿਆ ਹੈ, ਜੋ ਲਗਭਗ ਪੰਜ ਕਿਲੋਮੀਟਰ ਏਰੀਏ 'ਚ ਫੈਲਿਆ ਹੋਇਆ ਹੈ। ਜਿਥੇ 'ਬਾਬਾ' ਰਹਿੰਦਾ ਹੈ, ਉਸ ਨੂੰ ਗੁਫਾ ਕਹਿੰਦੇ ਹਨ।

## ਮਨੋਹਰ ਤੋਂ ਹਾਲੇ ਵੀ ਖੱਟਾ ਨਹੀਂ ਹੋਇਆ 'ਮੋਦੀ ਕਾ ਮਨ'

ਰਾਮਪਾਲ ਮਾਮਲਾ ਤੇ ਜਾਟ ਰਾਖਵਾਂਕਰਨ ਅੰਦੋਲਨ ਤੋਂ ਬਾਅਦ ਡੇਰਾ ਸਿਰਸਾ ਮੁਖੀ ਦੇ ਮਾਮਲੇ ਨਾਲ ਸਿੱਝਣ ਵਿੱਚ 'ਬਦਇੰਤਜ਼ਾਮੀ' ਕਾਰਨ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਭਾਵੇਂ ਆਲੋਚਨਾ ਦਾ ਸਾਹਮਣਾ ਕਰ ਰਿਹਾ ਹੈ ਪਰ ਭਾਜਪਾ ਹੁਣ ਵੀ ਉਨ੍ਹਾਂ ਦੀ ਪਿੱਠ ਉਤੇ ਜਾਪ ਰਹੀ ਹੈ। ਹਰਿਆਣਾ ਵਿੱਚ ਪਾਰਟੀ ਮਾਮਲਿਆਂ ਦੇ



ਇੰਚਾਰਜ ਅਨਿਲ ਜੈਨ ਅਨੁਸਾਰ ਸਰਕਾਰ ਨੇ ਘੱਟੋ ਘੱਟ ਨੁਕਸਾਨ ਨਾਲ ਤਿੰਨ ਘੰਟਿਆਂ ਵਿੱਚ ਸਥਿਤੀ ਨੂੰ ਕਾਫ਼ੀ ਕਰ ਲਿਆ। ਕੀ ਖੱਟਰ ਨੂੰ ਅਸਤੀਫ਼ਾ ਦੇਣ ਲਈ ਕਿਹਾ ਜਾਵੇਗਾ? ਦੇ ਸਿੱਧੇ ਸਵਾਲ ਉਤੇ ਉਨ੍ਹਾਂ ਕਿਹਾ ਕਿ ਅਜਿਹੀ ਕੋਈ ਗੱਲ ਵਿਚਾਰਅਧੀਨ ਨਹੀਂ ਹੈ। ਉਨ੍ਹਾਂ ਕਿਹਾ "ਸਰਕਾਰ ਵੱਲੋਂ ਕੋਈ ਕੁਤਾਹੀ ਨਹੀਂ ਹੋਈ, ਹਾਲਾਤ ਹੀ ਇਸ ਤਰ੍ਹਾਂ ਦੇ ਸਨ। ਜੇ ਗ੍ਰਿਫ਼ਤਾਰੀ ਤੋਂ ਪਹਿਲਾਂ ਟਕਰਾਅ ਹੁੰਦਾ ਤਾਂ ਹਾਲਾਤ ਬਦਤਰ ਹੋਣੇ ਸਨ।" ਪਾਰਟੀ ਮਾਮਲਿਆਂ ਦੇ ਇੰਚਾਰਜ ਨੇ ਕਿਹਾ "ਕਾਨੂੰਨ ਉਤੇ ਚੱਲਣਾ ਸਰਕਾਰ ਦੀ ਪਹਿਲੀ ਤਰਜੀਹ ਸੀ। ਹਰਿਆਣਾ ਸਰਕਾਰ ਨੇ ਗੁਰਮੀਤ ਰਾਮ ਰਹੀਮ ਦੀ ਅਦਾਲਤੀ ਪੇਸ਼ੀ ਨੂੰ ਸ਼ਾਂਤੀਪੂਰਨ ਤਰੀਕੇ ਨਾਲ ਨੇਪਰੇ ਚਾੜ੍ਹਿਆ। ਉਸ ਨੂੰ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜਿਆ ਗਿਆ।"

## 'ਖੱਟਰ ਦੀ ਹੋਣੀ ਬਾਰੇ ਫੈਸਲਾ ਤੱਟ-ਫੱਟ ਨਹੀਂ'

ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਭਵਿੱਖ ਬਾਰੇ ਫੈਸਲਾ 'ਫੌਰੀ ਸੰਭਵ' ਨਹੀਂ ਜਾਪਦਾ। ਭਾਜਪਾ ਦੇ ਸੀਨੀਅਰ ਆਗੂਆਂ ਦਾ ਕਹਿਣਾ ਹੈ ਕਿ ਪਾਰਟੀ ਦੀ ਸੂਬਾਈ ਲੀਡਰਸ਼ਿਪ ਵਿੱਚੋਂ ਉਨ੍ਹਾਂ ਨੂੰ ਹਟਾਉਣ ਲਈ ਕੋਈ ਅਪੀਲ ਨਹੀਂ ਆਈ ਅਤੇ ਕੋਈ ਵੀ ਫੈਸਲਾ ਸਾਰੀਆਂ ਧਿਰਾਂ ਨੂੰ ਸੁਣਨ ਤੇ ਅਸਲ ਤੱਥਾਂ ਦੇ ਆਧਾਰ ਉਤੇ ਹੋਵੇਗਾ। ਜਦੋਂ ਖੱਟਰ ਦੇ ਭਵਿੱਖ ਬਾਰੇ ਪਾਰਟੀ ਦੇ ਫੌਰੀ ਰੁਖ਼ ਬਾਰੇ ਪੁੱਛਿਆ ਤਾਂ ਇਕ ਸੀਨੀਅਰ ਆਗੂ ਨੇ ਕਿਹਾ ਕਿ ਸੋਮਵਾਰ (ਡੇਰਾ ਮੁਖੀ ਦੀ ਸਜ਼ਾ ਦੇ ਐਲਾਨ ਦਾ ਦਿਨ) ਤੱਕ ਇੰਤਜ਼ਾਰ ਕਰੋ।

# ਹਾਈ ਕੋਰਟ ਨੇ ਕੀਤੀ ਖੱਟਰ ਸਰਕਾਰ ਦੀ ਝਾੜਝੰਬ

- 'ਸਿਆਸੀ ਲਾਹੇ ਲਈ ਡੇਰੇ 'ਤੇ ਮਿਹਰਬਾਨ ਰਹੀ'
- ਡੇਰੇ ਦੀਆਂ ਜਾਇਦਾਦਾਂ, ਆਮਦਨ, ਬੈਂਕ ਖ਼ਾਤਿਆਂ ਦੀ ਸੂਚੀ ਮੰਗੀ
- ਸਿੱਖਿਆ ਮੰਤਰੀ ਵੱਲੋਂ ਡੇਰੇ ਨੂੰ 51 ਲੱਖ ਰੁਪਏ ਦੀ ਗ੍ਰਾਂਟ ਦੇਣ 'ਤੇ ਵੀ ਸਵਾਲ ਉਠਾਏ

ਚੰਡੀਗੜ੍ਹ/ਬਿਊਰੋ ਨਿਊਜ਼ : ਪੰਜਾਬ-ਹਰਿਆਣਾ ਹਾਈ ਕੋਰਟ ਨੇ ਹਰਿਆਣਾ ਦੀ ਖੱਟਰ ਸਰਕਾਰ ਦੀ ਜਮ ਕੇ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਡੇਰਾ ਸੱਚਾ ਸੌਦਾ ਨੂੰ ਸਿਆਸੀ ਪੁਸ਼ਤ ਪਨਾਹੀ ਦਿੱਤੀ ਹੋਈ ਸੀ। ਉਨ੍ਹਾਂ ਕੇਂਦਰ ਸਰਕਾਰ ਦੀ ਵੀ ਨਿਖੇਧੀ ਕਰਦਿਆਂ ਕਿਹਾ ਕਿ ਉਹ ਖ਼ਿੱਤੇ ਨੂੰ ਕਾਲੋਨੀ ਵਜੋਂ ਵਰਤ ਰਿਹਾ ਹੈ ਅਤੇ ਉਸ ਨੂੰ ਇਸ ਦੀ ਕੋਈ ਪਰਵਾਹ ਨਹੀਂ ਹੈ। ਹਾਈ ਕੋਰਟ ਨੇ ਇਸ 'ਤੇ ਵੀ ਆਪਣੀ ਨਾਰਾਜ਼ਗੀ ਪ੍ਰਗਟਾਈ ਕਿ ਸੂਬੇ ਦੇ ਅਧਿਕਾਰੀਆਂ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਬਲਾਤਕਾਰ ਦੇ ਮਾਮਲੇ ਵਿਚ ਫ਼ੈਸਲਾ ਆਉਣ ਤੋਂ ਪਹਿਲਾਂ ਉਨ੍ਹਾਂ ਨੂੰ ਗੁੰਮਰਾਹ ਕੀਤਾ।

ਅਦਾਲਤ ਨੇ ਪੰਜਾਬ ਅਤੇ ਹਰਿਆਣਾ ਦੇ ਡਿਪਟੀ ਕਮਿਸ਼ਨਰਾਂ ਨੂੰ ਡੇਰੇ ਦੀਆਂ ਜਾਇਦਾਦਾਂ, ਆਮਦਨ, ਬੈਂਕ ਖ਼ਾਤਿਆਂ ਦੀ ਸੂਚੀ ਦੇਣ ਲਈ ਆਖਿਆ ਹੈ। ਉਦੋਂ ਤਕ ਕੋਈ ਜਾਇਦਾਦ ਨਾ ਵੇਚੀ ਜਾਵੇਗੀ ਅਤੇ ਨਾ ਟਰਾਂਸਫਰ ਹੋਵੇਗੀ। ਦੋਵੇਂ ਰਾਜਾਂ ਦੇ ਡੀਸੀ ਜਨਤਕ ਸੂਚਨਾ ਜਾਰੀ ਕਰਕੇ ਸਰਕਾਰੀ ਅਤੇ ਪ੍ਰਾਈਵੇਟ ਜਾਇਦਾਦ ਨੂੰ ਪਹੁੰਚੇ ਨੁਕਸਾਨ ਅਤੇ ਦਾਅਵਿਆਂ ਲਈ ਅਰਜ਼ੀਆਂ ਮੰਗਣਗੇ। ਦਾਅਵਿਆਂ ਦੀ ਪੜਤਾਲ ਤੋਂ ਬਾਅਦ ਇਨ੍ਹਾਂ ਨੂੰ ਪੰਜਾਬ ਅਤੇ ਹਰਿਆਣਾ ਦੇ ਐਡਵੋਕੇਟ ਜਨਰਲਾਂ ਰਾਹੀਂ ਅਦਾਲਤ ਨੂੰ ਸੌਂਪਿਆ ਜਾਵੇ। ਹਰਿਆਣਾ ਏਜੀ ਨੂੰ ਉਸ ਅਧਿਕਾਰੀ ਦਾ ਨਾਮ ਦੱਸਣ ਲਈ ਕਿਹਾ ਹੈ ਜਿਸ ਨੇ ਦੱਸਿਆ ਕਿ ਰਾਮ ਰਹੀਮ ਦੇ ਕਾਫ਼ਲੇ ਵਿਚ ਪੰਜ ਵਾਹਨ ਸਨ। ਉਹ ਕਾਰਾਂ ਦੀ ਗਿਣਤੀ ਅਤੇ ਉਸ ਵਿਚ ਸਵਾਰ ਲੋਕਾਂ ਬਾਰੇ ਅਦਾਲਤ ਨੂੰ ਜਾਣਕਾਰੀ ਦੇਣਗੇ। ਹਿੰਸਾ ਅਤੇ ਅੱਗਜ਼ਨੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਭਵਿੱਖ ਦੀ ਯੋਜਨਾ ਤੇ ਰਣਨੀਤੀ ਬਾਰੇ ਸੀਲਬੰਦ ਕਵਰ ਵਿਚ ਦੋਵੇਂ ਐਡਵੋਕੇਟ ਜਨਰਲ ਰਿਪੋਰਟ ਜਮ੍ਹਾਂ ਕਰਾਉਣਗੇ। ਉਹ ਬੈਂਚ ਨੂੰ ਡੇਰੇ ਦੀ ਮੁਕੰਮਲ ਸਫ਼ਾਈ ਸਮੇਤ ਯੋਜਨਾ ਬਾਰੇ ਜਾਣਕਾਰੀ ਦੇਣਗੇ। ਹਿੰਸਾ ਦੌਰਾਨ ਮਾਰੇ ਗਏ ਲੋਕਾਂ ਦੀ ਸਥਿਤੀ ਰਿਪੋਰਟ ਜਮ੍ਹਾਂ ਕਰਵਾਉਣੀ ਪਏਗੀ। ਪੰਜਾਬ ਅਤੇ ਹਰਿਆਣਾ ਨੂੰ ਪੰਚਕੂਲਾ ਅਤੇ ਸੂਬਿਆਂ ਦੇ ਹੋਰ ਹਿੱਸਿਆਂ ਵਿਚ ਕੀਤੇ ਗਏ ਪ੍ਰਬੰਧਾਂ ਦੌਰਾਨ ਆਏ ਖ਼ਰਚਿਆਂ ਦਾ ਹਿਸਾਬ ਦੇਣਾ ਪਵੇਗਾ। ਡੇਰਾ ਆਗੂਆਂ ਵੱਲੋਂ ਹਿੰਸਾ ਭੜਕਾਉਣ ਦੀਆਂ ਖ਼ਬਰਾਂ ਦੀ ਅਸਲੀਅਤ ਜਾਣਨ ਲਈ ਪੁਲੀਸ ਨੂੰ ਜ਼ਿੰਮੇਵਾਰੀ ਸੌਂਪੀ ਅਤੇ ਜੇਕਰ ਇਹ ਸੱਚ ਸਾਬਿਤ ਹੋਈ ਤਾਂ ਉਨ੍ਹਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਜਾਵੇ। ਡੇਰੇ ਵੱਲੋਂ ਹਿੰਸਾ ਭੜਕਾਉਣ ਦੇ ਸੁਨੇਹੇ ਫੜੇ ਜਾਣ ਸਬੰਧੀ ਹਰਿਆਣਾ ਨੂੰ ਸੀਲਬੰਦ ਲਿਫ਼ਾਫ਼ੇ ਵਿਚ ਰਿਪੋਰਟ ਜਮ੍ਹਾਂ ਕਰਵਾਉਣ ਲਈ ਕਿਹਾ। ਬਾਰ ਮੈਂਬਰਾਂ ਤੋਂ ਸੁਝਾਅ ਅਤੇ ਸਵਾਲਾਂ ਸਬੰਧੀ ਜਾਣਕਾਰੀ ਮੰਗੀ ਗਈ। ਕਾਰਜਕਾਰੀ ਚੀਫ਼ ਜਸਟਿਸ ਸੁਰਿੰਦਰ ਸਿੰਘ ਸਾਰੋ, ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਅਵਨੀਸ਼ ਝੀਂਗਣ 'ਤੇ ਆਧਾਰਤ ਬੈਂਚ ਨੇ ਕਿਹਾ, "ਪ੍ਰਸ਼ਾਸਕੀ ਅਤੇ ਸਿਆਸੀ ਫ਼ੈਸਲਿਆਂ ਵਿਚ ਵੱਡਾ ਫਰਕ ਸੀ ਅਤੇ ਸਿਆਸੀ ਫ਼ੈਸਲਿਆਂ ਕਰਕੇ ਪ੍ਰਸ਼ਾਸਕੀ ਫ਼ੈਸਲਿਆਂ ਨੂੰ ਅਧਰੰਗ ਮਾਰ ਗਿਆ।" ਸੂਬਾ ਸਰਕਾਰ ਵੱਲੋਂ ਪੰਚਕੂਲਾ ਦੇ ਡਿਪਟੀ ਕਮਿਸ਼ਨਰ ਪੁਲੀਸ 'ਤੇ ਧਾਰਾ 144 ਨੂੰ ਸਹੀ ਢੰਗ ਨਾਲ ਲਾਗੂ ਨਾ ਕੀਤੇ ਜਾਣ 'ਤੇ ਉਸ ਦੀਆਂ ਸੇਵਾਵਾਂ ਮੁਅੱਤਲ ਕੀਤੇ ਜਾਣ ਦੇ ਫ਼ੈਸਲੇ ਬਾਰੇ ਬੈਂਚ ਨੇ ਕਿਹਾ ਕਿ ਪੰਚਕੂਲਾ ਦੀਆਂ ਘਟਨਾਵਾਂ ਲਈ ਅਧਿਕਾਰੀ ਨੂੰ ਇਕੱਲਿਆਂ ਦੋਸ਼ੀ ਨਹੀਂ ਕਰਾਰ ਦਿੱਤਾ ਜਾ ਸਕਦਾ। ਹਰਿਆਣਾ ਦੇ ਐਡਵੋਕੇਟ ਜਨਰਲ ਬੀ.ਆਰ. ਮਹਾਜਨ ਨੂੰ ਸੰਬੋਧਨ ਕਰਦਿਆਂ ਬੈਂਚ ਨੇ ਕਿਹਾ, "ਤੁਸੀਂ ਡੀਸੀਪੀ ਨੂੰ ਮੁਅੱਤਲ ਕਰ ਦਿੱਤਾ। ਕੀ ਤੁਸੀਂ ਸਮਝਦੇ ਹੋ ਕਿ ਉਸ ਨੇ ਗਲਤੀ ਕੀਤੀ ਹੈ? ਕੀ ਉਸ ਨੂੰ ਹੁਕਮ ਲਾਗੂ ਕਰਨ ਲਈ ਨਹੀਂ ਆਖਿਆ ਗਿਆ ਸੀ? ਸਾਡਾ ਅੰਦੇਸ਼ਾ ਸਹੀ ਨਿਕਲਿਆ ਹੈ ਕਿ ਇਹ ਸਾਰਾ ਕੁਝ ਸਿਆਸੀ ਹੈ। ਤੁਸੀਂ ਸਾਨੂੰ ਮਜਬੂਰ ਕਰ ਰਹੇ ਹੋ ਕਿ ਅਸੀਂ ਡੂੰਘਾਈ ਨਾਲ ਜਾਂਚ ਕਰੀਏ ਕਿ ਇਹ ਸਭ ਕੁਝ ਕਿਹੜੇ ਅਧਿਕਾਰੀ ਦੀਆਂ ਹਦਾਇਤਾਂ ਤਹਿਤ ਹੋਇਆ।" ਸ਼ੁਰੂ ਵਿਚ ਜਾਰੀ ਕੀਤੇ ਗਏ ਹੁਕਮਾਂ ਤਹਿਤ ਲੋਕਾਂ ਦੇ ਹਥਿਆਰ ਲੈ ਕੇ ਜਾਣ 'ਤੇ ਪਾਬੰਦੀ ਸੀ ਪਰ ਪੰਜ ਜਾਂ ਵੱਧ ਲੋਕਾਂ (ਧਾਰਾ 144) ਦੇ ਇਕੱਠ ਬਾਰੇ ਕੁਝ ਨਹੀਂ ਆਖਿਆ ਗਿਆ। ਸੀਆਰਪੀਸੀ ਦੀ ਕਾਪੀ ਲਹਿਰਾਉਂਦਿਆਂ ਬੈਂਚ ਨੇ ਕਿਹਾ ਕਿ ਹੁਕਮਾਂ ਦਾ ਖਰੜਾ ਅਖੀਰ ਵਿਚ ਜਾ ਕੇ ਛਾਪਿਆ ਗਿਆ। ਬੈਂਚ ਨੇ ਕਿਹਾ, "ਇਸ 'ਤੇ ਕੋਈ ਦਿਮਾਗ ਲਾਉਣ ਦੀ ਲੋੜ ਨਹੀਂ ਹੈ। ਤੁਸੀਂ ਮਹਿਜ਼ ਇਸ ਦੀ ਕਾਪੀ ਕਰਨੀ ਸੀ ਅਤੇ ਖਾਲੀ ਥਾਵਾਂ ਨੂੰ ਭਰਨਾ ਸੀ।" ਬੈਂਚ ਨੇ ਕਿਹਾ ਕਿ ਸਾਰੇ ਘਟਨਾਕ੍ਰਮ ਪਿੱਛੇ ਸਿਆਸਤ ਹੈ ਤਾਂ ਜੋ ਵੋਟ ਬੈਂਕ ਨੂੰ ਭਰਮਾਇਆ ਜਾ ਸਕੇ, ਤੁਸੀਂ ਲੋਕਾਂ ਨੂੰ ਇਕੱਠੇ ਹੋਣ ਦਿੱਤਾ ਅਤੇ ਇਸ ਦਾ ਪਰਦਾਫ਼ਾਸ਼ ਜਾਂਚ ਮਗਰੋਂ ਹੋਵੇਗਾ। ਅਦਾਲਤ ਦੀ ਛੁੱਟੀ ਵਾਲੇ ਦਿਨ ਅਮਨ ਤੇ ਕਾਨੂੰਨ ਦੀ ਹਾਲਤ ਬਾਰੇ ਜਾਣਕਾਰੀ ਲੈਣ ਲਈ ਕੀਤੀ ਗਈ ਵਿਸ਼ੇਸ਼ ਸੁਣਵਾਈ ਦੌਰਾਨ ਬੈਂਚ ਨੇ ਕਿਹਾ, "ਮੁੱਖ ਮੰਤਰੀ ਹਰਿਆਣਾ ਦਾ ਗ੍ਰਹਿ ਮੰਤਰੀ ਵੀ ਹੈ। ਪਿਛਲੇ ਸੱਤ ਦਿਨਾਂ ਦੌਰਾਨ ਇਕੱਠੇ ਹੋ ਰਹੇ ਲੋਕਾਂ ਦੀ ਭੀੜ ਨੂੰ ਤੁਸੀਂ ਕਿਉਂ ਨਹੀਂ ਰੋਕ ਸਕੇ? ਉਹ ਸਾਰੇ ਬਾਹਰੀ ਸਨ ਪਰ ਉਨ੍ਹਾਂ ਨੂੰ ਪੰਚਕੂਲਾ ਅੰਦਰ ਦਾਖ਼ਲ ਹੋਣ, ਠਹਿਰਣ ਅਤੇ ਜਨਤਕ ਥਾਵਾਂ 'ਤੇ ਕਬਜ਼ਾ ਜਮਾਉਣ ਦਾ ਮੌਕਾ ਦਿੱਤਾ ਗਿਆ। ਅਮਨ ਤੇ ਕਾਨੂੰਨ ਦੀ ਹਾਲਤ ਨੂੰ ਹਰ ਕੀਮਤ 'ਤੇ ਬਹਾਲ ਰੱਖਿਆ ਜਾਵੇਗਾ ਅਤੇ ਕਿਸੇ ਨੂੰ ਇਸ ਵਿਚ ਦਖ਼ਲ ਦੇਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਜਿਹੜੇ ਅਜਿਹਾ ਕਰਨ ਵਿਚ ਨਾਕਾਮ ਰਹਿੰਦੇ ਹਨ, ਉਹ ਲੋਕਾਂ ਅਤੇ ਅਦਾਲਤ ਪ੍ਰਤੀ ਜਵਾਬਦੇਹ ਹਨ।" ਬੈਂਚ ਨੇ ਹਰਿਆਣਾ ਦੇ ਸਿੱਖਿਆ ਮੰਤਰੀ ਵੱਲੋਂ ਡੇਰੇ ਨੂੰ 51 ਲੱਖ ਰੁਪਏ ਦੀ ਗ੍ਰਾਂਟ ਦੇਣ 'ਤੇ ਵੀ ਸਵਾਲ ਉਠਾਏ। ਉਨ੍ਹਾ ਕਿਹਾ ਕਿ ਸੂਬੇ ਦਾ ਨੁਮਾਇੰਦਾ ਹੋਣ ਕਰਕੇ ਪੂਰੀ ਸਰਕਾਰ ਹੀ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਇਹ ਸਰਕਾਰ ਦੀ ਮਿਲੀਭੁਗਤ ਸੀ ਜਾਂ ਨਾਅਹਿਲੀਅਤ ਪਰ ਡੇਰੇ ਨੂੰ ਜ਼ਰੂਰ ਵਿਸ਼ੇਸ਼ ਅਧਿਕਾਰ ਦਿੱਤੇ ਗਏ।

ਨਾਮ ਚਰਚਾ ਘਰ ਕੀਤੇ ਸੀਲ



ਨਾਮ ਚਰਚਾ ਘਰਾਂ ਵਿਚੋਂ ਪੁਲਿਸ ਨੇ ਕੀਤੇ ਲਾਠੀਆਂ-ਡੰਡੇ ਬਰਾਮਦ



ਆਲੀਸ਼ਾਨ ਕਮਰੇ ਬਣੇ ਹੋਏ ਹਨ



ਮਹਿੰਗਾ ਤੋਂ ਮਹਿੰਗਾ ਫਰਨੀਚਰ



## ਹਰਿਆਣਾ 'ਚ 36 ਨਾਮ ਚਰਚਾ ਘਰ ਕੀਤੇ ਸੀਲ

**ਚੰਡੀਗੜ੍ਹ/ਬਿਊਰੋ ਨਿਊਜ਼** : ਹਰਿਆਣਾ ਸਰਕਾਰ ਨੇ 524 ਡੇਰਾ ਪ੍ਰੇਮੀਆਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ 8 ਐਫਆਈਆਰਜ਼ ਦਰਜ ਕੀਤੀਆਂ ਹਨ, ਜਿਨ੍ਹਾਂ ਵਿਚ ਦੋ ਦੇਸ਼ਧ੍ਰੋਹ ਦੇ ਕੇਸ ਵੀ ਸ਼ਾਮਲ ਹਨ। ਪੰਚਕੂਲਾ ਵਿੱਚ ਹੋਈ ਹਿੰਸਾ ਵਿਚ 30 ਮੌਤਾਂ ਅਤੇ ਸਿਰਸਾ ਵਿੱਚ ਛੇ ਮੌਤਾਂ ਹੋਈਆਂ ਹਨ। ਇਸ ਦੌਰਾਨ ਕੁੱਲ 269 ਜਣੇ ਜ਼ਖ਼ਮੀ ਹੋਏ ਹਨ। ਹਰਿਆਣਾ ਵਿੱਚ ਘੱਟੋ ਘੱਟ 36 ਨਾਮ ਚਰਚਾ ਘਰ ਸੀਲ ਕੀਤੇ ਜਾ ਚੁੱਕੇ ਹਨ। ਇਹ ਜਾਣਕਾਰੀ ਹਰਿਆਣਾ ਦੇ ਮੁੱਖ ਸਕੱਤਰ ਡੀਐਸ ਢੇਸੀ, ਡੀਜੀਪੀ ਬੀ.ਐਸ. ਸੰਧੂ ਅਤੇ ਵਧੀਕ ਮੁੱਖ ਸਕੱਤਰ ਗ੍ਰਹਿ ਰਾਮ ਨਿਵਾਸ ਨੇ ਦਿੱਤੀ। ਹਿੰਸਾ ਦੌਰਾਨ ਮਰਨ ਵਾਲਿਆਂ ਵਿੱਚੋਂ 14 ਦੀ ਸ਼ਨਾਖ਼ਤ ਹੋ ਗਈ ਹੈ। ਇਨ੍ਹਾਂ ਵਿੱਚ ਹਰੀ ਸਿੰਘ ਬਠਿੰਡਾ, ਵਿਨੀਤ ਅੰਬਾਲਾ, ਲਵਪ੍ਰੀਤ ਮਲੋਟ, ਸੂਬੇ ਸਿੰਘ ਜੀਂਦ, ਰਮੇਸ਼ ਜੀਂਦ, ਅਮਨ ਫਾਜ਼ਿਲਕਾ, ਬਿਕਰਮ ਕੈਥਲ, ਜਗਰੂਪ ਸਿੰਘ ਬਰਨਾਲਾ, ਗੁਰਪਾਲ ਸਿੰਘ ਪਟਿਆਲਾ, ਜੈਭਗਵਾਨ ਜੀਂਦ, ਉਗਰਸੈਨ ਮਾਨਸਾ, ਨਿੰਬੋ ਜੀਂਦ, ਮੁਨੀਸ਼ ਸ਼ਰਮਾ ਪਟਿਆਲਾ ਅਤੇ ਮੁਨੀਸ਼ ਕਰਨਾਲ ਸ਼ਾਮਲ ਹਨ। ਸਿਰਸਾ ਵਿੱਚ ਮਾਰੇ ਗਏ ਪ੍ਰੇਮੀਆਂ ਦੀ ਸ਼ਨਾਖ਼ਤ ਵਜ਼ੀਰ ਸਿੰਘ, ਵਿਨੋਦ, ਕਾਲਾ ਸਿੰਘ ਸਿਰਸਾ, ਰੌਬਿਨ ਜੀਂਦ, ਵੀਨਾ ਰਾਣੀ ਅਤੇ ਸਾਹਿਲ ਫਤਿਆਬਾਦ ਵਜੋਂ ਹੋਈ ਹੈ।

ਸ੍ਰੀ ਢੇਸੀ ਨੇ ਦੱਸਿਆ ਕਿ ਡੇਰੇ ਨਾਲ ਸਬੰਧਤ ਇਕ ਵਾਹਨ ਵਿਚੋਂ ਇਕ ਏਕੇ-47 ਰਾਈਫਲ, ਇਕ ਮਾਊਜ਼ਰ ਅਤੇ ਇਕ ਹੋਰ ਵਾਹਨ ਵਿਚੋਂ ਦੋ ਰਾਈਫਲਾਂ ਤੇ 5 ਪਿਸਤੌਲ ਜ਼ਬਤ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹਰ ਤਰ੍ਹਾਂ ਦੇ ਨੁਕਸਾਨ ਦੀ ਭਰਪਾਈ ਲਈ ਸਰਕਾਰ ਨੇ ਵਿਸ਼ੇਸ਼ ਪੋਟਰਲ ਬਣਾਇਆ ਹੈ, ਜਿਸ ਵਿੱਚ ਮੀਡੀਆ ਜਾਂ ਆਮ ਲੋਕਾਂ ਵੱਲੋਂ ਆਪਣੇ ਨੁਕਸਾਨ ਬਾਰੇ ਦਾਅਵਾ ਕੀਤਾ ਜਾ ਸਕੇਗਾ ਅਤੇ ਅਜਿਹੇ ਲੋਕਾਂ ਨੂੰ ਸੌ ਫ਼ੀਸਦ ਮੁਆਵਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਬਾਅਦ ਗੁਰਮੀਤ ਰਾਮ ਰਹੀਮ ਕੋਲੋਂ ਜ਼ੈੱਡ ਪਲੱਸ ਸੁਰੱਖਿਆ ਵਾਪਸ ਲੈ ਲਈ ਸੀ। ਡੇਰਾ ਮੁਖੀ ਨੂੰ ਸੈਨਾ ਦੇ ਹੈਲੀਕਾਪਟਰ ਵਿਚ ਸੁਨਾਰੀਆ (ਰੋਹਤਕ) ਜੇਲ੍ਹ ਵਿਚ ਲਿਜਾਣ ਮੌਕੇ ਉਸ ਦੀ ਗੋਦ ਲਈ ਧੀ ਹਨੀਪ੍ਰੀਤ ਨੂੰ ਨਾਲ ਲਿਜਾਣ ਬਾਰੇ ਸਵਾਲਾਂ ਦਾ ਉਹ ਕੋਈ ਜਵਾਬ ਨਹੀਂ ਦੇ ਸਕੇ। ਉਨ੍ਹਾਂ ਦੱਸਿਆ ਕਿ ਪੰਚਕੂਲਾ ਵਿਚ ਸਰਕਾਰੀ ਵਾਹਨਾਂ ਸਮੇਤ ਕੁੱਲ 28 ਵਾਹਨ ਸੜੇ ਹਨ। ਆਮਦਨ ਟੈਕਸ ਭਵਨ ਤੇ ਹਰਿਆਣਾ ਦੇ ਹਾਰਟ੍ਰੋਨ ਦਫ਼ਤਰ ਸਮੇਤ 6 ਦੁਕਾਨਾਂ ਅਤੇ ਐਚਡੀਐਫਸੀ ਬੈਂਕ ਦਾ ਏਟੀਐਮ ਸੜਿਆ ਹੈ। ਡੀਜੀਪੀ ਨੇ ਦੱਸਿਆ ਕਿ ਕੱਲ੍ਹ ਅਦਾਲਤ ਕੰਪਲੈਕਸ ਅੰਦਰ ਡੇਰਾ ਮੁਖੀ ਦੇ ਕਾਫ਼ਲੇ ਦੀਆਂ ਕੇਵਲ ਪੰਜ ਗੱਡੀਆਂ ਹੀ ਜਾਣ ਦਿੱਤੀਆਂ ਸਨ ਅਤੇ ਉਨ੍ਹਾਂ ਨੇ ਖ਼ੁਦ ਇਸ ਅਪਰੇਸ਼ਨ ਦੀ ਅਗਵਾਈ ਕੀਤੀ ਸੀ। ਉਨ੍ਹਾਂ ਕਿਹਾ ਕਿ ਹਿੰਸਕ ਭੀੜ ਨੂੰ ਕਾਬੂ ਕਰਨ ਲਈ ਫ਼ੌਜ ਦੀ ਵਰਤੋਂ ਨਹੀਂ ਕੀਤੀ ਗਈ। ਰਾਮ ਨਿਵਾਸ ਨੇ ਕਿਹਾ ਕਿ ਹਿੰਸਾ ਨੂੰ ਤਿੰਨ ਘੰਟਿਆਂ ਅੰਦਰ ਕੰਟਰੋਲ ਕਰ ਲਿਆ ਸੀ।

## ਡੇਰਾ ਸਿਰਸਾ ਮੁਖੀ ਨੂੰ ਬਲਾਤਕਾਰ ਦਾ ਦੋਸ਼ੀ ਐਲਾਨਣ ਵਾਲਾ ਜੱਜ ਜਗਦੀਪ ਸਿੰਘ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ :**

ਜਦੋਂ ਪੂਰੇ ਦੇਸ਼ ਦੀਆਂ ਨਜ਼ਰਾਂ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਵਿਰੁਧ ਬਲਾਤਕਾਰ ਕੇਸ ਦੀ ਹਰਿਆਣਾ ਦੇ ਚੰਡੀਗੜ੍ਹ ਨਾਲ ਲਗਦੇ ਸ਼ਹਿਰ ਪੰਚਕੂਲਾ ਦੀ ਸੀ.ਬੀ.ਆਈ. ਵੱਲੋਂ ਸੁਣਾਏ ਜਾਣ ਵਾਲੇ ਫ਼ੈਸਲੇ 'ਤੇ ਲੱਗੀਆਂ ਹੋਈਆਂ ਸਨ ਉੱਦੋਂ ਹੀ ਇਹ ਇਤਿਹਾਸਕ ਫੈਸਲਾ ਸੁਣਾਉਣ ਵਾਲੇ ਸੀਬੀਆਈ ਅਦਾਲਤ ਦੇ ਜੱਜ ਜਗਦੀਪ ਸਿੰਘ ਬਾਰੇ ਜਾਣਨ ਲਈ ਲੋਕਾਂ ਵਿੱਚ ਭਾਰੀ ਉਤਸੁਕਤਾ ਵੇਖਣ ਨੂੰ ਮਿਲੀ।

ਆਪਣੇ ਸੁਭਾਅ ਲਈ ਆਪਣੇ ਸਾਥੀਆਂ 'ਚ ਚਰਚਿਤ ਜਗਦੀਪ ਸਿੰਘ ਨੇ ਬੀਤੇ ਸਾਲ ਹੀ ਸਪੈਸ਼ਲ ਸੀਬੀਆਈ ਜੱਜ ਦੀ ਜ਼ਿੰਮੇਵਾਰੀ ਸੰਭਾਲੀ ਸੀ। ਮੀਡੀਆ ਰਿਪੋਰਟਾਂ ਮੁਤਾਬਕ ਰਾਮ ਰਹੀਮ ਦੇ ਮਾਮਲੇ 'ਚ ਵੀ ਜੱਜ ਜਗਦੀਪ ਸਿੰਘ ਨੇ ਫੈਸਲਾ ਸੁਣਾਉਂਦੇ ਹੋਏ ਸਾਰਿਆਂ ਨੂੰ ਅਦਾਲਤ ਤੋਂ ਬਾਹਰ ਕਰ ਦਿੱਤਾ ਸੀ ਸਿਰਫ ਦੋਸ਼ੀ ਅਤੇ ਵਕੀਲਾਂ ਨੂੰ ਹੀ ਰਹਿਣ ਦਿੱਤਾ ਗਿਆ ਸੀ।

ਜੱਜ ਬਣਨ ਤੋਂ ਪਹਿਲਾਂ ਜਗਦੀਪ ਸਿੰਘ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਵਕਾਲਤ ਕਰਦੇ ਰਹੇ ਹਨ। ਇਸ ਤੋਂ ਪਹਿਲਾਂ ਸੋਨੀਪਤ 'ਚ ਤੈਨਾਤ ਰਹੇ ਜਗਦੀਪ ਸਿੰਘ ਚਾਰ ਲੋਕਾਂ ਦੀ ਜਾਨ ਬਚਾਉਣ ਲਈ ਵੀ ਚਰਚਾ 'ਚ ਰਹੇ ਹਨ। ਸਾਲ 2016 'ਚ ਜੱਜ ਜਗਦੀਪ ਸਿੰਘ ਹਿਸਾਰ ਤੋਂ ਪੰਚਕੁਲਾ ਜਾਂਦੇ ਸਮੇਂ ਰਾਜ 'ਚ ਦੁਰਘਟਨਾ ਦੇਖ ਕੇ ਰੁਕ ਗਏ। ਇਸ ਤੋਂ ਬਾਅਦ ਐਂਬੂਲੈਂਸ ਦੇਰ ਹੋਣ ਲੱਗੀ ਤਾਂ ਉਨ੍ਹਾਂ ਨੇ ਖੁਦ ਹੀ ਜ਼ਖਮੀਆਂ ਨੂੰ ਆਪਣੀ ਗੱਡੀ 'ਚ ਹਸਪਤਾਲ ਭਰਤੀ ਕਰਾਇਆ।



ਜੱਜ ਜਗਦੀਪ ਸਿੰਘ

ਜਗਦੀਪ ਸਿੰਘ ਹਰਿਆਣਾ ਦੇ ਹੀ ਹਨ ਅਤੇ 2000 'ਚ ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਵਕਾਲਤ ਦੀ ਡਿਗਰੀ ਹਾਸਲ ਕੀਤੀ ਸੀ।

ਸਾਧਵੀ ਜਬਰ-ਜਨਾਹ ਮਾਮਲੇ 'ਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਦੋਸ਼ੀ ਕਰਾਰ ਦੇ ਕੇ ਜੇਲ੍ਹ ਭੇਜਿਆ ਜਾਣਾ ਆਪਣੇ ਆਪ 'ਚ ਵੱਡਾ ਫ਼ੈਸਲਾ ਹੈ । ਇਹ ਫ਼ੈਸਲਾ ਇਕ ਇਸ ਤਰ੍ਹਾਂ ਦੇ ਵਿਅਕਤੀ ਬਾਰੇ 'ਚ ਆਇਆ ਹੈ ਜਿਸ ਦਾ ਆਪਣਾ ਅਲੱਗ ਸਿਸਟਮ ਰਿਹਾ ਹੈ । ਡੇਰਾ ਮੁਖੀ ਮਾਮਲੇ ਦੀ ਸੁਣਵਾਈ ਸੀ.ਬੀ.ਆਈ. ਅਦਾਲਤ ਦੇ ਜੱਜ ਜਗਦੀਪ ਸਿੰਘ ਵਲੋਂ ਕੀਤੀ ਗਈ। ਇਸ ਤੋਂ ਪਹਿਲਾਂ ਉਹ ਪੰਜਾਬ ਹਰਿਆਣਾ ਹਾਈਕੋਰਟ 'ਚ ਅਪਰਾਧਿਕ ਕੇਸਾਂ ਦੇ ਵਕੀਲ ਦੇ ਰੂਪ ਵਿਚ ਕੰਮ ਕਰਦੇ ਸਨ। ਉਨ੍ਹਾਂ ਨੇ ਸਾਲ 2000 ਤੋਂ ਲੈ ਕੇ 2012 ਤੱਕ ਅਨੇਕਾਂ ਅਪਰਾਧਿਕ ਕੇਸ ਲੜੇ। ਪੰਜਾਬ ਯੂਨੀਵਰਸਿਟੀ ਤੋਂ ਵਕਾਲਤ ਪਾਸ ਕਰਨ ਵਾਲੇ ਜਗਦੀਪ ਸਿੰਘ ਸਾਲ 2016 ਵਿਚ ਉਸ ਸਮੇਂ ਚਰਚਾ 'ਚ ਆਏ ਜਦੋਂ ਹਿਸਾਰ ਤੋਂ ਅੰਬਾਲਾ ਆਉਂਦੇ ਹੋਏ ਉਨ੍ਹਾਂ ਨੇ ਜੀਂਦ ਕੋਲ ਹੋਏ ਸੜਕ ਹਾਦਸੇ ਦੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ।

ਸੀ.ਬੀ.ਆਈ. ਅਦਾਲਤ ਵਿਚ ਜੱਜ ਨਿਯੁਕਤ ਹੋਣ ਤੋਂ ਪਹਿਲਾਂ ਜਗਦੀਪ ਸਿੰਘ ਸੋਨੀਪਤ 'ਚ ਵੀ ਤੈਨਾਤ ਸਨ। ਡੇਰਾ ਮੁਖੀ 'ਤੇ ਸਾਧਵੀਆਂ ਦੇ ਸਰੀਰਕ ਸੋਸ਼ਣ ਮਾਮਲੇ ਦੇ ਫ਼ੈਸਲੇ 'ਤੇ ਪੂਰੇ ਦੇਸ਼ ਦੀ ਹੀ ਨਹੀਂ ਬਲਕਿ ਵਿਦੇਸ਼ਾਂ 'ਚ ਨਜ਼ਰਾਂ ਲੱਗੀਆਂ ਹੋਈਆਂ ਸਨ।

ਇਸ 'ਹਾਈ ਪ੍ਰੋਫ਼ਾਈਲ' ਮਾਮਲੇ ਵਿਚ ਜੀਂਦ ਦੇ ਇਕ ਪਿੰਡ ਨਾਲ ਸਬੰਧ ਰੱਖਣ ਵਾਲੇ ਨਿਆਇਕ ਸੇਵਾ ਦੇ ਖ਼ਾਸ ਅਧਿਕਾਰੀ ਜਗਦੀਪ ਸਿੰਘ ਨੇ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਜੇਲ੍ਹ ਭੇਜਣ ਦਾ ਆਦੇਸ਼ ਸੁਣਾ ਕੇ ਭਾਰਤੀ ਨਿਆਂਪਾਲਿਕਾ ਦੇ ਇਤਿਹਾਸ ਵਿੱਚ ਮੀਲ ਪੱਥਰ ਸਥਾਪਤ ਕੀਤਾ।

# ਗੁਰੂ ਗੋਬਿੰਦ ਸਿੰਘ ਜੀ ਦੀ ਸਵਾਂਗ ਰਚਾਉਣ ਦੇ ਮਾਮਲੇ ਦੇ ਵੀ ਮੁੜ ਖੁੱਲ੍ਹਣ ਦੇ ਆਸਾਰ

**ਪਟਿਆਲਾ/ਬਿਊਰੋ ਨਿਊਜ਼ :**
ਡੇਰਾ ਸਿਰਸਾ ਮੁਖੀ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾ ਕੇ ਸਿੱਖ ਭਾਵਨਾਵਾਂ ਨਾਲ ਖਿਲਵਾੜ ਕਰਨ ਦਾ ਖ਼ਾਰਜ ਹੋਇਆ ਕੇਸ ਮੁੜ ਖੁੱਲ੍ਹ ਸਕਦਾ ਹੈ। ਇਸ ਸਬੰਧੀ ਹਾਈ ਕੋਰਟ ਵਿੱਚ ਰੀਵੀਊ ਪਟੀਸ਼ਨ ਅਜੇ ਪੈਂਡਿੰਗ ਹੈ। ਪੰਜਾਬ ਸਿੱਖ ਕੌਂਸਲ ਨੇ ਇਸ ਕੇਸ ਨੂੰ ਮੁੜ ਖੁੱਲ੍ਹਵਾਉਣ ਲਈ ਕਾਨੂੰਨੀ ਚਾਰਾਜੋਈ ਵਿੱਢਣ ਦਾ ਫ਼ੈਸਲਾ ਕੀਤਾ ਹੈ। ਦੱਸਣਯੋਗ ਹੈ ਕਿ 2007 ਦੌਰਾਨ ਡੇਰਾ ਮੁਖੀ ਵੱਲੋਂ ਪੰਜਾਬ ਵਿੱਚ ਆਪਣੇ ਸਲਾਬਤਪੁਰ ਡੇਰੇ ਵਿੱਚ ਧਾਰਮਿਕ ਪ੍ਰੋਗਰਾਮ ਦੌਰਾਨ ਗੁਰੂ ਗੋਬਿੰਦ ਸਿੰਘ ਵਾਂਗ ਵਸਤਰ ਪਾ ਕੇ ਅੰਮ੍ਰਿਤ ਛਕਾਉਣ ਦੀ ਤਰਜ਼ ਉਤੇ 'ਜਾਮ-ਏ-ਇੰਸਾਂ' ਦਾ ਸਵਾਂਗ ਰਚਾਇਆ ਸੀ। ਸਿੱਖਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ ਸੀ ਤੇ ਉਦੋਂ ਡੇਰਾ ਮੁਖੀ ਖ਼ਿਲਾਫ਼ ਕੇਸ ਵੀ ਦਰਜ ਕਰਾਇਆ ਸੀ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਇਹ ਕੇਸ ਵਾਪਸ ਲੈ ਲਿਆ ਗਿਆ। ਉਦੋਂ ਨੌਜਵਾਨ ਸਿੱਖ ਆਗੂ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਪੁਲੀਸ ਰਾਹੀਂ ਰੱਦ ਕਰਵਾਏ ਇਸ ਕੇਸ ਖ਼ਿਲਾਫ਼ ਹਾਈ ਕੋਰਟ ਵਿੱਚ ਰੀਵੀਊ ਪਟੀਸ਼ਨ ਪਾ ਦਿੱਤੀ।



ਐਡਵੋਕੇਟ ਮੰਝਪੁਰ ਨੇ ਦੱਸਿਆ ਕਿ ਉਹ ਇਸ ਕੇਸ ਸਬੰਧੀ ਸਰਕਾਰ ਦੀ ਨੀਅਤ ਸਮਝ ਗਏ ਸਨ। ਇਸ ਲਈ ਉਨ੍ਹਾਂ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰ ਦਿੱਤੀ ਸੀ, ਜੋ ਅਜੇ ਪੈਂਡਿੰਗ ਹੈ। ਉਨ੍ਹਾਂ ਦੱਸਿਆ ਕਿ ਕੇਸ ਦੀ ਪੈਰਵੀ ਸਿੱਖ ਮਾਮਲਿਆਂ ਬਾਰੇ ਉੱਘੇ ਵਕੀਲ ਹਰਕਿਰਨ ਸਿੰਘ ਕਰ ਰਹੇ ਹਨ। ਐਡਵੋਕੇਟ ਮੰਝਪੁਰ ਨੇ ਆਸ ਪ੍ਰਗਟਾਈ ਕਿ ਡੇਰਾ ਮੁਖੀ ਵੱਲੋਂ ਸਵਾਂਗ ਰਚਾਉਣ ਦੇ ਮਾਮਲੇ ਨੂੰ ਹੁਣ ਗੰਭੀਰਤਾ ਨਾਲ ਲਿਆ ਜਾਵੇਗਾ। ਇਸ ਦੌਰਾਨ ਪੰਜਾਬ ਸਿੱਖ ਕੌਂਸਲ ਦੇ ਪ੍ਰਧਾਨ ਮੋਹਣ ਸਿੰਘ ਕਰਤਾਰਪੁਰ ਨੇ ਦੱਸਿਆ ਕਿ ਉਹ ਡੇਰਾ ਮੁਖੀ ਨੂੰ ਦਸਵੇਂ ਪਾਤਸ਼ਾਹ ਦਾ ਸਵਾਂਗ ਰਚਾਉਣ ਦੇ ਮਾਮਲੇ 'ਤੇ ਘੇਰਨ ਲਈ ਕਾਨੂੰਨੀ ਚਾਰਾਜੋਈ ਕਰਨਗੇ। ਇਸ ਸਬੰਧੀ ਛੇਤੀ ਉੱਘੇ ਵਕੀਲਾਂ ਦਾ ਪੈਨਲ ਬਣਾ ਕੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

## ਹੁਣ ਡੇਰੇ ਦੇ ਅਖ਼ਬਾਰ ਵੱਲੋਂ 'ਬਾਬੇ' ਦੀ ਕਬੀਰ ਤੇ ਯਸੂ ਮਸੀਹ ਨਾਲ ਤੁਲਨਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਿੰਸਾ ਤੋਂ ਇੱਕ ਦਿਨ ਬਾਅਦ ਡੇਰਾ ਸਿਰਸਾ ਦੇ ਅਖ਼ਬਾਰ 'ਸੱਚ ਕਹੂੰ' ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦੀ ਹਜ਼ਰਤ ਈਸਾ ਮਸੀਹ, ਕਬੀਰ ਅਤੇ ਮੀਰਾ ਵਰਗਿਆਂ ਨਾਲ ਤੁਲਨਾ ਕਰਦਿਆਂ ਲਿਖਿਆ ਹੈ ਕਿ ਸਚਾਈ ਦਾ ਪੁੱਤਰ ਕਦੇ ਨਹੀਂ ਮਰੇਗਾ।

ਅਖ਼ਬਾਰ ਨੇ ਪੰਚਕੂਲਾ ਵਿੱਚ ਵਾਪਰੀ ਸਾਰੀ ਘਟਨਾ ਨੂੰ ਪਹਿਲੇ ਸਫੇ ਉੱਤੇ ਆਮ ਜਿਹੀ ਬਣਾ ਕੇ ਪੇਸ਼ ਕੀਤਾ ਹੈ। ਇਸ ਦਾ ਸਿਰਲੇਖ, 'ਪੰਜਾਬ ਅਤੇ ਹਰਿਆਣਾ ਵਿੱਚ ਹਿੰਸਾ ਫੈਲੀ' ਲਾਇਆ ਹੈ। ਅਖ਼ਬਾਰ ਨੇ ਲਿਖਿਆ ਹੈ ਕਿ 20 ਡੇਰਾ ਪ੍ਰੇਮੀਆਂ ਦੀਆਂ ਜਾਨਾਂ ਗਈਆਂ ਹਨ ਅਤੇ 200 ਜ਼ਖ਼ਮੀ ਹੋਏ ਹਨ।

'ਸੱਚ ਕਹੂੰ' ਅਖ਼ਬਾਰ ਪੰਜਾਬੀ ਅਤੇ ਹਿੰਦੀ ਵਿੱਚ ਪ੍ਰਕਾਸ਼ਤ ਹੁੰਦਾ ਹੈ ਅਤੇ ਪੰਜਾਬ ਹਰਿਆਣਾ, ਦਿੱਲੀ, ਰਾਜਸਥਾਨ ਵਿੱਚ ਡੇਰਾ ਪ੍ਰੇਮੀਆਂ ਵਿੱਚ ਕਾਫੀ ਪ੍ਰਚੱਲਤ ਹੈ। ਇਸ ਦੇ ਨਾਲ ਅਖ਼ਬਾਰ ਨੇ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਏ ਜਾਣ ਬਾਰੇ ਸੰਪਾਦਕੀ ਨੂੰ ਪਹਿਲੇ ਸਫੇ ਉੱਤੇ 'ਸੱਚ ਦਾ ਪੁੱਤਰ ਹਮੇਸ਼ਾਂ ਚਮਕੇਗਾ' ਤਹਿਤ ਲਿਖਿਆ ਹੈ। ਸੰਪਾਦਕੀ ਵਿੱਚ ਲਿਖਿਆ ਹੈ ਕਿ ਭਾਵੇਂ ਝੂਠ ਦੇ ਹਾਮੀ ਇੱਕ ਵਾਰ ਜਿੱਤ ਗਏ ਹਨ ਪਰ ਉਨ੍ਹਾਂ ਦੇ ਮਾੜੇ ਇਰਾਦੇ ਇੱਕ ਦਿਨ ਸਾਹਮਣੇ ਆਉਣਗੇ। ਡਾਕਟਰ ਗੁਰਮੀਤ ਰਾਮ ਰਹੀਮ ਸਿੰਘ ਸੱਚ ਦਾ ਪੁੱਤਰ ਹੈ। ਉਹ ਝੂਠ ਦੇ ਸਾਜ਼ਿਸ਼ਕਾਰਾਂ ਅੱਗੇ ਝੁਕਣ ਵਾਲਾ ਨਹੀਂ ਹੈ। ਅੱਗੇ ਜਾ ਕੇ ਸੰਪਾਦਕੀ ਵਿੱਚ ਲਿਖਿਆ ਹੈ ਕਿ ਭਾਵੇਂ ਅਦਾਲਤ ਦਾ ਫੈਸਲਾ 'ਪੂਜਨੀਕ ਗੁਰੂ ਜੀ' ਦੇ ਖਿਲਾਫ਼ ਗਿਆ ਹੈ ਪਰ ਇਨਸਾਫ਼ ਦੇ ਸਾਰੇ ਦਰਵਾਜ਼ੇ ਬੰਦ ਨਹੀਂ ਹੋਏ। ਸੰਪਾਦਕੀ ਵਿੱਚ ਵੱਡੇ- ਵੱਡੇ ਸਮਾਜ ਸੁਧਾਰਕਾਂ ਅਤੇ ਭਗਤ ਕਬੀਰ ਤੇ ਮੀਰਾ ਕੁਮਾਰੀ ਵਰਗਿਆਂ ਦੇ ਹਵਾਲੇ ਦਿੰਦਿਆਂ ਕਿਹਾ ਹੈ ਕਿ ਜੋ ਵੀ ਸਮਾਜ ਸੁਧਾਰ ਦਾ ਬੀੜਾ ਚੁੱਕਦਾ ਹੈ, ਉਸ ਨੂੰ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੀ ਹੈ। ਅਖ਼ਬਾਰ ਨੇ ਲਿਖਿਆ ਹੈ ਕਿ ਸ਼ਰਧਾਲੂ ਨਾ ਤਾਂ ਆਪਣੇ ਗੁਰੂ ਤੋਂ ਅਤੇ ਨਾ ਹੀ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਬੇਮੁੱਖ ਹੋਣਗੇ।

# ਦਿਹਾੜੀਦਾਰ 'ਪ੍ਰੇਮੀਆਂ' ਨੂੰ ਹਜ਼ਾਰ-ਹਜ਼ਾਰ ਰੁਪਏ ਦੇ ਕੇ ਲਿਆਂਦਾ

**ਸਿਰਸਾ/ਬਿਊਰੋ ਨਿਊਜ਼ :** ਪੰਚਕੂਲਾ ਵਿਚ ਡੇਰਾ ਮੁਖੀ ਦਾ ਫ਼ੈਸਲਾ ਸੁਣਨ ਵਾਲਿਆਂ ਵਿਚ ਸਿਰਫ਼ ਸ਼ਰਧਾਲੂ ਹੀ ਨਹੀਂ ਸਗੋਂ ਦਿਹਾੜੀ 'ਤੇ ਲਿਆਂਦੇ ਗਏ ਲੋਕ ਵੀ ਸ਼ਾਮਲ ਸਨ। ਜਾਣਕਾਰੀ ਅਨੁਸਾਰ ਵੱਡੀ ਗਿਣਤੀ ਵਿਚ ਲੋਕਾਂ ਨੂੰ ਹਜ਼ਾਰ-ਹਜ਼ਾਰ ਰੁਪਏ ਦੀ ਦਿਹਾੜੀ 'ਤੇ ਲਿਆਂਦਾ ਗਿਆ ਸੀ। ਅਦਾਲਤ ਅਤੇ ਅਧਿਕਾਰੀਆਂ 'ਤੇ ਦਬਾਅ ਬਣਾਉਣ ਦੀ ਚਾਲ ਤਹਿਤ ਡੇਰਾ ਮੈਨੇਜਰਾਂ ਨੇ ਗਰੀਬ ਲੋਕਾਂ ਨੂੰ ਪੰਚਕੂਲਾ ਭੇਜਣ ਲਈ ਮੁਫ਼ਤ ਭੋਜਨ ਦੇ ਨਾਲ ਇਕ-ਇਕ ਹਜ਼ਾਰ ਰੁਪਏ ਦਿਹਾੜੀ ਦੇਣ ਦੀ ਪੇਸ਼ਕਸ਼ ਕੀਤੀ ਸੀ। ਸਿਰਸਾ 'ਚ ਇਕ ਕਾਰੋਬਾਰੀ ਨੇ ਦੱਸਿਆ, "ਸਾਡੀ ਨੌਕਰਾਣੀ ਨੇ ਵੀਰਵਾਰ ਤੋਂ ਕੰਮ 'ਤੇ ਆਉਣਾ ਬੰਦ ਕਰ ਦਿੱਤਾ ਸੀ। ਜਦੋਂ ਮੋਬਾਈਲ 'ਤੇ ਸੰਪਰਕ ਕੀਤਾ ਗਿਆ ਤਾਂ ਉਸ ਨੇ ਦੱਸਿਆ ਕਿ ਉਹ ਡੇਰਾ ਸ਼ਰਧਾਲੂਆਂ ਨਾਲ ਪੰਚਕੂਲਾ ਜਾ ਰਹੀ ਹੈ। ਸਾਡੇ ਗੁਆਂਢੀ ਨੇ ਵੀ ਦੱਸਿਆ ਕਿ ਉਨ੍ਹਾਂ ਦੀ ਨੌਕਰਾਣੀ ਵੀ ਪੰਚਕੂਲਾ ਗਈ ਹੈ ਅਤੇ ਡੇਰਾ ਉਨ੍ਹਾਂ ਨੂੰ ਦਿਹਾੜੀ ਦੇ ਰਿਹਾ ਹੈ।" ਉਸ ਨੇ ਦੱਸਿਆ ਕਿ ਹਿੰਸਾ ਮਗਰੋਂ ਉਨ੍ਹਾਂ ਦੀ ਨੌਕਰਾਣੀ ਨਹੀਂ ਪਰਤੀ ਹੈ। ਇਕ ਸਰਕਾਰੀ ਡਾਕਟਰ, ਜਿਸ ਦਾ ਪਿੰਡ ਹਿਸਾਰ ਜ਼ਿਲ੍ਹੇ ਵਿਚ ਪੈਂਦਾ ਹੈ, ਨੇ ਦੱਸਿਆ ਕਿ ਉਸ ਦੇ ਪਿੰਡ ਵਿਚ ਐਲਾਨ ਕੀਤਾ ਗਿਆ ਕਿ ਜੋ ਪੰਚਕੂਲਾ ਜਾਵੇਗਾ, ਉਸ ਨੂੰ ਇਕ ਹਜ਼ਾਰ ਰੁਪਏ ਦਿਹਾੜੀ ਦਿੱਤੀ ਜਾਵੇਗੀ। ਉਸ ਨੇ ਦਾਅਵਾ ਕੀਤਾ ਕਿ ਪਿੰਡ ਵਿਚੋਂ 100 ਤੋਂ ਜ਼ਿਆਦਾ ਔਰਤਾਂ ਡੇਰਾ ਸ਼ਰਧਾਲੂਆਂ ਨਾਲ ਗਈਆਂ। ਉਂਜ ਡੇਰੇ ਦੇ ਤਰਜਮਾਨ ਨੇ ਲੋਕਾਂ ਨੂੰ ਦਿਹਾੜੀ 'ਤੇ ਲੈ ਕੇ ਜਾਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਉਹ ਪੰਚਕੂਲਾ ਆਪਣੇ ਆਪ ਪਹੁੰਚੇ ਹਨ। ਸੂਤਰਾਂ ਮੁਤਾਬਕ ਡੇਰੇ ਦੀ ਯੋਜਨਾ ਸੀ ਕਿ ਪੰਚਕੂਲਾ ਵਿਚ ਅਦਾਲਤੀ ਕੰਪਲੈਕਸ ਨੂੰ ਪੂਰਾ ਘੇਰਾ ਪਾ ਲਿਆ ਜਾਵੇ ਪਰ ਥੋੜੀ ਚੌਕਸੀ ਕਰਕੇ ਉਹ ਨਾਕਾਮ ਹੋ ਗਏ। ਸੂਤਰਾਂ ਨੇ ਕਿਹਾ ਕਿ ਲੋਕਾਂ ਖਾਸ ਕਰਕੇ ਔਰਤਾਂ ਨੇ ਅਦਾਲਤ ਦੇ ਬਾਹਰ ਚਾਰੇ ਪਾਸੇ ਚੌਂਕੜੀ ਮਾਰ ਕੇ ਬੈਠ ਜਾਣਾ ਸੀ ਜਿਸ ਕਾਰਨ ਫ਼ੈਸਲਾ ਸੁਣਾਉਣਾ ਤਾਂ ਦੂਰ ਦੀ ਗੱਲ, ਅਦਾਲਤ ਲਗਣੀ ਵੀ ਮੁਸ਼ਕਲ ਹੋ ਜਾਣੀ ਸੀ। ਸਿਰਸਾ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਡੇਰੇ ਦੇ ਸ਼ਰਧਾਲੂ ਅਜਿਹਾ



ਕਾਰਾ ਪਹਿਲਾਂ ਕਈ ਵਾਰ ਕਰ ਚੁੱਕੇ ਸਨ।

**ਡੇਰੇ ਦੇ ਖ਼ਾਤੇ ਸੀਲ:**
ਡੇਰੇ ਦੇ ਸਾਰੇ ਖਾਤੇ ਸੀਲ ਕਰ ਦਿੱਤੇ ਗਏ ਹਨ। ਪੁਰਾਣੇ ਡੇਰੇ ਨੂੰ ਸੈਨਾ ਨੇ ਪੂਰੀ ਤਰ੍ਹਾਂ ਸੀਲ ਕੀਤਾ ਹੋਇਆ ਹੈ ਜਦੋਂ ਕਿ ਨਵੇਂ ਡੇਰੇ ਵਿਚੋਂ ਪ੍ਰੇਮੀ ਨਿਕਲ ਕੇ ਭੱਜ ਰਹੇ ਹਨ। ਚਾਰ ਦਿਨਾਂ ਬਾਅਦ ਕਰਫਿਊ 'ਚ ਪੰਜ ਘੰਟੇ ਦੀ ਢਿੱਲ ਦਿੱਤੀ ਗਈ, ਜਿਸ ਦੌਰਾਨ ਪ੍ਰੇਮੀਆਂ ਨੂੰ ਡੇਰੇ ਵਿਚੋਂ ਭੱਜਣ ਦਾ ਮੌਕਾ ਮਿਲ ਗਿਆ ਅਤੇ ਜ਼ਿਲ੍ਹੇ ਦੇ ਲੋਕਾਂ ਨੇ ਸਬਜ਼ੀ, ਦੁੱਧ ਤੇ ਹੋਰ ਸਾਮਾਨ ਖ਼ਰੀਦਿਆ। ਡੇਰੇ ਬਾਹਰ ਕਵਰੇਜ ਕਰ ਰਹੇ ਕੁਝ ਪੱਤਰਕਾਰਾਂ ਨੂੰ ਫਿਰ ਪ੍ਰੇਮੀਆਂ ਨੇ ਨਿਸ਼ਾਨਾ ਬਣਾਇਆ। ਪੱਤਰਕਾਰਾਂ ਦੀ ਕੁੱਟਮਾਰ ਕੀਤੀ ਤੇ ਉਨ੍ਹਾਂ ਦੇ ਕੈਮਰੇ ਤੋੜਨ ਦੀ ਕੋਸ਼ਿਸ਼ ਕੀਤੀ। ਕੁਝ ਡੇਰਾ ਪ੍ਰੇਮੀ ਸੜਕ ਰਾਹੀਂ ਤੇ ਵੱਡੀ ਗਿਣਤੀ ਪ੍ਰੇਮੀ ਖੇਤਾਂ ਵਾਲੇ ਰਾਹਾਂ ਤੋਂ ਬਾਹਰ ਨੂੰ ਭੱਜ ਨਿਕਲੇ। ਪੁਲੀਸ ਵੱਲੋਂ ਨਾਕਿਆਂ 'ਤੇ ਡੇਰਾ ਪ੍ਰੇਮੀਆਂ ਦੀ ਤਲਾਸ਼ੀ ਲਈ ਗਈ। ਬਾਜੇਕਾਂ ਵਿੱਚ ਨਾਕੇ 'ਤੇ ਤਲਾਸ਼ੀ ਦੌਰਾਨ ਇਕ ਨੌਜਵਾਨ ਤੋਂ ਪੈਟਰੋਲ ਦੀਆਂ ਦੋ ਬੋਤਲਾਂ ਤੇ ਕੁਝ ਹੋਰ ਸ਼ੱਕੀ ਸਾਮਾਨ ਮਿਲਿਆ, ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਡੇਰੇ ਵਿਚੋਂ ਨਿਕਲਣ ਵਾਲਿਆਂ ਵਿਚ ਵੱਡੀ ਗਿਣਤੀ ਔਰਤਾਂ ਦੀ ਹੈ। ਡੇਰੇ ਵਿਚੋਂ ਆਈਆਂ ਕਈ ਔਰਤਾਂ ਨੇ ਦੱਸਿਆ ਕਿ ਉਨ੍ਹਾਂ ਦੀ ਡਿਊਟੀ ਲੰਗਰ ਪਕਾਉਣ 'ਤੇ ਸੀ। ਡੇਰੇ ਦੇ ਦੂਜੇ ਪਾਸੇ ਕੀ ਹੋ ਰਿਹਾ ਹੈ, ਉਨ੍ਹਾਂ ਨੂੰ ਨਹੀਂ ਪਤਾ। ਘਰ ਵਾਲਿਆਂ ਨਾਲ ਵੀ ਕੋਈ ਸੰਪਰਕ ਨਹੀਂ ਹੋ ਸਕਿਆ।

ਸਿਰਸਾ ਦੇ ਡਿਪਟੀ ਕਮਿਸ਼ਨਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਡੇਰੇ ਵਿੱਚੋਂ ਤਕਰੀਬਨ ਸਾਢੇ 7 ਹਜ਼ਾਰ ਵਿਅਕਤੀਆਂ ਨੂੰ ਬਾਹਰ ਕੱਢਿਆ ਗਿਆ ਹੈ, ਜਿਨ੍ਹਾਂ ਵਿਚੋਂ ਵੱਡੀ ਗਿਣਤੀ ਡੇਰੇ ਅੰਦਰਲੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਹੈ। ਪ੍ਰਸ਼ਾਸਨ ਵੱਲੋਂ ਇਨ੍ਹਾਂ ਨੂੰ ਘਰੋ ਘਰੀ ਪਹੁੰਚਾਉਣ ਦਾ ਇੰਤਜ਼ਾਮ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਮਾਨਸਾ ਤੇ ਫਤਿਆਬਾਦ ਇਲਾਕੇ ਨਾਲ ਸਬੰਧਤ ਹਨ। ਡੇਰੇ ਵਿੱਚੋਂ ਪ੍ਰੇਮੀਆਂ ਨੂੰ ਬਾਹਰ ਕੱਢਣ ਦਾ ਅਮਲ ਜਾਰੀ ਹੈ। ਡੀਸੀ ਤੇ ਐਸਐਸਪੀ ਨੇ ਦੱਸਿਆ ਕਿ ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਦੇ ਮੱਦੇਨਜ਼ਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।

# ਜਿਨ੍ਹਾਂ ਨੇ ਕਾਨੂੰਨ ਤੋੜਿਆ, ਉਨ੍ਹਾਂ ਨੂੰ ਕਾਹਦਾ ਮੁਆਵਜ਼ਾ : ਅਮਰਿੰਦਰ ਸਿੰਘ

**ਬਠਿੰਡਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡੇਰਾ ਪ੍ਰੇਮੀਆਂ ਦੀ ਹਿੰਸਾ ਕਾਰਨ ਮਾਲਵੇ ਵਿਚ ਹੋਏ ਮਾਲੀ ਨੁਕਸਾਨ ਦਾ ਜਾਇਜ਼ਾ ਲਿਆ ਅਤੇ ਪੰਜਾਬ ਪੁਲੀਸ ਤੇ ਨੀਮ ਫੌਜੀ ਬਲਾਂ ਦੇ ਜਵਾਨਾਂ ਨੂੰ ਸ਼ਾਬਾਸ਼ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕੋਈ ਡੇਰਾ ਸੀਲ ਨਹੀਂ ਕੀਤਾ ਜਾਵੇਗਾ ਅਤੇ ਇਨ੍ਹਾਂ ਵਿਚ ਧਾਰਮਿਕ ਸਮਾਗਮ ਕਰਨ ਤੋਂ ਕਿਸੇ ਨੂੰ ਰੋਕਿਆ ਨਹੀਂ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ 98 ਡੇਰਿਆਂ ਵਿਚ ਸਰਚ ਕੀਤੀ ਹੈ, ਜਿਨ੍ਹਾਂ ਵਿਚੋਂ ਇੱਕ ਦੋ ਥਾਈਂ ਹੀ ਪਾਬੰਦੀਸ਼ੁਦਾ ਵਸਤਾਂ ਮਿਲੀਆਂ ਹਨ। ਉਨ੍ਹਾਂ ਸਖ਼ਤੀ ਨਾਲ ਕਿਹਾ ਕਿ ਡੇਰਿਆਂ ਵਿਚ



ਸਮਾਜ ਤੇ ਦੇਸ਼ ਵਿਰੋਧੀ ਕੋਈ ਗਤੀਵਿਧੀ ਨਹੀਂ ਹੋਣ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਚਕੂਲਾ ਵਿਚ ਕਾਨੂੰਨ ਤੋੜਨ ਵਾਲਿਆਂ ਨੂੰ ਪੰਜਾਬ ਸਰਕਾਰ ਵੱਲੋਂ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ। ਡੇਰਾ ਪੈਰੋਕਾਰਾਂ ਨੇ ਸਰਕਾਰੀ ਤੇ ਪ੍ਰਾਈਵੇਟ ਸੰਪਤੀ ਦਾ ਜੋ ਨੁਕਸਾਨ ਕੀਤਾ ਹੈ, ਉਸ ਦੀ ਭਰਪਾਈ ਹਾਈ ਕੋਰਟ ਰਾਹੀਂ ਡੇਰਾ ਸਿਰਸਾ ਤੋਂ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰਾਂ ਨੂੰ ਨੁਕਸਾਨ ਦੀਆਂ ਸੂਚੀਆਂ ਤਿਆਰ ਕਰਨ ਵਾਸਤੇ ਹਦਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਸੱਤ ਪਰਿਵਾਰਾਂ ਦੇ ਜੀਅ ਚਲੇ ਗਏ ਹਨ, ਉਨ੍ਹਾਂ ਨੂੰ ਸਰਕਾਰੀ ਖ਼ਜ਼ਾਨੇ ਵਿਚੋਂ ਮੁਆਵਜ਼ਾ ਦੇਣ ਦੀ ਕੋਈ ਤੁਕ ਨਹੀਂ ਬਣਦੀ ਹੈ। ਕੈਪਟਨ ਅਮਰਿੰਦਰ ਨੇ ਕੇਂਦਰ ਤੇ ਭਾਜਪਾ ਖ਼ਿਲਾਫ਼ ਕੁਝ ਬੋਲਣ ਤੋਂ ਪਾਸਾ ਵੱਟਦਿਆਂ ਪ੍ਰਧਾਨ ਮੰਤਰੀ ਵੱਲੋਂ ਕੀਤੇ ਟਵੀਟ 'ਧਰਮ ਦੇ ਨਾਂ 'ਤੇ ਹਿੰਸਾ ਬਰਦਾਸ਼ਤ ਨਹੀਂ ਕਰਾਂਗੇ' ਦਾ ਸਵਾਗਤ ਕੀਤਾ। ਪੰਚਕੂਲਾ ਹਿੰਸਾ ਦੀ ਪੜਤਾਲ ਬਾਰੇ ਉਨ੍ਹਾਂ ਕਿਹਾ ਕਿ ਇਹ ਦੂਜੇ ਸੂਬੇ ਦਾ ਮਾਮਲਾ ਹੈ। ਇਸ ਬਾਰੇ ਫੈਸਲਾ ਕੇਂਦਰ ਸਰਕਾਰ ਨੇ ਲੈਣਾ ਹੈ। ਉਨ੍ਹਾਂ ਦੱਸਿਆ ਕਿ ਮਾਲਵੇ ਵਿਚ ਹੋਈ ਹਿੰਸਾ ਸਬੰਧੀ 23 ਕੇਸ ਦਰਜ ਕਰਕੇ 30 ਪ੍ਰੇਮੀ ਗ੍ਰਿਫ਼ਤਾਰ ਕੀਤੇ ਹਨ ਅਤੇ 62 ਪੈਟਰੋਲ ਬੰਬ ਬਰਾਮਦ ਕੀਤੇ ਹਨ। ਮੁੱਖ ਮੰਤਰੀ ਨੇ ਮਾਨਸਾ, ਗਿੱਦੜਬਾਹਾ ਤੋਂ ਇਲਾਵਾ ਬੱਲੂਆਣਾ ਤੇ ਮਲੋਟ ਦੇ ਰੇਲਵੇ ਸਟੇਸ਼ਨ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ। ਉਹ ਮੌੜ ਤੇ ਬਠਿੰਡਾ ਵਿਚ ਤਾਇਨਾਤ ਪੁਲੀਸ ਤੇ ਨੀਮ ਫੌਜੀ ਬਲਾਂ ਦੇ ਜਵਾਨਾਂ ਨੂੰ ਮਿਲੇ ਤੇ ਉਨ੍ਹਾਂ ਨੂੰ ਫਲ ਵੰਡੇ।

# ਜ਼ਿਲਾ ਪ੍ਰਸ਼ਾਸ਼ਨ ਨੇ 18 ਯਤੀਮ ਕੁੜੀਆਂ ਸਮੇਤ 650 ਲੋਕਾਂ ਨੂੰ ਡੇਰੇ 'ਚੋਂ ਬਾਹਰ ਲਿਆਂਦਾ

**ਸਿਰਸਾ/ਬਿਊਰੋ ਨਿਊਜ਼ :** ਜ਼ਿਲ੍ਹਾ ਪ੍ਰਸ਼ਾਸਨ ਨੇ 18 ਯਤੀਮ ਕੁੜੀਆਂ ਸਮੇਤ 650 ਵਿਅਕਤੀ ਡੇਰੇ ਵਿਚੋਂ ਕੱਢੇ ਹਨ। ਜ਼ਿਲ੍ਹਾ ਪ੍ਰਸ਼ਾਸਨ ਨੇ ਦਾਅਵਾ ਕੀਤਾ ਕਿ ਹੁਣ ਡੇਰੇ ਅੰਦਰ ਸਿਰਫ਼ ਢਾਈ ਤਿੰਨ ਸੌ ਵਿਅਕਤੀ ਰਹਿ ਗਏ ਹਨ। ਡੇਰੇ ਵਿਚੋਂ ਕੱਢੀਆਂ ਲੜਕੀਆਂ ਦਾ ਹਸਪਤਾਲ ਵਿਚੋਂ ਮੈਡੀਕਲ ਕਰਾਇਆ ਗਿਆ ਹੈ ਅਤੇ ਇਹ ਕੁੜੀਆਂ ਹੁਣ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਦੀ ਨਿਗਰਾਨੀ ਹੇਠ ਹਨ। ਡਿਪਟੀ ਕਮਿਸ਼ਨਰ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਡੇਰੇ ਵਿਚ ਬਣੇ 'ਸ਼ਾਹੀ ਬੇਟੀਆਂ ਬਸੇਰਾ' ਵਿੱਚੋਂ 18 ਸਾਲ ਤਕ ਦੀਆਂ 18 ਕੁੜੀਆਂ ਕੱਢੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹਾਲਾਤ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਸ਼ਹਿਰ ਵਿਚ ਫ਼ੌਜ, ਅਰਧ ਸੈਨਿਕ ਬਲ ਤੇ ਹਰਿਆਣਾ ਪੁਲੀਸ ਦੇ ਜਵਾਨ ਤਾਇਨਾਤ ਹਨ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਰਫਿਊ ਵਿੱਚ ਦਿੱਤੀ ਗਈ ਢਿੱਲ ਦੌਰਾਨ ਬੈਂਕ ਤੇ ਸਿੱਖਿਆ ਅਦਾਰੇ ਖੁੱਲ੍ਹੇ ਰਹੇ ਪਰ ਵਿਦਿਆਰਥੀਆਂ ਦੀ ਗਿਣਤੀ ਨਾਂ-ਮਾਤਰ ਹੀ ਸੀ। ਡੇਰਾ ਮੁਖੀ ਨੇ ਰਾਤ ਦਾ ਖਾਣਾ ਨਾ ਖਾਧਾ

### ਡੇਰੇ ਦੇ ਪੱਤਰਕਾਰ ਸਮੇਤ 8 ਪੈਰੋਕਾਰ ਗ੍ਰਿਫ਼ਤਾਰ :

**ਲਹਿਰਾਗਾਗਾ :** ਡੇਰਾ ਸਿਰਸਾ ਦੇ ਮੁਖੀ ਨੂੰ ਦੋਸ਼ੀ ਕਰਾਰ ਦਿੱਤੇ ਜਾਣ ਮਗਰੋਂ ਡੇਰਾ ਪ੍ਰੇਮੀਆਂ ਵੱਲੋਂ ਇੱਥੋਂ 5 ਕਿਲੋਮੀਟਰ ਦੂਰ ਪਿੰਡ ਖੋਖਰ ਕਲਾਂ ਕੋਲ ਸੰਗਤਪੁਰਾ ਰੋਡ ਸਥਿਤ ਵਿਸ਼ਾਲ ਗ਼ੋਦਾਮ ਵਿੱਚ ਕਥਿਤ ਤੌਰ 'ਤੇ ਅੱਗ ਲਾਉਣ ਦੇ ਦੋਸ਼ ਹੇਠ ਡੇਰੇ ਦੇ ਅਖ਼ਬਾਰ 'ਸੱਚ ਕਹੂੰ' ਦੇ ਇੱਕ ਪੱਤਰਕਾਰ ਸਣੇ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਥਾਣਾ ਛਾਜਲੀ ਦੇ ਸਹਾਇਕ ਥਾਣੇਦਾਰ ਪ੍ਰਸ਼ੋਤਮ ਸ਼ਰਮਾ ਨੇ ਦੱਸਿਆ ਕਿ ਉਪ ਪੁਲੀਸ ਕਪਤਾਨ ਯੋਗੇਸ਼ ਕੁਮਾਰ ਅਤੇ ਇੰਸਪੈਕਟਰ ਗੁਰਪ੍ਰਤਾਪ ਸਿੰਘ ਦੀ ਹਦਾਇਤ 'ਤੇ ਕਾਰਵਾਈ ਕਰਦੇ ਹੋਏ ਗ਼ੋਦਾਮ ਨੂੰ ਕਥਿਤ ਅੱਗ ਲਾਉਣ ਵਾਲੇ ਡੇਰਾ ਪੈਰੋਕਾਰਾਂ ਨੂੰ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ।

## ਪੰਜਾਬ 'ਚ ਡੇਰਾ ਸਿਰਸਾ ਦੀ ਸੰਪਤੀ ਦੀ 'ਰੈੱਡ ਐਂਟਰੀ'

**ਬਠਿੰਡਾ :** ਪੰਜਾਬ ਸਰਕਾਰ ਨੇ ਡੇਰਾ ਸਿਰਸਾ ਅਧੀਨ ਆਉਂਦੇ ਡੇਰਿਆਂ ਅਤੇ ਨਾਮ ਚਰਚਾ ਘਰਾਂ ਦੀ 'ਰੈੱਡ ਐਂਟਰੀ' ਪਵਾ ਦਿੱਤੀ ਹੈ। ਡੇਰਾ ਸਿਰਸਾ ਵੱਲੋਂ ਹੁਣ ਕੋਈ ਵੀ ਜਾਇਦਾਦ ਵੇਚੀ ਨਹੀਂ ਜਾ ਸਕੇਗੀ। ਡਿਪਟੀ ਕਮਿਸ਼ਨਰਾਂ ਨੇ ਦੋ ਦਿਨਾਂ ਦੌਰਾਨ ਡੇਰਿਆਂ ਦੀ ਸਾਰੀ ਜਾਇਦਾਦ ਸੀਲ ਕਰ ਦਿੱਤੀ ਹੈ। ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਸੂਬਾ ਭਰ ਵਿੱਚ ਡੇਰਿਆਂ ਦੀ ਜਾਇਦਾਦ ਦੇ ਵੇਰਵੇ ਅਤੇ ਅੰਦਾਜ਼ਨ ਕੀਮਤ ਦੀ ਸੂਚਨਾ ਇਕੱਤਰ ਕਰ ਕੇ ਹਾਈ ਕੋਰਟ ਵਿੱਚ ਪੇਸ਼ ਕੀਤੀ ਗਈ ਹੈ। ਸੂਬੇ ਵਿੱਚ ਡੇਰਿਆਂ ਅਤੇ ਨਾਮ ਚਰਚਾ ਘਰਾਂ ਤੋਂ ਇਲਾਵਾ ਡੇਰਾ ਸਿਰਸਾ ਦੀ ਹਰ ਤਰ੍ਹਾਂ ਦੀ ਜਾਇਦਾਦ ਦੀ ਕੀਮਤ ਅੰਦਾਜ਼ਨ 300 ਕਰੋੜ ਤੋਂ ਉਪਰ ਬਣਦੀ ਹੈ।
ਵੇਰਵਿਆਂ ਅਨੁਸਾਰ ਜ਼ਿਲ੍ਹਾ ਮੁਕਤਸਰ ਵਿੱਚ ਡੇਰਾ ਸਿਰਸਾ ਦੇ 7 ਡੇਰੇ ਅਤੇ ਨਾਮ ਚਰਚਾ ਘਰ ਹਨ, ਜਿਨ੍ਹਾਂ ਦੀ ਕਰੀਬ 43 ਏਕੜ ਜ਼ਮੀਨ ਬਣਦੀ ਹੈ। ਇਸ ਜਾਇਦਾਦ ਸਮੇਤ ਇਮਾਰਤਾਂ ਦੀ ਕੀਮਤ ਕਰੀਬ 10 ਕਰੋੜ ਰੁਪਏ ਬਣਦੀ ਹੈ। ਜ਼ਿਲ੍ਹਾ ਮਾਲ ਅਫ਼ਸਰ ਮੁਕਤਸਰ ਅਵਤਾਰ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਡੇਰਿਆਂ ਦੀ ਜਾਇਦਾਦ ਨੂੰ ਵਿਕਣੋਂ ਰੋਕਣ ਵਾਸਤੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਪੱਤਰ ਜਾਰੀ ਕਰ ਦਿੱਤੇ ਸਨ, ਜਿਨ੍ਹਾਂ ਨੇ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਇਨ੍ਹਾਂ ਜਾਇਦਾਦਾਂ ਦੀ 'ਰੈੱਡ ਐਂਟਰੀ' ਪਾ ਦਿੱਤੀ ਹੈ। ਇਵੇਂ ਹੀ ਬਠਿੰਡਾ ਜ਼ਿਲ੍ਹੇ ਵਿੱਚ ਇਨ੍ਹਾਂ ਡੇਰਿਆਂ ਅਤੇ ਨਾਮ ਚਰਚਾ ਘਰਾਂ ਦੀ ਕਰੀਬ 20 ਕਰੋੜ ਰੁਪਏ ਦੀ ਸੰਪਤੀ ਹੈ।

# ਪੀੜਤ ਸਾਧਵੀਆਂ ਦਾ ਬਿਆਨ- ਜਬਰ ਜਨਾਹ ਦਾ ਮਤਲਬ ਸੀ 'ਪਿਤਾ ਜੀ ਦੀ ਮੁਆਫ਼ੀ'



**ਚੰਡੀਗੜ੍ਹ/ਬਿਊਰੋ ਨਿਊਜ਼ :** ਸੀ.ਬੀ.ਆਈ. ਦੇ ਜੱਜਾਂ ਸਾਹਮਣੇ ਦੋ ਸਾਧਵੀਆਂ ਵੱਲੋਂ ਦਿੱਤੇ ਗਏ ਬਿਆਨਾਂ ਨੇ ਡੇਰੇ 'ਚ ਡੇਰਾ ਮੁਖੀ ਵੱਲੋਂ ਕੀਤੀਆਂ ਕਰਤੂਤਾਂ ਨੂੰ ਉਜਾਗਰ ਕੀਤਾ ਹੈ। ਸੀ. ਬੀ. ਆਈ. ਜੱਜਾਂ ਦੇ ਸਾਹਮਣੇ ਦਿੱਤੇ ਬਿਆਨ ਵਿਚ ਸਾਧਵੀਆਂ ਨੇ ਪੂਰੇ ਘਟਨਾਕ੍ਰਮ ਦਾ ਜ਼ਿਕਰ ਕਰਦਿਆਂ ਦੱਸਿਆ ਸੀ ਕਿ ਕਿਸ ਤਰ੍ਹਾਂ ਡੇਰਾ ਮੁਖੀ ਉਨ੍ਹਾਂ ਦਾ ਅਤੇ ਡੇਰੇ ਦੀਆਂ ਹੋਰਨਾਂ ਔਰਤਾਂ ਦਾ ਆਪਣੀ 'ਗੁਫ਼ਾ' (ਡੇਰਾ ਮੁਖੀ ਦੀ ਨਿੱਜੀ ਰਿਹਾਇਸ਼) ਵਿਚ ਜਬਰ ਜਨਾਹ ਕਰਦਾ ਸੀ ਅਤੇ ਡੇਰੇ ਵਿਚ ਜਬਰ ਜਨਾਹ ਲਈ 'ਕੋਡ ਵਰਡ' ਵਜੋਂ 'ਪਿਤਾਜੀ ਦੀ ਮੁਆਫ਼ੀ' ਵਰਤਿਆ ਜਾਂਦਾ ਸੀ। ਸਾਧਵੀਆਂ ਨੇ ਦੱਸਿਆ ਕਿ ਡੇਰਾ ਮੁਖੀ ਦੇ ਚੇਲੇ ਜਬਰ ਜਨਾਹ ਦੇ ਲਈ 'ਪਿਤਾਜੀ ਦੀ ਮੁਆਫ਼ੀ' ਸ਼ਬਦ ਦਾ ਇਸਤੇਮਾਲ ਕਰਦੇ ਸਨ। ਜਿਥੇ ਡੇਰਾ ਮੁਖੀ ਰਹਿੰਦਾ ਸੀ, ਉਥੇ ਸਿਰਫ ਮਹਿਲਾ ਸ਼ਰਧਾਲੂਆਂ ਦੀ ਤਾਇਨਾਤੀ ਹੀ ਹੋਇਆ ਕਰਦੀ ਸੀ। ਜ਼ਿਆਦਾਤਾਰ ਲੜਕੀਆਂ ਡੇਰੇ ਵਿਚ ਇਸ ਲਈ ਵੀ ਰਹਿਣ ਲਈ ਮਜਬੂਰ ਸਨ ਕਿਉਂਕਿ ਉਨ੍ਹਾਂ ਦੇ ਪਰਿਵਾਰ ਵਾਲੇ ਡੇਰਾ ਮੁਖੀ ਦੇ ਅੰਨ੍ਹੇ ਭਗਤ ਸਨ। ਸ਼ਿਕਾਇਤਾਂ ਦੇ ਬਾਵਜੂਦ ਘਰ ਵਾਲੇ ਉਨ੍ਹਾਂ ਦੀ ਇਕ ਨਹੀਂ ਸਨ ਸੁਣਦੇ।

ਹਰਿਆਣਾ ਦੇ ਯਮੁਨਾਨਗਰ ਦੀ ਰਹਿਣ ਵਾਲੀ ਇਕ ਪੀੜਤਾ ਨੇ ਵਿਸ਼ੇਸ਼ ਸੀ.ਬੀ.ਆਈ. ਜੱਜ ਏ.ਕੇ. ਵਰਮਾ ਦੇ ਸਾਹਮਣੇ 28 ਫ਼ਰਵਰੀ 2009 ਵਿਚ ਆਪਣਾ ਬਿਆਨ ਦਰਜ ਕਰਵਾਇਆ ਸੀ। ਸਾਧਵੀ ਮੁਤਾਬਕ ਸ਼ੁਰੂਆਤ ਵਿਚ ਤਾਂ ਉਸ ਨੂੰ ਸਮਝ ਨਹੀਂ ਆਈ, ਪਰ ਜਦੋਂ ਡੇਰੇ ਵਿਚਲੀਆਂ ਮਹਿਲਾ ਸ਼ਰਧਾਲੂਆਂ ਨੇ ਉਸ ਤੋਂ ਪੁੱਛਿਆ ਕੀ ਉਸ ਨੂੰ 'ਪਿਤਾਜੀ ਦੀ ਮੁਆਫ਼ੀ' ਮਿਲੀ। ਸੱਚ ਉਸ ਸਮੇਂ ਸਾਹਮਣੇ ਆਇਆ। ਉਸ ਨੇ ਦੱਸਿਆ ਕਿ ਡੇਰਾ ਮੁਖੀ ਨੇ 28 ਤੇ 29 ਅਗਸਤ 1999 ਦੀ ਦਰਮਿਆਨੀ ਰਾਤ ਨੂੰ ਉਸ ਨੂੰ ਆਪਣੀ ਗੁਫ਼ਾ ਵਿਚ ਬੁਲਾਇਆ ਤੇ ਉਸ ਨਾਲ ਜਬਰ ਜਨਾਹ ਕੀਤਾ। ਸਾਧਵੀ ਨੇ ਦੱਸਿਆ ਕਿ ਉਸ ਨੇ ਪੁਛਿਆ ਕਿ ਜੇ ਮੈਂ ਕੋਈ ਗ਼ਲਤੀ ਕੀਤੀ ਹੈ ਤਾਂ ਉਸ ਦਾ ਪਸ਼ਚਾਤਾਪ ਕਰ ਲਵਾਂ। ਮੈਂ ਉਸ ਨੂੰ ਦੱਸਿਆ ਕਿ ਕਾਲਜ 'ਚ ਪੜ੍ਹਨ ਦੌਰਾਨ ਮੈਂ ਕਿਸੇ ਮੁੰਡੇ ਨੂੰ ਜਾਣਦੀ ਸੀ ਤੇ ਉਹ ਜ਼ਰੂਰ ਹੁਣ ਮੈਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇਗਾ। ਉਸ ਨੇ ਕਿਹਾ, 'ਤੂੰ ਹੁਣ ਸਾਧਵੀ ਹੈਂ। ਤੇਰਾ ਹੁਣ ਆਪਣੇ ਸਰੀਰ ਤੇ ਮਨ ਉਪਰ ਕਾਬੂ ਹੋਣਾ ਚਾਹੀਦਾ ਹੈ। ਤੂੰ ਅਪਵਿੱਤਰ ਬਣ ਚੁੱਕੀ ਹੈਂ ਤੇ ਮੈਂ ਤੈਨੂੰ ਪਵਿੱਤਰ ਕਰਾਂਗਾ। ਉਸ ਨੇ ਵਿਰੋਧ ਕਰਨ 'ਤੇ ਮੈਨੂੰ ਕੁੱਟਣਾ-ਮਾਰਨਾ ਸ਼ੁਰੂ ਕਰ ਦਿੱਤਾ ਤੇ ਮੇਰੇ ਨਾਲ ਜਬਰ ਜਨਾਹ ਕੀਤਾ। ਮੈਂ ਕਿਹਾ, 'ਮੈਂ ਤਾਂ ਤੈਨੂੰ ਰੱਬ ਮੰਨਦੀ ਸੀ। ਉਸ ਨੇ ਕਿਹਾ ਕਿ ਭਗਵਾਨ ਕ੍ਰਿਸ਼ਨ ਵੀ ਇਸੇ ਤਰ੍ਹਾਂ ਕਰਦਾ ਸੀ। ਚਾਰਜਸ਼ੀਟ 'ਚ ਦਰਜ ਬਿਆਨ ਮੁਤਾਬਕ ਲਗਭਗ ਇਕ ਸਾਲ ਬਾਅਦ ਫਿਰ ਉਸ ਨੂੰ ਗੁਫਾ 'ਚ ਬੁਲਾਇਆ ਗਿਆ। ਉਸ ਨੇ ਜਾਨ ਤੋਂ ਮਨ੍ਹਾ ਕਰ ਦਿੱਤਾ। ਇਸ 'ਤੇ ਉਸ ਨੂੰ ਕਿਹਾ ਗਿਆ ਕਿ ਜੇ ਉਹ ਨਹੀਂ ਗਈ ਤਾਂ ਉਸ ਨੂੰ ਖਾਣਾ ਨਹੀਂ ਮਿਲੇਗਾ। ਡਰ ਕਾਰਨ ਉਹ ਦੁਬਾਰਾ ਗੁਫਾ 'ਚ ਚਲੀ ਗਈ ਅਤੇ ਉਸ ਨਾਲ ਦੁਬਾਰਾ ਬਲਾਤਕਾਰ ਕੀਤਾ ਗਿਆ। ਇਸ ਤੋਂ ਬਾਅਦ ਉਸ ਨੇ ਕਿਹਾ ਕਿ ਉਹ ਆਪਣੇ ਭਰਾ ਨੂੰ ਸਭ ਕੁੱਝ ਦੱਸ ਦੇਵੇਗੀ। ਸਾਧਵੀ ਦਾ ਭਰਾ ਵੀ ਡੇਰੇ 'ਚ 20 ਸਾਲਾਂ ਤੋਂ ਸੇਵਾ ਕਰ ਰਿਹਾ ਸੀ। ਇਸ 'ਤੇ ਬਾਬੇ ਨੇ ਕਿਹਾ ਕਿ ਉਸ ਦਾ ਭਰਾ ਮੇਰਾ ਕੱਟੜ ਸਮਰਥਕ ਹੈ। ਉਹ ਤੇਰੀਆਂ ਗੱਲਾਂ 'ਤੇ ਬਿਲਕੁਲ ਭਰੋਸਾ ਨਹੀਂ ਕਰੇਗਾ।

ਪੰਜ ਮਹੀਨੇ ਬਾਅਦ ਉਸ ਨੂੰ ਫਿਰ ਤੋਂ ਬੁਲਾਇਆ ਗਿਆ। ਬਾਬਾ ਨੇ ਫਿਰ ਧਮਕੀ ਦਿੱਤੀ ਅਤੇ ਕਿਹਾ ਕਿ ਜੇ ਉਸ ਨੇ ਦੱਸਿਆ ਤਾਂ ਉਸ ਦੇ ਪੂਰੇ ਪਰਿਵਾਰ ਨੂੰ ਖਤਮ ਕਰ ਦੇਵੇਗਾ।

ਪਰ ਸਾਧਵੀ ਨੇ ਹਿੰਮਤ ਕਰਕੇ ਆਪਣੇ ਭਰਾ ਨੂੰ ਸਭ ਕੁੱਝ ਦੱਸ ਦਿੱਤਾ। ਉਸ ਤੋਂ ਬਾਅਦ ਉਸ ਦਾ ਭਰਾ ਆਪਣੀ ਦੋ ਬੱਚਿਆਂ, ਜੋ ਡੇਰੇ 'ਚ ਰਹਿੰਦੇ ਸਨ ਅਤੇ ਸਾਧਵੀ ਨੂੰ ਲੈ ਕੇ ਡੇਰੇ ਤੋਂ ਚਲਾ ਗਿਆ। ਬਾਅਦ ਵਿਚ ਉਸ ਦਾ ਕਤਲ ਕਰ ਦਿੱਤਾ।

ਇਕ ਹੋਰ ਸਾਧਵੀ ਨੇ 4 ਮਈ 2006 ਨੂੰ ਫਤਿਹਾਬਾਦ 'ਚ ਬਿਆਨ ਦਰਜ ਕਰਵਾਏ ਕਿ ਉਸ ਨੇ ਜੁਲਾਈ 1998 'ਚ ਡੇਰਾ ਸੱਚਾ ਸੌਦਾ ਜੁਆਇਨ ਕੀਤਾ। ਉਸ ਨਾਲ ਉਸ ਦੀ ਭੈਣ ਵੀ ਸੀ। ਦੋਨਾਂ ਦੀ ਡਿਊਟੀ ਗਰਲ ਹੋਸਟਲ ਤੋਂ ਜਾਣ ਵਾਲੇ ਰਸਤੇ ਦੀ ਪਹਿਰੇਦਾਰੀ 'ਚ ਲੱਗਦੀ ਸੀ। ਡਿਊਟੀ ਦਾ ਸਮਾਂ ਰਾਤ 8 ਤੋਂ 12 ਵਜੇ ਅਤੇ 12 ਤੋਂ ਸਵੇਰੇ 4 ਵਜੇ ਤਕ ਰਹਿੰਦਾ ਸੀ। ਇਕ ਦਿਨ ਉਸ ਦੀ ਵੀ ਪਹਿਰੇਦਾਰੀ 'ਚ ਡਿਊਟੀ ਲੱਗੀ ਸੀ ਤਾਂ ਉਸ ਨੂੰ ਸੂਚਨਾ ਦਿੱਤੀ ਗਈ ਕਿ ਉਸ ਨੂੰ ਬਾਬੇ ਨੇ ਬੁਲਾਇਆ ਹੈ। ਉਹ ਬਾਬੇ ਨੂੰ ਰੱਬ ਮੰਨਦੀ ਸੀ। ਉਸ ਨੇ ਸੋਚਿਆ ਕਿ ਬਾਬੇ ਨੂੰ ਉਸ ਤੋਂ ਕੋਈ ਕੰਮ ਹੋਵੇਗਾ। ਜਦੋਂ ਉਹ ਗਈ ਤਾਂ ਉਸ ਨੂੰ ਕਿਹਾ ਗਿਆ ਕਿ ਦਰਵਾਜ਼ਾ ਬੰਦ ਕਰ ਦੇਵੇ ਅਤੇ ਉਸ ਕੋਲ ਆ ਕੇ ਬੈਠ ਜਾਵੇ। ਬਾਬੇ ਨੇ ਉਸ ਨੂੰ ਡੇਰੇ ਬਾਰੇ ਪੁੱਛਿਆ। ਕੁੱਝ ਦੇਰ ਬਾਅਦ ਉਸ ਨੇ ਛੇੜਛਾੜ ਸ਼ੁਰੂ ਕਰ ਦਿੱਤੀ। ਉਸ ਤੋਂ ਬਾਅਦ ਉਸ ਨਾਲ ਬਲਾਤਕਾਰ ਕੀਤਾ। ਗੁਫਾ 'ਚੋਂ ਨਿਕਲਣ ਤੋਂ ਬਾਅਦ ਸਾਧਵੀ ਨੇ ਆਪਣੇ ਮਾਪਿਆਂ ਨੂੰ ਦੱਸਿਆ ਅਤੇ ਉਸੇ ਦਿਨ ਉਹ ਆਪਣੀ ਭੈਣ ਨਾਲ ਡੇਰਾ ਛੱਡ ਕੇ ਚਲੀ ਗਈ।

9 ਸਤੰਬਰ 2010 ਨੂੰ ਇਕ ਹੋਰ ਸਾਧਵੀ ਨੇ ਆਪਣੇ ਬਿਆਨ ਵਿਚ ਦੱਸਿਆ ਸੀ ਕਿ ਉਹ ਜੂਨ 1998 ਵਿਚ ਡੇਰੇ ਨਾਲ ਜੁੜੀ ਸੀ। ਡੇਰਾ ਮੁਖੀ ਨੇ ਉਸ ਨੂੰ ਨਜ਼ਮ ਨਾਂਅ ਦਿੱਤਾ। ਸਿਰਸਾ ਦੀ ਰਹਿਣ ਵਾਲੀ ਪੀੜਤਾ ਨੇ ਦੱਸਿਆ ਸੀ ਕਿ ਉਹ ਵੀ ਆਪਣੇ ਘਰ ਵਾਲਿਆਂ ਦੇ ਕਹਿਣ 'ਤੇ ਡੇਰੇ ਵਿਚ ਆਈ ਸੀ। 1999 ਵਿਚ ਜਦੋਂ ਉਸ ਦੀ ਸੇਵਾ ਗੁਫ਼ਾ ਵਿਚ ਲੱਗੀ ਸੀ, ਤਾਂ ਉਸ ਨੂੰ ਅੰਦਰ ਬੁਲਾਇਆ ਗਿਆ ਤੇ ਡੇਰਾ ਮੁਖੀ ਨੇ ਉਸ ਨਾਲ ਜਬਰ ਜਨਾਹ ਕੀਤਾ ਅਤੇ ਕਿਸੇ ਨੂੰ ਵੀ ਇਸ ਬਾਰੇ ਵਿਚ ਨਾ ਦੱਸਣ ਦੀ ਧਮਕੀ ਦਿੱਤੀ।

## ਭਰਾ ਦੇ ਕਤਲ ਤੋਂ ਬਾਅਦ ਵੀ ਪਿੱਛੇ ਨਹੀਂ ਹਟੀ ਸੀ ਪੀੜਤ ਸਾਧਵੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਗਵਾਹ ਨੰਬਰ-5 ਜਾਂ ਫਿਰ ਉਸ ਦੀ ਪਛਾਣ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖ਼ਿਲਾਫ਼ ਮਾਮਲੇ ਦੀ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਬਣੀ ਸਾਧਵੀ ਵਜੋਂ ਹੈ। ਕਈ ਸਾਲਾਂ ਤਕ ਆਪਣੇ ਨਾਲ ਹੁੰਦੀਆਂ ਵਧੀਕੀਆਂ ਪ੍ਰਤੀ ਉਹ ਖਾਮੋਸ਼ ਰਹੀ ਪਰ 10 ਜੁਲਾਈ 2002 ਨੂੰ ਉਸ ਨੇ ਹੱਡਬੀਤੀ ਸੁਣਾਉਣ ਦਾ ਫ਼ੈਸਲਾ ਲਿਆ। ਭਰਾ ਨਾਲ ਅੰਤਾਂ ਦਾ ਮੋਹ ਸੀ ਜਿਸ ਨੇ ਡੇਰੇ ਪ੍ਰਤੀ ਅਥਾਹ ਸ਼ਰਧਾ ਕਰਕੇ ਉਸ ਨੂੰ ਸਾਧਵੀ ਬਣਵਾਇਆ ਸੀ ਪਰ ਉਸ ਦੇ ਕਤਲ ਨੇ ਭੈਣ ਨੂੰ ਝੰਜੋੜ ਕੇ ਰੱਖ ਦਿੱਤਾ। ਕੁਰੂਕਸ਼ੇਤਰ ਆਧਾਰਤ ਵਕੀਲ ਸੁਦੇਸ਼ ਕੁਮਾਰੀ ਮੁਤਾਬਕ ਭਰਾ ਦੇ ਕਤਲ ਤੋਂ ਇਹ ਸਾਧਵੀ ਅਜਿਹੀ ਹਿੱਲੀ ਕਿ ਉਸ ਨੇ ਇਨਸਾਫ਼ ਲਈ ਨਰਕ ਤਕ ਜਾਣ ਦਾ ਫ਼ੈਸਲਾ ਲੈ ਲਿਆ। ਉਹ ਅਕਸਰ ਆਖਦੀ, "ਤੁਸੀਂ ਸੋਚ ਨਹੀਂ ਸਕਦੇ ਕਿ ਡੇਰੇ ਵਿਚ ਕਿਹੋ ਜਿਹਾ ਸਮਾਂ ਬਿਤਾਇਆ ਹੈ।" ਉਸ ਨੂੰ ਹਰਿਆਣਾ ਪੁਲੀਸ 'ਤੇ ਭਰੋਸਾ ਨਹੀਂ ਸੀ ਅਤੇ ਉਹ ਸੀਬੀਆਈ ਤੋਂ ਪੂਰੇ ਮਾਮਲੇ ਦੀ ਜਾਂਚ ਚਾਹੁੰਦੀ ਸੀ। ਭਰਾ ਨੂੰ ਜਦੋਂ ਡੇਰੇ ਵਿਚ ਭੈਣ 'ਤੇ ਗੁਜ਼ਰੇ ਮਾੜੇ ਸਮੇਂ ਦਾ ਪਤਾ ਲੱਗਿਆ ਤਾਂ ਉਹ ਤੁਰੰਤ ਭੈਣ ਨੂੰ ਘਰ ਲੈ ਆਇਆ ਅਤੇ ਹੱਥ ਪੀਲੇ ਕਰ ਦਿੱਤੇ।

ਤਰਕਸ਼ੀਲ ਆਗੂ ਅਤੇ ਭਰਾ ਦੇ ਕਤਲ ਕੇਸ ਵਿਚ ਗਵਾਹ ਮਾਸਟਰ ਬਲਵੰਤ ਸਿੰਘ ਨੇ ਦੱਸਿਆ ਕਿ ਲੜਕੀ ਦੇ ਭਰਾ ਦਾ ਇਲਾਕੇ ਵਿਚ ਪੂਰਾ ਪ੍ਰਭਾਵ ਸੀ ਅਤੇ ਉਸ ਨੇ ਡੇਰਾ ਮੁਖੀ ਦਾ ਸ਼ਰਧਾਲੂ ਬਣਨ ਲਈ ਕਈਆਂ ਨੂੰ ਪ੍ਰੇਰਿਆ ਸੀ। ਉਸ ਨੂੰ ਜਦੋਂ 2001 ਵਿਚ ਭੈਣ ਦੇ ਦਰਦਾਂ ਦਾ ਪਤਾ ਲੱਗਿਆ ਤਾਂ ਉਹ ਬਿਲਕੁਲ ਟੁੱਟ ਗਿਆ ਅਤੇ ਡੇਰਾ ਮੁਖੀ ਦਾ ਪਰਦਾਫ਼ਾਸ਼ ਕਰਨਾ ਚਾਹੁੰਦਾ ਸੀ। ਮਾਸਟਰ ਮੁਤਾਬਕ ਸ਼ੁਰੂ ਵਿਚ ਉਸ ਨੇ ਇਸ ਦੀ ਜਾਣਕਾਰੀ ਆਪਣੇ ਜੀਜੇ ਨਾਲ ਸਾਂਝੀ ਕੀਤੀ ਸੀ। ਇਹ ਵੀ ਮੰਨਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਸਮੇਤ ਹੋਰ ਥਾਵਾਂ 'ਤੇ ਚਿੱਠੀ ਵੀ ਭਰਾ ਨੇ ਹੀ ਪਾਈ ਸੀ ਤਾਂ ਜੋ ਭੈਣ ਨੂੰ ਇਨਸਾਫ਼ ਦਿਵਾਇਆ ਜਾ ਸਕੇ। ਇਸੇ ਆਧਾਰ 'ਤੇ ਡੇਰਾ ਮੁਖੀ ਖ਼ਿਲਾਫ਼ ਜਿਸਮਾਨੀ ਸ਼ੋਸ਼ਣ ਦਾ ਕੇਸ ਦਰਜ ਕੀਤਾ ਗਿਆ ਸੀ। ਪੀੜਤਾ ਦੇ ਕਾਲਜ ਦਿਨਾਂ ਦੀ ਸਹੇਲੀ ਬਲਜੀਤ ਕੌਰ ਨੇ ਚੇਤੇ ਕਰਦਿਆਂ ਕਿਹਾ ਕਿ ਉਹ ਹੁਸ਼ਿਆਰ ਲੜਕੀ ਸੀ ਪਰ ਸਾਦਾ ਜੀਵਨ ਜਿਉਂਦੀ ਸੀ। ਉਸ ਮੁਤਾਬਕ ਉਹ ਇੰਨੀ ਸੋਹਣੀ ਸੁਨੱਖੀ ਸੀ ਕਿ ਉਸ ਦੇ ਮੁਕਾਬਲੇ ਦੀ ਕੋਈ ਫਿਲਮ ਅਦਾਕਾਰਾ ਦਿਖਾਈ ਨਹੀਂ ਦਿੰਦੀ। ਉਹ ਹੈਰਾਨ ਹੈ ਕਿ ਸਾਦ ਮੁਰਾਦੀ ਲੜਕੀ ਨਾਲ ਧਰਮ ਵਾਲੀ ਥਾਂ 'ਤੇ ਗਲਤ ਕਾਰਾ ਹੋ ਸਕਦਾ ਹੈ।

# ਡੇਰੇ ਤੋਂ ਜੇਲ੍ਹ ਤੱਕ ਦਾ ਸਫ਼ਰ

**ਚੰਡੀਗੜ੍ਹ/ਬਿਊਰੋ ਨਿਊਜ਼:** ਰਾਕਸਟਾਰ ਤੇ ਰੰਗੀਲਾ ਬਾਬਾ ਦੇ ਤੌਰ 'ਤੇ ਜਾਣੇ ਜਾਂਦੇ ਡੇਰਾ ਮੁਖੀ ਖ਼ਿਲਾਫ਼ ਜਬਰ ਜਨਾਹ ਤੇ ਅਪਰਾਧਿਕ ਮਾਮਲਿਆਂ ਦਾ ਦੌਰ 2002 'ਚ ਸ਼ੁਰੂ ਹੋ ਗਿਆ ਸੀ, ਜਿਸ 'ਚੋਂ ਜਬਰ ਜਨਾਹ ਦੇ ਮਾਮਲੇ 'ਚ ਡੇਰਾ ਮੁਖੀ ਨੂੰ ਦੋਸ਼ੀ ਕਰਾਰ ਦੇ ਦਿੱਤਾ ਹੈ ਤੇ ਸਜ਼ਾ ਸੁਣਾਈ ਗਈ ਹੈ। ਡੇਰਾ ਮੁਖੀ ਗੁਰਮੀਤ ਦਾ ਜਨਮ 15 ਅਗਸਤ, 1967 ਨੂੰ ਰਾਜਸਥਾਨ ਦੇ ਸ੍ਰੀਗੰਗਾਨਗਰ ਜ਼ਿਲ੍ਹੇ ਦੇ ਸ੍ਰੀ ਗੁਰੂਸਰ ਮੋਦੀਆਂ ਪਿੰਡ 'ਚ ਹੋਇਆ । ਜਦੋਂ ਉਸ ਦੀ ਉਮਰ 7 ਸਾਲ ਦੀ ਹੋਈ ਤਾਂ ਉਸ ਨੂੰ ਡੇਰਾ ਸੱਚਾ ਸੌਦਾ ਦੇ ਉਸ ਵੇਲੇ ਦੇ ਮੁਖੀ ਸ਼ਾਹ ਸਤਨਾਮ ਸਿੰਘ ਨੇ ਰਾਮ ਰਹੀਮ ਦਾ ਨਾਂਅ ਦਿੱਤਾ । ਇਸ ਉਪਰੰਤ 16 ਸਾਲ ਬਾਅਦ 1990 'ਚ ਸ਼ਾਹ ਸਤਨਾਮ ਸਿੰਘ ਨੇ ਪੂਰੇ ਦੇਸ਼ 'ਚੋਂ ਆਪਣੇ ਸਮਰਥਕਾਂ ਨੂੰ ਸਿਰਸਾ ਵਿਖੇ ਮਹਾਨ ਸਤਿਸੰਗ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ, ਜਿਥੇ ਸ਼ਾਹ ਸਤਨਾਮ ਨੇ 23 ਸਾਲਾ ਗੁਰਮੀਤ ਰਾਮ ਰਹੀਮ ਨੂੰ ਆਪਣਾ ਉਤਰਾਧਿਕਾਰੀ ਐਲਾਨਿਆ। ਉਸ ਨੇ 20




14 'ਚ ਆਪਣੀ ਪਹਿਲੀ ਫ਼ਿਲਮ 'ਮੈਸੰਜਰ ਆਫ ਗਾਡ' ਬਣਾਈ, ਜਿਸ ਦੀ ਰਿਲੀਜ਼ ਨੂੰ ਲੈ ਕੇ ਪੰਜਾਬ 'ਚ ਕਈ ਥਾਈਂ ਵਿਰੋਧ ਪ੍ਰਦਰਸ਼ਨ ਹੋਇਆ। ਇਸ ਤੋਂ ਬਾਅਦ ਉਸ ਨੇ 3 ਫ਼ਿਲਮਾਂ ਹੋਰ ਬਣਾਈਆਂ। 2002 'ਚ ਗੁਰਮੀਤ ਰਾਮ ਰਹੀਮ ਖਿਲਾਫ਼ ਅਪਰਾਧਾਂ ਤੇ ਵਿਵਾਦਾਂ ਦਾ ਦੌਰ ਸ਼ੁਰੂ ਹੋਇਆ। ਉਸ ਵੇਲੇ ਤੋਂ ਹੀ ਉਸ ਖਿਲਾਫ਼ ਜਬਰ ਜਨਾਹ, ਹੱਤਿਆ ਤੇ ਜਬਰੀ ਨਪੁੰਸਕ ਬਣਾਉਣ ਦੇ ਮਾਮਲੇ ਦਰਜ ਹਨ। ਇਸ ਤੋਂ ਇਲਾਵਾ ਹੋਰ ਜਿਹੜੇ ਮਾਮਲਿਆਂ 'ਚ ਉਸ ਦਾ ਨਾਂਅ ਦਰਜ ਹੈ, ਉਨ੍ਹਾਂ 'ਚ 2002 'ਚ ਹੀ ਹੱਤਿਆ ਦਾ ਮਾਮਲਾ ਤੇ 2014 'ਚ ਸਾਧੂਆਂ ਨੂੰ ਨਪੁੰਸਕ ਬਣਾਉਣ ਦਾ ਮਾਮਲਾ ਹੈ । 2007 'ਚ ਉਸ ਨੂੰ ਉਸ ਵੇਲੇ ਸਿੱਖ ਭਾਈਚਾਰੇ ਦੇ ਗੁੱਸੇ ਦਾ ਸ਼ਿਕਾਰ ਹੋਣਾ ਪਿਆ ਜਦੋਂ ਉਸ ਨੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਸੀ। ਬਦਨਾਮੀ ਦੇ ਬਾਵਜੂਦ ਗੁਰਮੀਤ ਰਾਮ ਰਹੀਮ ਸਿਰਸਾ ਵਿਖੇ ਕਈ ਏਕੜ ਫੈਲੇ ਡੇਰੇ 'ਤੇ ਰਾਜ ਕਰਦਾ ਹੈ। ਕਰੀਬ 1000 ਏਕੜ 'ਚ ਫੈਲਿਆ ਡੇਰਾ ਸਿਰਸਾ ਆਪਣੇ ਆਪ 'ਚ ਇਕ ਸ਼ਹਿਰ ਹੈ, ਜਿਥੇ ਸਕੂਲ, ਕਾਲਜ, ਖੇਡ ਪਿੰਡ, ਹਸਪਤਾਲ, ਸਿਨੇਮਾ ਹਾਲ, ਸ਼ਾਪਿੰਗ ਮਾਲ ਤੇ ਹੋਰ ਸੁੱਖ ਸਹੂਲਤਾਂ ਮੌਜੂਦ ਹਨ। ਡੇਰਾ ਸਿਰਸਾ ਵਿਖੇ ਰਾਜਨੀਤੀ ਪਾਰਟੀਆਂ ਦਾ ਡੇਰਾ ਸਿਰਸਾ ਵਿਖੇ ਆਉਣ-ਜਾਣ ਲੱਗਾ ਰਹਿੰਦਾ ਹੈ ਹਾਲਾਂਕਿ ਅਜੇ ਤੱਕ ਇਸ ਦਾ ਕੋਈ ਰਿਕਾਰਡ ਨਹੀਂ ਹੈ ਤੇ ਗੁਰਮੀਤ ਰਾਮ ਰਹੀਮ ਨੇ ਵੀ ਮੰਨਿਆ ਹੈ ਕਿ ਉਹ ਕਿਸੇ ਰਾਜਨੀਤਿਕ ਸਰਗਰਮੀ 'ਚ ਹਿੱਸਾ ਨਹੀਂ ਲੈਂਦਾ। ਡੇਰਾ ਮੁਖੀ ਨੇ ਇਹ ਅਧਿਕਾਰ ਡੇਰੇ ਦੇ ਰਾਜਨੀਤਿਕ ਵਿੰਗ ਨੂੰ ਦਿੱਤਾ ਹੈ ਕਿ ਡੇਰੇ ਨੇ ਕਿਸ ਦਾ ਸਮਰਥਨ ਕਰਨਾ ਹੈ। 2014 ਦੀਆਂ ਚੋਣਾਂ 'ਚ ਡੇਰੇ ਦੇ ਰਾਜਨੀਤਿਕ ਵਿੰਗ ਨੇ ਹਰਿਆਣਾ 'ਚ ਭਾਜਪਾ ਦਾ ਸਮਰਥਨ ਕੀਤਾ ਸੀ।

# ਮਹਿਜ਼ ਕਹਾਣੀ ਨਹੀਂ, ਕਵਿਤਾ ਹੈ ਦੋ ਕੁੜੀਆਂ ਦੀ ਜਿੱਤ ਦਾ ਸ਼ਾਨਦਾਰ ਸੰਘਰਸ਼

**ਪਾਲੀ ਭੁਪਿੰਦਰ**

15 ਸਾਲ ਦਾ ਅਰਸਾ ਲੜਨ ਲਈ ਇੱਕ ਜ਼ਮਾਨਾ ਹੁੰਦਾ ਹੈ। ਖਾਸ ਕਰਕੇ ਜਦੋਂ ਦੂਜੇ ਪਾਸੇ ਹੰਕਾਰਿਆ ਰਾਵਣ ਲਲਕਾਰੇ ਮਾਰ ਰਿਹਾ ਹੋਵੇ। ਸੋਚੋ! ਕੀ ਗੁਜ਼ਰਦੀ ਹੋਵੇਗੀ ਇਨ੍ਹਾਂ ਕੁੜੀਆਂ ਦੇ ਦਿਲ 'ਤੇ ਜਦੋਂ ਇਸ ਰਾਵਣ ਦੇ ਦਰਬਾਰ ਵਿੱਚ ਦੇਸ਼ ਦੇ ਮੰਤਰੀ ਤੇ ਸੰਤਰੀ ਆ ਕੇ ਸਲੂਟ ਮਾਰਦੇ ਹੋਣਗੇ ਤੇ ਅਗਲੇ ਦਿਨ ਦੇ ਅਖਬਾਰਾਂ ਵਿੱਚ ਉਹ ਰਾਵਣ ਨਾਲ ਉਨ੍ਹਾਂ ਦੀਆਂ ਤਸਵੀਰਾਂ ਵੇਖਦੀਆਂ ਹੋਣਗੀਆਂ। ਉਨ੍ਹਾਂ ਦੀ ਉਮਰ ਦੀਆਂ ਬਾਲੜੀਆਂ ਬਿਨਾਂ ਰਾਵਣ ਦੀ ਮਾਇਆ ਸਮਝੇ ਉਸ ਨੂੰ 'ਲਵ ਯੂ ਪਾਪਾ' ਕਹਿੰਦੀਆਂ ਹੋਣਗੀਆਂ ਤੇ ਉਨ੍ਹਾਂ ਵੱਲ ਨਿੰਦਾ-ਭਰੀਆਂ ਨਜ਼ਰਾਂ ਨਾਲ ਵੇਖਦੀਆਂ ਹੋਣਗੀਆਂ। ਕਚਹਿਰੀਆਂ ਅੰਦਰ ਪੁਲੀਸ ਵਾਲਿਆਂ ਦਾ ਰੁੱਖਾ ਵਿਹਾਰ ਤੇ ਵਕੀਲਾਂ ਦੇ ਤਿੱਖੇ ਸਵਾਲ... ਉਨ੍ਹਾਂ ਨੂੰ ਕਿੱਥੋਂ ਤੱਕ ਜ਼ਖ਼ਮੀ ਨਾ ਕਰਦੇ ਹੋਣਗੇ... ਪਰ ਉਹ ਨਹੀਂ



ਡੋਲੀਆਂ। ਉਨ੍ਹਾਂ ਦੀਆਂ ਅੱਖਾਂ ਭਰੀਆਂ ਹੋਣਗੀਆਂ ਪਰ ਉਹ ਲੜਦੀਆਂ ਰਹੀਆਂ। ਸਿੱਟਾ ਸਾਹਮਣੇ ਹੈ। ਰਾਵਣ ਦੀ ਲੰਕਾ ਨੂੰ ਸੜਨੀ ਸ਼ੁਰੂ ਹੋ ਚੁੱਕੀ ਹੈ। ਆਪਣੇ ਹੰਕਾਰ ਦੀ ਪੂਛ ਆਪਣੀਆਂ ਲੱਤਾਂ ਵਿੱਚ ਲੈ ਕੇ ਰੋ ਰਿਹਾ ਹੈ ਉਹ ਜੇਲ੍ਹ ਦੀ ਕੋਠੜੀ ਵਿੱਚ। ਸ਼ਾਇਦ ਉਸ ਦੇ ਰਾਜਨੀਤਕ ਆਕਾ ਉਸ ਨੂੰ ਬਾਹਰ ਕੱਢ ਲੈਣ ਕੁਝ ਮਹੀਨਿਆਂ ਬਾਅਦ ਪਰ ਹੁਣ ਦੁਨੀਆਂ ਲਈ ਉਹ ਰਾਜਨੀਤਕ ਪਾਲਤੂ ਤੋਂ ਵੱਧ ਕੁਝ ਨਹੀਂ ਹੋਵੇਗਾ। ਉਸ ਦੇ 'ਹੋਣ' ਦਾ ਹੰਕਾਰ ਸਦਾ ਲਈ ਮਿਟ ਗਿਆ ਹੈ। ਹੁਣ ਉਹ ਹੋ ਕੇ ਵੀ ਨਹੀਂ ਹੋਵੇਗਾ। ਇਹ ਕੁੜੀਆਂ ਕੌਣ ਨੇ! ਅਸੀਂ ਨਹੀਂ ਜਾਣਦੇ। ਜਾਨਣਾ ਵੀ ਨਹੀਂ ਚਾਹੁੰਦੇ। ਪਰ ਅਸੀਂ ਚਾਹੁੰਦੇ ਹਾਂ ਕਿ ਉਹ ਕੁੜੀਆਂ ਇਹ ਜਾਣ ਲੈਣ... ਉਨ੍ਹਾਂ ਨੇ ਇਤਿਹਾਸ ਬਦਲ ਦਿੱਤਾ ਹੈ। ਉਨ੍ਹਾਂ ਨੇ ਧਰਮ ਦਾ ਚੋਲਾ ਪਾ ਕੇ ਡੇਰਿਆਂ ਅੰਦਰ ਫਿਰਦੇ ਕਾਮ ਦੇ ਭੁੱਖੇ ਲੂੰਬੜਾਂ ਦੇ ਚੋਲੇ ਨੂੰ ਲੀਰੋ-ਲੀਰ ਕਰ ਸੁੱਟਿਆ ਹੈ। ਉਨ੍ਹਾਂ ਦੀ ਲੜਾਈ ਬੇਕਾਰ ਨਹੀਂ ਜਾਏਗੀ। ਉਨ੍ਹਾਂ ਤੋਂ ਪ੍ਰੇਰਨਾ ਲੈ ਕੇ ਹੋਰ ਵੀ ਕੁੜੀਆਂ ਹੌਸਲਾ ਕਰਨਗੀਆਂ ਤੇ ਇਹੋ ਜਿਹੇ ਲੂੰਬੜਾਂ ਦੇ ਚੰਗੁਲ ਤੋਂ ਮੁਕਤ ਹੋ ਕੇ ਆਪਣੀ ਜਿੰਦਗੀ ਜਿਉਣਗੀਆਂ। ਉਹ ਇਹ ਜਾਣ ਲੈਣ ਕਿ ਉਨ੍ਹਾਂ ਨੇ ਜੋ ਕੀਤਾ, ਉਹ ਕਰਨਾ ਬੇਹੱਦ ਜ਼ਰੂਰੀ ਸੀ ਤੇ ਸ਼ਾਇਦ ਉਹੀ ਕਰ ਸਕਦੀਆਂ ਸਨ। ਉਹ ਜਾਣ ਲੈਣ ਕਿ ਉਨ੍ਹਾਂ ਨੇ ਨਾਰੀ-ਮਾਣ ਦਾ ਇੱਕ ਸ਼ਾਨਦਾਰ ਮਹਾਂਕਾਵਿ ਸਿਰਜਿਆ ਹੈ ਤੇ ਉਹ ਆਪ ਇਸ ਮਹਾਂਕਾਵਿ ਦੀਆਂ ਮਹਾਂ-ਨਾਇਕਾਵਾਂ ਹਨ।

# ਰਣਜੀਤ ਸਿੰਘ ਦੇ ਪਰਿਵਾਰ ਨੂੰ ਵੀ ਨਿਆਂ ਮਿਲਣ ਦੀ ਆਸ ਬੱਝੀ

**ਕੁਰੂਕਸ਼ੇਤਰ/ਬਿਊਰੋ ਨਿਊਜ਼:** ਸੀਬੀਆਈ ਦੀ ਵਿਸ਼ੇਸ਼ ਅਦਾਲਤ ਵੱਲੋਂ ਸਾਧਵੀਆਂ ਨਾਲ ਬਲਾਤਕਾਰ ਮਾਮਲੇ ਵਿਚ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਣਾਈ ਦਸ ਸਾਲ ਦੀ ਸਜ਼ਾ ਦੇ ਫ਼ੈਸਲੇ ਨਾਲ ਪਿੰਡ ਖ਼ਾਨਪੁਰ ਕੋਲਿਆਂ ਦੇ ਇਕ ਪਰਿਵਾਰ ਦੇ ਵਿਹੜੇ ਵਿਚ ਖ਼ੁਸ਼ੀ ਦਾ ਮਾਹੌਲ ਹੈ। ਇਸ ਪਰਿਵਾਰ ਦੇ ਜੀਅ ਰਣਜੀਤ ਸਿੰਘ ਦੀ ਹੱਤਿਆ ਦੇ ਦੋਸ਼ ਵਿਚ ਡੇਰਾ ਮੁਖੀ



ਮਰਹੂਮ ਰਣਜੀਤ ਸਿੰਘ ਦੇ ਘਰ ਵਿੱਚ ਮੌਜੂਦ ਪਰਿਵਾਰਕ ਮੈਂਬਰ ਤੇ ਹੋਰ।

ਤੇ ਉਸ ਦੇ ਕਈ ਸਾਥੀ ਮੁਲਜ਼ਮ ਵਜੋਂ ਨਾਮਜ਼ਦ ਹਨ। ਫ਼ੈਸਲੇ ਨਾਲ ਪਰਿਵਾਰ ਨੂੰ ਨਿਆਂ ਮਿਲਣ ਦੀ ਆਸ ਬੱਝੀ ਹੈ। ਪਰਿਵਾਰ ਨੇ ਫ਼ੈਸਲੇ 'ਤੇ ਖ਼ੁਸ਼ੀ ਤੇ ਸਬਰ ਜ਼ਾਹਰ ਕਰਦਿਆਂ ਇਸ ਨੂੰ ਨਿਆਂ ਦੀ ਜਿੱਤ ਦੱਸਿਆ ਹੈ। ਰਣਜੀਤ ਸਿੰਘ ਦੇ ਘਰ ਦੇ ਬਰਾਮਦੇ ਵਿੱਚ ਮੌਜੂਦ ਅਤੇ ਰਿਸ਼ਤੇ ਵਿਚ ਉਸ ਦੇ ਭਰਾ ਲਗਦੇ ਮਿਲਖੀ ਰਾਮ, ਰਿਸ਼ਤੇਦਾਰ ਸੂਰਤ ਸਿੰਘ ਮਲਿਕ, ਰਾਮਸ਼ਰਣ, ਕ੍ਰਿਪਾਲ, ਰਘੁਬੀਰ, ਪਰਮਜੀਤ ਲਾਠਰ ਨੇ ਜੇਤੂ ਨਿਸ਼ਾਨ ਬਣਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਜੋ ਕੁਝ ਮਿਲਿਆ ਹੈ, ਉਹ ਨਿਆਂ ਪਾਲਿਕਾ ਦੀ ਦੇਣ ਹੈ। ਮਿਲਖੀ ਰਾਮ ਨੇ ਕਿਹਾ ਕਿ ਅਦਾਲਤੀ ਫ਼ੈਸਲੇ ਨਾਲ ਜਿੱਥੇ ਆਮ ਆਦਮੀ ਦਾ ਨਿਆਂ ਪਾਲਿਕਾ 'ਤੇ ਵਿਸ਼ਵਾਸ ਵਧਿਆ ਹੈ, ਉਥੇ ਕਾਨੂੰਨ 'ਤੇ ਭਰੋਸਗੀ ਪਕੇਰੀ ਹੋਈ ਹੈ। ਉਨ੍ਹਾਂ ਆਸ ਜਤਾਈ ਕਿ ਹੁਣ ਰਣਜੀਤ ਸਿੰਘ ਤੇ ਪੱਤਰਕਾਰ ਛਤਰਪਤੀ ਦੇ ਕਤਲ ਮਾਮਲਿਆਂ ਵਿਚ ਵੀ ਨਿਆਂ ਮਿਲੇਗਾ ਤੇ ਅਦਾਲਤ ਵੱਲੋਂ ਰਾਮ ਰਹੀਮ ਨੂੰ ਸਜ਼ਾ ਸੁਣਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਦੋਵਾਂ ਮਾਮਲਿਆਂ ਵਿਚ ਆਖਰੀ ਜਿਰ੍ਹਾ ਲਈ 16 ਸਤੰਬਰ ਦੀ ਤਰੀਕ ਮੁਕੱਰਰ ਹੈ। ਇਸ ਦੌਰਾਨ ਉਨ੍ਹਾਂ ਡੇਰਾ ਮੁਖੀ ਦੇ ਨਾਲ ਨਾਲ ਸਾਰੀਆਂ ਪਾਰਟੀਆਂ ਦੇ ਰਾਜਸੀ ਆਗੂਆਂ ਵੱਲ ਵੀ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਰਾਜਸੀ ਆਗੂਆਂ ਵੱਲੋਂ ਕੀਤੀ ਮਦਦ ਸਦਕਾ ਹੀ ਡੇਰਾ ਮੁਖੀ ਇੰਨਾ ਵੱਡਾ ਸਾਮਰਾਜ ਖੜ੍ਹਾ ਕਰ ਸਕਿਆ। ਉਨ੍ਹਾਂ ਡੇਰੇ ਦੀ ਜਾਂਚ ਕਰਾਏ ਜਾਣ ਦੀ ਵੀ ਮੰਗ ਕੀਤੀ।

ਅੰਮ੍ਰਿਤਸਰ ਟਾਈਮਜ਼ AMRITSAR TIMES
30 ਅਗਸਤ 2017 ਤੋਂ 05 ਸਤੰਬਰ 2017

# ਲਾਜ਼ਮ ਹੈ ਅਤਿ ਦਾ ਅੰਤ ਹੋਣਾ

## *ਸਿੱਖ ਆਗੂਆਂ ਦੇ ਸਿਰ ਜੋੜ ਬੈਠਣ ਦਾ ਵੇਲਾ*

**ਕਮਲ ਦੁਸਾਂਝ**

ਅਤਿ ਚੁੱਕਣ ਵਾਲੇ ਦਾ ਅੰਤ ਹੁੰਦਾ ਹੀ ਹੈ। ਜਦੋਂ ਪਾਪਾਂ ਦਾ ਘੜਾ ਭਰ ਜਾਵੇ ਤਾਂ ਉਸ ਨੇ ਡੁੱਲਣਾ ਹੀ ਹੁੰਦਾ ਹੈ। ਬਲਾਤਕਾਰੀ ਡੇਰੇਦਾਰ ਗੁਰਮੀਤ ਰਾਮ ਰਹੀਮ ਦੇ ਪਾਪਾਂ ਦਾ ਘੜਾ ਵੀ ਟੁੱਟ ਗਿਆ ਹੈ। ਉਹਦੇ ਕੁਕਰਮਾਂ ਦੀ ਸਜ਼ਾ ਉਸ ਮਿਲ ਗਈ ਹੈ। ਪਰ ਇਸ ਘੜੇ ਵਿਚ ਉਹਦੇ ਸਿਆਸੀ ਜੋਟੀਦਾਰਾਂ ਨੇ ਵੀ ਖ਼ੂਬ ਤਾਰੀਆਂ ਲਾਈਆਂ ਹਨ। ਅਦਾਲਤ, ਖ਼ਾਸ ਤੌਰ 'ਤੇ ਸੀ.ਬੀ.ਆਈ. ਜੱਜ ਜਗਦੀਪ ਸਿੰਘ ਨੇ ਜੋ ਦਲੇਰੀ ਦਿਖਾਈ ਹੈ, ਉਥੇ ਭ੍ਰਿਸ਼ਟ ਸਿਆਸੀ ਤੰਤਰ ਦਾ ਬੇਸ਼ਰਮ ਚਿਹਰਾ ਹੋਰ ਵੀ ਭਿਆਨਕ ਰੂਪ ਨਾਲ ਸਾਹਮਣੇ ਆਇਆ ਹੈ। ਕੁਕਰਮੀਆਂ ਨੂੰ ਭਾਵੇਂ ਸਿਆਸੀ ਪੁਸ਼ਤ-ਪਨਾਹੀ ਕੋਈ ਨਵੀਂ ਗੱਲ ਨਹੀਂ ਪਰ ਜੇਕਰ ਅਦਾਲਤੀ ਨਿਆਂ ਪ੍ਰਣਾਲੀ ਹੀ ਇਸੇ ਤਰਾਂ ਇਨਸਾਫ਼ ਕਰਦੀ ਹੁੰਦੀ ਤਾਂ ਅੱਜ 1984 ਦੇ ਕਤਲੇਆਮ, ਗੁਜਰਾਤ ਵਿਚਲੇ ਗੋਧਰਾ ਕਾਂਡ, ਮੁਜ਼ੱਫਰ ਨਗਰ ਦੰਗਿਆਂ ਦੇ ਮੁੱਖ ਦੋਸ਼ੀਆਂ ਨੂੰ ਕਦੋਂ ਦੀਆਂ ਸਜ਼ਾਵਾਂ ਮਿਲ ਗਈਆਂ ਹੁੰਦੀਆਂ। ਪਰ ਜੋ ਜ਼ੇਰਾ ਜੱਜ ਜਗਦੀਪ ਸਿੰਘ, ਸੀ.ਬੀ.ਆਈ. ਅਧਿਕਾਰੀਆਂ ਨੇ ਦਿਖਾਇਆ ਹੈ, ਉਸ ਨਾਲ ਆਮ ਲੋਕਾਂ ਨੂੰ ਨਿਆਂ ਪ੍ਰਣਾਲੀ 'ਤੇ ਇਕ ਵਾਰ ਫੇਰ ਭਰੋਸਾ ਬਣਿਆ ਹੈ।

'ਬਲਾਤਕਾਰੀ ਬਾਬੇ' ਰਾਮ ਰਹੀਮ ਨੂੰ ਬੇਸ਼ੱਕ ਦੋ ਵੱਖ ਵੱਖ ਮਾਮਲਿਆਂ ਵਿਚ 20 ਸਾਲ ਦੀ ਕੈਦ ਹੋਈ ਹੈ ਤੇ ਹੱਤਿਆ ਵਰਗੇ ਹੋਰਨਾਂ ਮਾਮਲਿਆਂ ਵਿਚ ਸਜ਼ਾ ਹੋਣੀ ਬਾਕੀ ਹੈ, ਪਰ ਨਾਲੋ-ਨਾਲ ਸਤਲੋਕ ਆਸ਼ਰਮ ਬਰਵਾਲਾ (ਹਰਿਆਣਾ) ਦੇ ਸੰਚਾਲਕ ਰਾਮਪਾਲ ਨੂੰ ਦੋ ਮਾਮਲਿਆਂ 'ਚੋਂ ਸਬੂਤਾਂ ਦੀ ਘਾਟ ਕਾਰਨ ਬਰੀ ਕਰਨ ਦੇ ਮਾਮਲੇ ਨੇ ਨਿਰਾਸ਼ ਵੀ ਕੀਤਾ ਹੈ। ਲੋਕਾਂ ਦੀ ਆਰਥਿਕ ਲੁੱਟ ਕਰਨ, ਉਨਾਂ ਦੇ ਭਰੋਸੇ, ਭਾਵਨਾਵਾਂ ਦਾ ਕਤਲ ਕਰਨ ਵਾਲਿਆਂ ਦੀਆਂ ਸਜ਼ਾਵਾਂ ਵੀ ਸਖ਼ਤ ਹੋਣੀਆਂ ਚਾਹੀਦੀਆਂ ਹਨ। ਰਾਮ ਰਹੀਮ ਦੇ ਮਾਮਲੇ ਵਿਚ ਅਦਾਲਤ ਨੇ ਜਿਸ ਤਰਾਂ ਹੁੜਦੰਗਬਾਜ਼ਾਂ, ਰਾਮ ਰਹੀਮ ਦੀ ਚਾਕਰ ਕਰਨ ਵਾਲੇ ਮੁਲਾਜ਼ਮਾਂ ਤੇ ਅਧਿਕਾਰੀਆਂ ਖ਼ਿਲਾਫ਼ ਸਖ਼ਤੀ ਦਿਖਾਈ ਹੈ, ਉਥੇ ਸਭ ਤੋਂ ਵੱਡੀ ਸਜ਼ਾ ਸਿਆਸਤਦਾਨਾਂ ਦੀ ਵੀ ਬਣਦੀ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ, ਜੋ ਰਾਮ ਰਹੀਮ ਦੇ ਡੇਰੇ 'ਤੇ ਸਿਰ ਨਿਵਾਉਂਦੇ ਰਹੇ ਹਨ, ਅਦਾਲਤੀ ਹੁਕਮਾਂ ਨੂੰ ਟਿੱਚ ਜਾਣਦਿਆਂ ਹੁੱਲੜਬਾਜ਼ਾਂ ਨੂੰ ਬੇਖ਼ੌਫ਼ ਖੁੱਲਾ ਛੱਡਣ ਦੀ ਚੁੱਪ-ਚਪੀਤੇ ਹਾਮੀ ਭਰੀ, ਉਨਾਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਦੀ ਲੋੜ ਹੈ। ਵੈਸੇ, ਇਹ ਪਹਿਲੀ ਵਾਰ ਨਹੀਂ ਜਦੋਂ ਖੱਟਰ ਨੇ ਅਜਿਹੇ ਹਾਲਾਤ ਸੂਬੇ ਵਿਚ ਪੈਦਾ ਹੋਣ ਦਿੱਤੇ। ਜਾਟ ਅੰਦੋਲਨ ਦੌਰਾਨ ਵੀ ਲੁੱਟ-ਖੋਹ ਦੇ ਨਾਲ ਨਾਲ ਰਾਹਗੀਰ ਔਰਤਾਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਵਾਪਰਨ ਮਗਰੋਂ ਵੀ ਖੱਟਰ ਤੋਂ ਅਸਤੀਫ਼ਾ ਨਹੀਂ ਲਿਆ ਗਿਆ। ਇਸੇ ਤਰਾਂ ਭਾਜਪਾ ਦੇ ਹੀ ਇਕ ਹੋਰ ਮੰਤਰੀ ਰਾਮ ਵਿਲਾਸ ਦਾ ਡੇਰਾ ਪ੍ਰੇਮੀਆਂ ਦੀ ਆਮਦ ਨੂੰ ਰੋਕਣ ਦੀ ਥਾਂ ਉਨਾਂ ਲਈ ਲੰਗਰ ਲਾਉਣਾ ਤੇ ਕਹਿਣਾ ਕਿ ਉਹ ਡੇਰਾ ਪ੍ਰੇਮੀਆਂ ਦੀ ਆਸਥਾ 'ਤੇ ਰੋਕ ਨਹੀਂ ਲਾ ਸਕਦੇ ਤੇ ਫੇਰ ਵਿਗੜੇ ਹਾਲਾਤ ਲਈ ਉਨਾਂ ਦੀ ਅਹੁਦੇ ਤੋਂ ਛਾਂਟੀ ਕਿਉਂ ਨਹੀਂ ਹੋਣੀ ਚਾਹੀਦੀ? ਮੰਤਰੀ ਇਹ ਭੁੱਲ ਗਏ ਹਰਿਆਣਾ ਦੇ ਜਿਹੜੇ ਵੋਟਰਾਂ ਨੇ ਆਪਣੀ ਆਰਥਿਕ, ਸਮਾਜਿਕ ਸੁਰੱਖਿਆ ਲਈ ਉਨਾਂ ਨੂੰ ਭਰੋਸੇ ਤਹਿਤ ਵੋਟ ਦਿੱਤੀ ਹੈ, ਉਨਾਂ ਪ੍ਰਤੀ ਉਨਾਂ ਦੀ ਜ਼ਿੰਮੇਵਾਰੀ ਕਿੱਥੇ ਗਈ? ਹਾਈ ਕੋਰਟ ਦਾ ਕੇਂਦਰ ਦੇ ਸਰਕਾਰੀ ਵਕੀਲ ਨੂੰ ਇਥੋਂ ਤਕ ਕਹਿਣਾ ਕਿ ਮੋਦੀ ਭਾਜਪਾ ਦੇ ਨਹੀਂ, ਪੂਰੇ ਭਾਰਤ ਦੇ ਪ੍ਰਧਾਨ ਮੰਤਰੀ ਹਨ, ਮੁਲਕ ਦੀ ਗਰਕ ਚੁੱਕੀ ਸਿਆਸਤ ਵੱਲ ਇਸ਼ਾਰਾ ਕਰਦਾ ਹੈ।

ਪਰ ਸਾਰੀ ਜ਼ਿੰਮੇਵਾਰੀ ਸਿਆਸੀ ਤੰਤਰ 'ਤੇ ਸੁੱਟ ਕੇ ਵੀ ਬਾਕੀ ਧਿਰਾਂ ਨੂੰ ਬਰੀ ਨਹੀਂ ਕੀਤਾ ਜਾ ਸਕਦਾ। ਜੇਕਰ ਇਹ ਮਸਲਾ ਆਸਥਾ ਦਾ ਹੈ ਤਾਂ ਇਨਾਂ ਸਥਿਤੀਆਂ ਨੂੰ ਪੈਦਾ ਕਰਨ ਲਈ ਧਾਰਮਿਕ 'ਠੇਕੇਦਾਰ' ਵੀ ਬਰਾਬਰ ਦੇ ਦੋਸ਼ੀ ਹਨ। ਸਭ ਤੋਂ ਪਹਿਲਾ ਸਵਾਲ ਤਾਂ ਇਹੀ ਉਭਰ ਕੇ ਆਉਂਦਾ ਹੈ ਕਿ ਆਖ਼ਰ ਲੋਕ ਗੁਰੂ ਗ੍ਰੰਥ ਸਾਹਿਬ ਦਾ ਪੱਲਾ ਛੱਡ ਕੇ ਡੇਰਿਆਂ ਦੇ ਮਗਰ ਕਿਉਂ ਲਗਦੇ ਹਨ? ਭਾਵੇਂ ਇਸ ਮਸਲੇ 'ਤੇ ਤਾਜ਼ਾ ਸਥਿਤੀਆਂ ਮਗਰੋਂ ਵਿਚਾਰ-ਵਟਾਂਦਰਾ ਸ਼ੁਰੂ ਹੋ ਗਿਆ ਹੈ ਪਰ ਜ਼ਿੰਮੇਵਾਰ ਧਿਰਾਂ ਨੇ ਸਿਰ ਜੋੜ ਕੇ ਬੈਠਣ ਵਿਚ ਜ਼ਰਾ ਦੇਰੀ ਕਰ ਦਿੱਤੀ। ਪਰ, ਏਨੀ ਦੇਰੀ ਵੀ ਨਹੀਂ ਕਿ ਭੁੱਲ ਸੁਧਾਰੀ ਨਾ ਜਾ ਸਕੇ, ਬਸ਼ਰਤੇ ਧਰਮ ਵਿਚੋਂ ਸਿਆਸਤ ਨੂੰ ਪੂਰੀ ਤਰਾਂ ਮਨਫ਼ੀ ਕਰਨਾ ਪਏਗਾ। ਡੇਰਿਆਂ ਨਾਲ ਜੁੜਨ ਵਾਲੇ ਦਲਿਤ ਜਾਂ ਆਰਥਿਕ ਪੱਖੋਂ ਕਮਜ਼ੋਰ ਲੋਕ ਹਨ, ਜਿਨਾਂ ਨੂੰ ਗੁਰੂਆਂ ਦੇ ਉਪਦੇਸ਼ਾਂ ਦੇ ਉਲਟ ਗੁਰੂਘਰਾਂ ਵਿਚ ਵੜਨ ਨਹੀਂ ਦਿੱਤਾ ਜਾਂਦਾ। ਗੁਰੂ ਗ੍ਰੰਥ ਸਾਹਿਬ ਵਿਚ ਅਟੱਲ ਵਿਸ਼ਵਾਸ ਰੱਖਣ ਵਾਲਿਆਂ ਨੇ ਜਾਂ ਤਾਂ ਆਪਣੇ ਗੁਰਦੁਆਰੇ ਵੱਖਰੇ ਬਣਾ ਲਏ ਜਾਂ ਫੇਰ ਉਹ ਡੇਰਿਆਂ ਦੇ ਮਗਰ ਲੱਗ ਗਏ। ਤਾਜ਼ਾ ਸਥਿਤੀਆਂ ਵਿਚ ਜਦੋਂ ਹੁਣ ਚਰਚਾ ਤੁਰੀ ਹੈ ਤਾਂ ਇਸ ਘਟਨਾ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ 4 ਦਿਨ ਪਹਿਲਾਂ ਪੰਚਕੂਲਾ ਹਿੰਸਾ ਵਿਚ ਅੰਮ੍ਰਿਤਧਾਰੀ ਪਰਿਵਾਰ ਦੇ ਮਾਰੇ ਗਏ ਬੱਚੇ ਦੀ ਅੰਤਿਮ ਅਰਦਾਸ ਲਈ ਉਸ ਦੇ ਬਾਪ ਨੂੰ ਗੁਰੂਘਰ ਜਾ ਕੇ ਪਾਵਨ ਸਰੂਪ ਲਈ ਹਾੜੇ ਕੱਢਣੇ ਪਏ। ਬਲਾਤਕਾਰੀ ਡੇਰੇਦਾਰ ਨੂੰ ਤਾਂ ਅਕਾਲ ਤਖ਼ਤ ਸਾਹਿਬ ਤੋਂ ਮੁਆਫ਼ੀ ਦੇਣ ਦੀਆਂ ਗੋਂਦਾਂ ਗੁੰਦੀਆਂ ਜਾਂਦੀਆਂ ਹਨ ਪਰ ਸਾਧਾਰਨ ਪਰਿਵਾਰ ਨੂੰ ਗੁਰ ਮਰਿਆਦਾ ਰਾਹੀਂ ਅੰਤਿਮ ਅਰਦਾਸ ਕਰਨ ਦੀ ਵੀ ਆਗਿਆ ਤੱਕ ਨਾ ਦੇਣਾ, ਕਿਥੋਂ ਦਾ ਧਰਮ ਹੈ? ਇਹੀ ਨਹੀਂ, ਕੁਝ ਦਿਨ ਪਹਿਲਾਂ ਮੁਹਾਲੀ ਵਿਚ ਧਰਨਾ ਲਾਈ ਬੈਠੇ ਅਧਿਆਪਕਾਂ ਨਾਲ ਪ੍ਰਸ਼ਾਸਨ ਨੇ ਤਾਂ ਰਾਸ਼ਣ-ਪਾਣੀ ਪੁੱਜਦਾ ਨਾ ਕਰਕੇ ਬੇਰਹਿਮੀ ਦਿਖਾਈ ਹੀ ਪਰ ਨਾਲ ਲਗਦੇ ਗੁਰੂਘਰ ਦੇ ਪ੍ਰਬੰਧਕਾਂ ਨੇ ਸਿਆਸੀ ਦਬਾਅ ਹੇਠ ਲੰਗਰ ਦੇਣ ਤੋਂ ਇਨਕਾਰ ਕਰ ਦਿੱਤਾ। ਇਨਾਂ ਭੁੱਖੇ-ਪਿਆਸੇ ਪ੍ਰਦਰਸ਼ਨਕਾਰੀਆਂ ਦੀ ਹਾਲਤ ਦੇਖ ਕੇ ਇਕ ਅੰਮ੍ਰਿਤਧਾਰੀ ਸਿੱਖ ਨੇ ਗੁਰੂਘਰ ਜਾ ਕੇ ਲੰਗਰ ਚੁੱਕਿਆ ਤਾਂ ਪ੍ਰਬੰਧਕਾਂ ਨੇ ਉਹਦੇ ਹੱਥੋਂ ਫੜ ਕੇ ਰੱਖ ਦਿੱਤਾ। ਉਸ ਗੁਰ ਸਿੱਖ ਤੇ ਭੁੱਖੇ-ਪਿਆਸੇ ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਦੀ ਗੁਰੂਘਰ ਵਿਚ ਆਸਥਾ ਟੁੱਟਣ ਦਾ ਜਵਾਬਦੇਹ ਕੌਣ ਹੋਵੇਗਾ?

ਜ਼ਾਹਰ ਹੈ ਇਨਾਂ ਸਵਾਲਾਂ ਦੇ ਜਵਾਬ ਧਾਰਮਿਕ ਆਗੂਆਂ ਕੋਲ ਹੀ ਹਨ ਤੇ ਉਹ ਇਨਾਂ ਦਾ ਜਵਾਬ ਉਦੋਂ ਤੱਕ ਨਹੀਂ ਦੇਣਗੇ, ਜਦੋਂ ਉਨਾਂ 'ਤੇ ਸਿਆਸੀ ਦਬਾਅ ਹੋਵੇਗਾ। ਧਾਰਮਿਕ ਚੋਗਾ ਪਾਉਣ ਨਾਲ ਹੀ ਕੋਈ ਧਰਮੀ ਨਹੀਂ ਬਣ ਸਕਦਾ, ਇਹਦੇ ਲਈ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲਣਾ ਪੈਂਦਾ ਹੈ। 'ਧਾਰਮਿਕ ਠੇਕੇਦਾਰ' ਜਦੋਂ ਭਾਈ ਲਾਲੋਆਂ ਤੇ ਮਾਈ ਭਾਗੋਆਂ ਵਿਚਲਾ ਫ਼ਾਸਲਾ ਖ਼ਤਮ ਨਹੀਂ ਕਰਨਗੇ, ਉਨੀ ਦੇਰ ਨਿਤ ਨਵੇਂ ਢੌਂਗੀ ਬਾਬੇ ਪੈਦਾ ਹੁੰਦੇ ਹੀ ਰਹਿਣਗੇ। ਗੁਰੂਆਂ ਨੇ ਗੁਰੂਘਰਾਂ ਦੀ ਸਥਾਪਨਾ ਕਰਕੇ ਗੈਰਬਰਾਬਰੀ, ਜ਼ਾਤ-ਪਾਤ ਖ਼ਤਮ ਕਰਨ ਦਾ ਸੁਨੇਹਾ ਦਿੱਤਾ ਸੀ। ਸੋ, ਅੱਜ ਲੋੜ ਭਾਈ ਲਾਲੋਆਂ ਨੂੰ ਗਲ ਲਾਉਣ ਦੀ ਹੈ। ਊਚ-ਨੀਚ ਦਾ ਭੇਦ ਖ਼ਤਮ ਕਰਿਆਂ ਹੀ ਰਾਮ ਰਹੀਮ ਵਰਗੇ ਬਲਾਤਕਾਰੀਆਂ, ਲੁਟੇਰਿਆਂ ਨੂੰ ਫ਼ਨ ਚੁੱਕਣੋ ਰੋਕਿਆ ਜਾ ਸਕਦਾ ਹੈ।

# ਵਹਿਸ਼ਤ, ਮੌਤ ਤੇ ਜ਼ਿੰਦਗੀ

**ਇਸ ਸਾਰੇ ਦ੍ਰਿਸ਼ਕ੍ਰਮ ਦੌਰਾਨ ਮੌਤ ਦੇ ਸ਼ਿਕੰਜੇ ਤੋਂ ਬਚਣ ਲਈ ਏਧਰ-ਓਧਰ ਦੌੜਦੀਆਂ ਮਾਈਆਂ-ਬੀਬੀਆਂ ਜਿਨ੍ਹਾਂ ਵਿੱਚੋਂ ਇੱਕ ਦੇ ਮੋਢੇ 'ਤੇ ਚਿੰਬੜਿਆ ਨਿੱਕਾ ਜਿਹਾ ਬਾਲ। ਅਜਿਹਾ ਖ਼ੌਫ਼ਨਾਕ ਮੰਜ਼ਰ ਦੇਖ ਕੇ ਨਿਜ਼ਾਮਤ 'ਤੇ ਵੀ ਸ਼ਰਮਸ਼ਾਰੀ ਹੁੰਦੀ ਰਹੀ ਅਤੇ ਖ਼ੁਦ ਉੱਤੇ ਵੀ ਕਿਉਂਕਿ ਇਹ ਸਾਰੇ ਖੱਟਰ-ਪੱਟਰ ਆਖ਼ਿਰ ਸਾਡੀਆਂ ਵੋਟਾਂ ਦੀ ਹੀ ਤਾਂ ਪੈਦਾਇਸ਼ ਹਨ।**



**ਸੁਰਿੰਦਰ ਸਿੰਘ ਤੇਜ**



ਬੰਗਲਾ ਤੇ ਹਿੰਦੀ ਵਿੱਚ ਸੌ ਤੋਂ ਵੱਧ ਪੁਸਤਕਾਂ ਲਿਖਣ ਵਾਲੇ ਉਪਨਿਆਸਕਾਰ ਬਿਮਲ ਮਿਤ੍ਰ ਨੂੰ ਸਭ ਤੋਂ ਵੱਧ ਪ੍ਰਸਿੱਧੀ ਉਸ ਦੇ ਨਾਵਲ 'ਸਾਹਿਬ, ਬੀਵੀ ਔਰ ਗ਼ੁਲਾਮ' ਨੂੰ ਫਿਲਮਸਾਜ਼ ਗੁਰੂ ਦੱਤ ਵੱਲੋਂ ਪਰਦੇ 'ਤੇ ਉਤਾਰੇ ਜਾਣ ਕਾਰਨ ਮਿਲੀ। ਇਹ ਨਾਵਲ 'ਬੇਗ਼ਮ ਮੇਰੀ ਬਿਸਵਾਸ' ਨਾਲ ਸ਼ੁਰੂ ਹੋਏ ਤ੍ਰੈ-ਨਾਵਲੀ ਸਿਲਸਿਲੇ ਦਾ ਆਖ਼ਰੀ ਹਿੱਸਾ ਹੈ। ਇਨ੍ਹਾਂ ਤਿੰਨ ਨਾਵਲਾਂ ਵਾਂਗ ਬਿਮਲ ਮਿਤ੍ਰ ਦੇ ਹੋਰ ਵੀ ਕਈ ਨਾਵਲ ਬ੍ਰਿਟਿਸ਼ ਬੰਗਾਲ ਦੇ ਇਤਿਹਾਸ ਨਾਲ ਜੁੜੀਆਂ ਕਹਾਣੀਆਂ ਕਹਿੰਦੇ ਹਨ ਅਤੇ ਈਸਟ ਇੰਡੀਆ ਕੰਪਨੀ ਦੇ ਰਾਜ-ਕਾਲ ਦੌਰਾਨ ਬੰਗਾਲੀ ਸਮਾਜ, ਖ਼ਾਸ ਕਰਕੇ ਜ਼ਿਮੀਂਦਾਰੀ ਪ੍ਰਬੰਧ ਨਾਲ ਜੁੜੇ ਲੋਕਾਂ ਦੀ ਸੋਚ ਤੇ ਸੁਹਜ ਵਿੱਚ ਆਈਆਂ ਤਬਦੀਲੀਆਂ ਦਾ ਚਿਤ੍ਰਣ ਕਰਦੇ ਹਨ। ਉਸ ਦੀਆਂ ਕਹਾਣੀਆਂ ਵੀ ਮੁੱਖ ਤੌਰ 'ਤੇ ਅਜਿਹੇ ਵਿਸ਼ਿਆਂ ਉੱਤੇ ਕੇਂਦ੍ਰਿਤ ਹਨ। ਇੱਕ ਲੰਬੀ ਕਹਾਣੀ 'ਏਕ ਜਨ ਕਾਪੁਰਸ਼' ਜ਼ਿਲ੍ਹਾ ਮੈਮਨ ਸਿੰਘ (ਹੁਣ ਬੰਗਲਾਦੇਸ਼) ਵਿੱਚ ਇੱਕ ਹਿੰਦੂ ਡੇਰੇਦਾਰ ਦੇ ਬ੍ਰਿਟਿਸ਼ ਹਾਕਮਾਂ ਦੀ ਸਰਪ੍ਰਸਤੀ ਹੇਠ ਉਭਾਰ ਤੇ ਫਿਰ ਪਤਨ ਦਾ ਬ੍ਰਿਤਾਂਤ ਪੇਸ਼ ਕਰਦੀ ਹੈ। ਇਸ ਦਾ ਕਥਾਨਕ ਡੇਰਾ ਸਿਰਸਾ ਦੇ ਮੁਖੀ ਦੀ ਜੀਵਨ ਕਹਾਣੀ ਨਾਲ ਮਿਲਦਾ ਜੁਲਦਾ ਹੈ। ਘਟਨਾਕ੍ਰਮ ਵਿਚਲੀਆਂ ਮਾਨਵੀ ਤੇ ਦਾਨਵੀ ਛੋਹਾਂ ਪੰਚਕੂਲਾ ਵਾਲੀ ਦ੍ਰਿਸ਼ਾਵਲੀ ਵਾਲਾ ਅਹਿਸਾਸ ਕਰਾਉਂਦੀਆਂ ਹਨ। ਉਹ ਚਿਤ੍ਰਣ ਕਾਲਪਨਿਕ ਸੀ, ਪੰਚਕੂਲਾ ਵਿੱਚ ਜੋ ਕੁਝ ਵਾਪਰਿਆ, ਉਹ ਅਸਲੀ ਸੀ; ਪਰ ਜਿਸ ਕਿਸਮ ਦਾ ਹੌਲਨਾਕ ਮੰਜ਼ਰ ਉਹ ਪਿੱਛੇ ਛੱਡ ਗਿਆ, ਉਹ ਪ੍ਰਸ਼ਾਸਨਿਕ ਪ੍ਰਬੰਧਾਂ ਦੀ ਅਣਹੋਂਦ ਅਤੇ ਇਸ ਅਣਹੋਂਦ ਤੋਂ ਉਪਜੇ ਮਾਨਵੀ ਦੁਖਾਂਤ ਬਾਰੇ ਗੰਭੀਰ ਚਿੰਤਨ ਦਾ ਵਿਸ਼ਾ ਬਣਨਾ ਚਾਹੀਦਾ ਹੈ।

ਪੰਚਕੂਲਾ ਨੇ ਜੋ ਦੁਖਾਂਤ ਭੋਗਿਆ, ਉਹ ਵੋਟ ਬੈਂਕ ਅੱਗੇ ਡੰਡੌਤ ਕਰਨ ਵਾਲੀ ਸਿਆਸਤ ਦੇ ਖ਼ਤਰਿਆਂ ਦਾ ਪ੍ਰਤੱਖ ਪ੍ਰਮਾਣ ਸੀ। ਸਿਆਸਤ ਨੂੰ ਲਾਂਭੇ ਰੱਖ ਕੇ ਨਿਰੋਲ ਮਾਨਵੀ ਨਜ਼ਰੀਏ ਤੋਂ ਤਿੰਨ ਪੱਖ ਸਮੁੱਚੀ ਘਟਨਾਵਲੀ ਦਾ ਆਈਨਾ ਪੇਸ਼ ਕਰਦੇ ਹਨ। ਪਹਿਲਾ ਹੈ ਕਾਨੂੰਨੀ ਪੱਖ, ਦੂਜਾ ਹੈ ਹੈਵਾਨੀਅਤ ਤੇ ਤੀਜਾ ਹੈ ਇਨਸਾਨੀ ਪੱਖ। ਕਾਨੂੰਨੀ ਪੱਖੋਂ ਜੋ ਕੁਝ ਵਾਪਰਿਆ, ਉਸ ਨੇ ਕਾਨੂੰਨ ਸਭਨਾਂ ਲਈ ਇੱਕ ਹੋਣ ਦੇ ਸੰਕਲਪ ਨੂੰ ਪਕੇਰਾ ਕੀਤਾ ਹੈ। ਡੇਰਾ ਮੁਖੀ ਨੂੰ ਇਸ ਹਕੀਕਤ ਦਾ ਅਹਿਸਾਸ ਸੀ ਕਿ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਨਾਲ ਜੁੜੇ ਮੁਕੱਦਮੇ ਵਿੱਚ ਉਹ ਸੁੱਕਾ ਨਹੀਂ ਬਚੇਗਾ। ਇਹ ਵੀ ਇੱਕ ਕਰਤਾਰੀ ਵਰਤਾਰਾ ਹੀ ਹੈ ਕਿ ਰਸੂਖ਼ਵਾਨ ਅਪਰਾਧੀ ਨੇ ਜਦੋਂ ਸ਼ਿਕੰਜੇ ਵਿੱਚ ਆਉਣਾ ਹੁੰਦਾ ਹੈ ਤਾਂ ਇਸ ਅਮਲ ਨਾਲ ਜੁੜੀਆਂ ਸਾਰੀਆਂ ਕੜੀਆਂ ਸਹੀ ਫਿੱਟ ਬੈਠਣੀਆਂ ਸ਼ੁਰੂ ਹੋ ਜਾਂਦੀਆਂ ਹਨ। ਪ੍ਰਧਾਨ ਮੰਤਰੀ ਵਾਜਪਾਈ ਦੇ ਰਾਜਕਾਲ ਦੌਰਾਨ ਉੱਚ ਅਦਾਲਤੀ ਹਦਾਇਤ 'ਤੇ ਜਿਸ ਸੈਸ਼ਨ ਜੱਜ (ਐੱਮ. ਐੱਸ. ਸੁੱਲਰ) ਨੂੰ ਡੇਰਾ ਮੁਖੀ ਖ਼ਿਲਾਫ਼ ਇੱਕ ਗੁੰਮਨਾਮ ਸ਼ਿਕਾਇਤ ਦੀ ਜਾਂਚ ਪੜਤਾਲ ਸੌਂਪੀ ਗਈ, ਉਹ ਆਪਣੀ ਕਰਤੱਵ-ਨਿਸ਼ਠਾ ਲਈ ਹਮੇਸ਼ਾਂ ਮਸ਼ਹੂਰ ਰਿਹਾ ਹੈ। ਇਸੇ ਜੱਜ ਨੇ ਤਹਿਕੀਕਾਤ ਹਰਿਆਣਾ ਪੁਲੀਸ ਦੀ ਥਾਂ ਕੇਂਦਰੀ ਏਜੰਸੀ (ਸੀਬੀਆਈ) ਨੂੰ ਸੌਂਪੇ ਜਾਣ ਦਾ ਸੁਝਾਅ ਦਿੱਤਾ। ਸੀਬੀਆਈ ਵਿੱਚ ਕੇਸ ਉਨ੍ਹਾਂ ਤਫਤੀਸ਼ੀ ਅਫ਼ਸਰਾਂ ਡੀਆਈਜੀ ਐੱਮ. ਨਾਰਾਇਣ ਤੇ ਉਨ੍ਹਾਂ ਦੇ ਸਹਾਇਕ ਸਤੀਸ਼ ਡਾਗਰ ਨੂੰ ਮਿਲਿਆ ਜਿਨ੍ਹਾਂ ਦੀ ਬਿਰਤੀ ਸੱਚ ਦੀ ਤਹਿ ਤਕ ਜਾਣ ਦੀ ਹੈ। ਇਸੇ ਤਰ੍ਹਾਂ ਸੀਬੀਆਈ ਦੇ ਵਕੀਲ ਐੱਚ. ਐੱਸ. ਵਰਮਾ ਅਤੇ ਸੀਬੀਆਈ ਅਦਾਲਤ ਦੇ ਜੱਜ ਜਗਦੀਪ ਸਿੰਘ ਨੇ ਵੀ ਅੰਤਾਂ ਦਾ ਦਬਾਅ ਹੋਣ ਦੇ ਬਾਵਜੂਦ ਫਰਜ਼ਸ਼ੱਨਾਸੀ ਦਾ ਪੱਲਾ ਨਾ ਛੱਡਿਆ। ਫਿਰ ਜਦੋਂ ਇਹ ਜਾਪਿਆ ਕਿ ਸੂਬਾ ਸਰਕਾਰ ਤੇ ਮੁਲਜ਼ਮ ਦੀ ਮਿਲੀ-ਭੁਗਤ ਨਾਲ ਕਈ ਕੁਝ ਖੱਟੇ ਵਿੱਚ ਪੈਣ ਵਾਲਾ ਹੈ ਤਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਦਖ਼ਲ ਦੇ ਕੇ ਇਨਸਾਫ਼ ਦਾ ਰਾਹ ਪੱਧਰਾ ਕਰ ਦਿੱਤਾ। ਕਾਨੂੰਨ ਦੀ ਅਜ਼ਮਤ ਦੀ ਸਲਾਮਤੀ ਦੇ ਇਸ ਅਮਲ ਵਿੱਚ ਸ਼ਾਮਲ ਇਨ੍ਹਾਂ ਸਾਰੇ ਪਾਤਰਾਂ ਵਿੱਚੋਂ ਕਿਸੇ ਦਾ ਵੀ ਰੁਖ਼ ਕਿਸੇ ਨਿੱਜੀ ਗੌਰਵ ਜਾਂ ਮਾਣ-ਸਨਮਾਨ 'ਤੇ ਕੇਂਦ੍ਰਿਤ ਨਹੀਂ ਸੀ। ਸਭਨਾਂ ਨੇ ਆਪਣੀ ਜ਼ਮੀਰ ਉੱਤੇ ਪਹਿਰਾ ਦੇਣ ਦਾ ਰਾਹ ਚੁਣਿਆ।

ਇਨਸਾਨ ਅੰਦਰਲੀ ਹੈਵਾਨੀ ਬਿਰਤੀ ਦੀ ਮਿਸਾਲ ਅਦਾਲਤੀ ਫ਼ੈਸਲੇ ਤੋਂ ਬਾਅਦ ਵਾਪਰੀ ਹਿੰਸਾ ਸੀ। ਡੇਰਾ ਪ੍ਰੇਮੀ ਅਦਾਲਤੀ ਫ਼ੈਸਲਾ 'ਪਿਤਾ ਜੀ' ਦੇ ਖ਼ਿਲਾਫ਼ ਜਾਣ ਦੀ ਸੂਰਤ ਵਿੱਚ ਧਰਤੀ ਹਿਲਾ ਦੇਣ ਦੀਆਂ ਧਮਕੀਆਂ ਪਹਿਲਾਂ ਹੀ ਦਿੰਦੇ ਆ ਰਹੇ ਸਨ। ਉਨ੍ਹਾਂ ਨੇ ਇਸ ਨੂੰ ਅਮਲ ਵਿੱਚ ਲਿਆਉਂਦਿਆਂ ਦੇਰ ਨਾ ਲਾਈ। ਪੰਚਕੂਲਾ ਜ਼ਿਲ੍ਹਾ ਕਚਹਿਰੀਆਂ ਨੇੜੇ ਸੁਆਹ ਹੋਈ ਆਪਣੀ ਰੇਹੜੀ ਨੂੰ ਦੇਖ ਕੇ ਸੁੰਨ ਹੋਈ ਚਾਹ ਵਾਲੀ ਦੀ ਸੋਸ਼ਲ ਮੀਡੀਆ 'ਤੇ ਵਾਇਰਲ ਤਸਵੀਰ ਇਸ ਹਕੀਕਤ ਦਾ ਪ੍ਰਮਾਣ ਹੈ ਕਿ ਰਾਮ ਰਹੀਮ ਇਨਸਾਂ ਦਾ ਆਪਣੇ ਮੁਰੀਦਾਂ ਲਈ 'ਇਨਸਾਨੀਅਤ' ਦਾ ਪੈਗ਼ਾਮ ਮਹਿਜ਼ ਸਰਕਾਰੀ ਜਾਇਦਾਦ ਦੀ ਸਾੜ-ਫੂਕ ਤਕ ਮਹਿਦੂਦ ਨਹੀਂ ਸੀ। 'ਜੋ ਸਾਹਮਣੇ ਆਇਆ, ਉਹ ਭੰਨ ਦਿਉ, ਫੂਕ ਦਿਉ' ਵਾਲੇ ਇਸ ਪੈਗ਼ਾਮ ਦਾ ਦਾਇਰਾ ਰਿਹਾਇਸ਼ੀ ਘਰਾਂ ਤਕ ਵੀ ਵਧਾ ਦਿੱਤਾ ਗਿਆ ਜਿੱਥੇ ਬੂਹੇ, ਬਾਰੀਆਂ ਅਤੇ ਕਾਰਾਂ ਦੇ ਸ਼ੀਸ਼ੇ ਭੰਨਣ ਦਾ ਤਾਂਡਵ ਘੰਟਾ ਭਰ ਚੱਲਦਾ ਰਿਹਾ। ਇੱਕ ਪਾਸੇ ਇਹ ਵਹਿਸ਼ਤ ਸੀ ਅਤੇ ਦੂਜੇ ਪਾਸੇ ਸੁਰੱਖਿਆ ਬਲਾਂ ਦਾ ਕਹਿਰ। 48-48 ਘੰਟਿਆਂ ਤੋਂ ਸੜਕਾਂ 'ਤੇ ਤਾਇਨਾਤੀ ਤੋਂ ਅੱਕੇ ਹੋਏ ਸੁਰੱਖਿਆ ਕਰਮੀਆਂ ਨੂੰ ਜਦੋਂ ਕਾਰਵਾਈ ਦੀ ਖੁੱਲ੍ਹ ਮਿਲੀ ਤਾਂ ਉਨ੍ਹਾਂ ਨੇ ਵੀ ਬੇਲਗਾਮ ਹੋਣ ਵਿੱਚ ਦੇਰ ਨਾ ਲਾਈ। ਮਹਿਜ਼ ਡੇਢ ਘੰਟੇ ਵਿੱਚ 28 ਮੌਤਾਂ ਤੇ ਢਾਈ ਸੌ ਤੋਂ ਵੱਧ ਜ਼ਖ਼ਮੀ ਇਸ ਤੋਂ ਵੱਧ ਕਹਿਰੀ ਜਵਾਬ ਹੋਰ ਕੀ ਹੋ ਸਕਦਾ ਹੈ? ਇਸ ਸਾਰੇ ਦ੍ਰਿਸ਼ਕ੍ਰਮ ਦੌਰਾਨ ਮੌਤ ਦੇ ਸ਼ਿਕੰਜੇ ਤੋਂ ਬਚਣ ਲਈ ਏਧਰ-ਓਧਰ ਦੌੜਦੀਆਂ ਮਾਈਆਂ-ਬੀਬੀਆਂ ਜਿਨ੍ਹਾਂ ਵਿੱਚੋਂ ਇੱਕ ਦੇ ਮੋਢੇ 'ਤੇ ਚਿੰਬੜਿਆ ਨਿੱਕਾ ਜਿਹਾ ਬਾਲ। ਅਜਿਹਾ ਖ਼ੌਫ਼ਨਾਕ ਮੰਜ਼ਰ ਦੇਖ ਕੇ ਨਿਜ਼ਾਮਤ 'ਤੇ ਵੀ ਸ਼ਰਮਸ਼ਾਰੀ ਹੁੰਦੀ ਰਹੀ ਅਤੇ ਖ਼ੁਦ ਉੱਤੇ ਵੀ ਕਿਉਂਕਿ ਇਹ ਸਾਰੇ ਖੱਟਰ-ਪੱਟਰ ਆਖ਼ਿਰ ਸਾਡੀਆਂ ਵੋਟਾਂ ਦੀ ਹੀ ਤਾਂ ਪੈਦਾਇਸ਼ ਹਨ।

ਇੱਕ ਪਾਸੇ ਅਜਿਹੀ ਦ੍ਰਿਸ਼ਾਵਲੀ, ਦੂਜੇ ਪਾਸੇ ਇਨਸਾਨੀਅਤ ਦੀਆਂ ਝਲਕਾਂ। ਸੁਰੱਖਿਆ ਕਰਮੀ ਨੂੰ ਲਾਠੀ ਨਾ ਚਲਾਉਣ ਦੀ ਹੱਥ ਜੋੜ ਕੇ ਬੇਨਤੀ ਕਰਦਾ ਇੱਕ ਜ਼ਖ਼ਮੀ ਡੇਰਾ ਪ੍ਰੇਮੀ; ਫਿਰ ਹਵਾ ਵਿਚ ਰੁਕਦੀ ਹੋਈ ਲਾਠੀ ਅਤੇ ਫਿਰ...ਲੜਖੜਾ ਕੇ ਡਿੱਗੇ ਉਸ ਜ਼ਖ਼ਮੀ ਦਾ ਸਿਰ ਆਪਣੇ ਪੱਟ 'ਤੇ ਰੱਖ ਕੇ ਆਪਣੀ ਬੋਤਲ ਰਾਹੀਂ ਉਸ ਨੂੰ ਪਾਣੀ ਪਿਲਾਉਂਦਾ ਉਹੀ ਸੁਰੱਖਿਆ ਕਰਮੀ। ਇਨਸਾਨੀਅਤ ਦੇ ਕਣ ਜ਼ਿੰਦਾ ਹੋਣ ਦੀ ਜ਼ਿੰਦਾ ਮਿਸਾਲ। ਅਜਿਹੀਆਂ ਮਿਸਾਲਾਂ, ਅਜਿਹਾ ਜਜ਼ਬਾ ਰਾਖ਼ ਵਿਚੋਂ ਜ਼ਿੰਦਗੀ ਉੱਗਣ ਦੀ ਉਮੀਦ ਜਗਾਉਂਦਾ ਹੈ। ਦੁਆ ਇਸ ਦੀ ਸਦੀਵਤਾ ਦੀ ਕੀਤੀ ਜਾਣੀ ਚਾਹੀਦੀ ਹੈ; ਵੋਟਤੰਤਰ ਦੇ ਉਸ ਰੂਪ ਦੀ ਨਹੀਂ ਜਿਸ ਨੇ ਖੱਟਰਨੁਮਾ ਬਿਰਾਦਰੀ ਨੂੰ ਸਾਡੇ ਹਾਕਮ ਬਣਾਇਆ ਹੈ।

*(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)*

# ਅੱਯਾਸ਼ੀ ਦੇ ਅੱਡੇ ਨਹੀਂ ਹਨ ਸਾਰੇ ਡੇਰੇ...

**ਸੰਨ 1966 ਵਿੱਚ ਇਸ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤਕ ਪਹਿਲੀ ਵਾਰ ਹੋਇਆ ਹੈ ਕਿ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਬਣੀ ਹੋਵੇ। ਕੁਝ ਹਫ਼ਤੇ ਪਹਿਲਾਂ ਤਕ ਇਸ਼ਤਿਹਾਰੀ ਮੁਹਿੰਮ ਹਰਿਆਣਾ ਵਿੱਚ 'ਮਨੋਹਰ ਰਾਜ' ਦੇ 1000 ਦਿਨਾਂ ਦੇ ਸੋਹਲੇ ਗਾ ਰਹੀ ਸੀ। ਮਨੋਹਰ ਲਾਲ ਖੱਟਰ ਦਾ ਖੁਸ਼ਨੁਮਾ ਅਤੇ ਸੁਖਾਵਾਂ ਰਾਜ। ਭਾਰਤੀ ਸਿਆਸਤ ਦੇ ਨਵੇਂ ਐਲਾਨੇ 'ਚਾਣਕਯ' ਭਾਵ ਅਮਿਤ ਸ਼ਾਹ ਨੇ ਵੀ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ ਸੀ। ਅਤੇ ਹੁਣ ਹਰਿਆਣਾ ਬਲ ਰਿਹਾ ਹੈ। ਚਾਣਕਯ ਦੀ ਦੂਰਦ੍ਰਿਸ਼ਟੀ ਦੇ ਤਾਂ ਕਹਿਣੇ ਹੀ ਕੀ ਹਨ !**



**ਹਰੀਸ਼ ਖਰੇ**



ਗੁਰਮੀਤ ਰਾਮ ਰਹੀਮ ਸਿੰਘ ਨੇ ਸਾਰੇ ਡੇਰਿਆਂ ਅਤੇ ਸਾਰੇ ਗੁਰੂਆਂ ਨੂੰ ਬਦਨਾਮੀ ਦਿਵਾਈ ਹੈ ਹਾਲਾਂਕਿ ਸਾਰਿਆਂ ਨੂੰ ਇੱਕੋ ਰੱਸੇ ਫਾਹੇ ਟੰਗਣਾ ਇਸ ਸਾਰੀ ਜਮਾਤ ਨਾਲ ਅਨਿਆਂ ਹੋਵੇਗਾ। ਡੇਰੇ ਅਤੇ ਆਸ਼ਰਮ ਭਾਰਤੀ ਸਮਾਜਿਕ ਦ੍ਰਿਸ਼ਾਵਲੀ ਦਾ ਅਟੁੱਟ ਹਿੱਸਾ ਰਹੇ ਹਨ। ਮੈਂ ਡੇਰਿਆਂ ਤੇ ਆਸ਼ਰਮਾਂ ਨੂੰ ਬਦਲਦੀ ਸਮਾਜਿਕ ਵਿਵਸਥਾ ਦਾ ਸੁਭਾਵਿਕ ਪ੍ਰਗਟਾਵਾ ਮੰਨਣ ਨੂੰ ਤਰਜੀਹ ਦਿੰਦਾ ਹਾਂ; ਇਹ ਸਮਾਜ ਵਿਚਲੀਆਂ ਉਨ੍ਹਾਂ ਲੋੜਾਂ ਨੂੰ ਪੂਰੀਆਂ ਕਰਨ ਦੇ ਟਿਕਾਣੇ ਸਮਝੇ ਜਾਂਦੇ ਹਨ ਜਿਨ੍ਹਾਂ ਨੂੰ ਰਵਾਇਤੀ ਧਰਮ ਚਾਹੇ ਪੂਰੀਆਂ ਕਰਨ ਦੇ ਯੋਗ ਹਨ ਜਾਂ ਨਹੀਂ। ਹਰ ਸੰਗਠਿਤ ਧਰਮ ਵਿੱਚ ਇੱਕ ਕਿਸਮ ਦੇ 'ਪੰਡਿਤ' ਅਤੇ 'ਮਹੰਤ' ਪੈਦਾ ਹੋ ਜਾਂਦੇ ਹਨ ਜੋ ਦਹਾਕਾ-ਦਰ-ਦਹਾਕਾ ਵੱਧ ਕੱਟੜ ਹੁੰਦੇ ਜਾਂਦੇ ਹਨ। ਅਜਿਹਾ ਕਰ ਕੇ ਜਿੱਥੇ ਉਹ ਵਿਅਕਤੀਵਾਦ ਦਾ ਗਲਾ ਘੁੱਟਦੇ ਹਨ, ਉੱਥੇ ਪੈਰੋਕਾਰਾਂ ਉੱਤੇ ਪੁਰਾਤਨਪੰਥੀ ਕੱਟੜਤਾ ਲੱਦੀ ਚਲੇ ਜਾਂਦੇ ਹਨ। ਕੋਈ ਨਾ ਕੋਈ ਸਮਾਂ ਅਜਿਹਾ ਆਉਂਦਾ ਹੈ, ਜਦੋਂ ਅਜਿਹੇ ਕੱਟੜਪੰਥੀ ਅਨੁਸਰਣਵਾਦ ਖ਼ਿਲਾਫ਼ ਅਸਹਿਮਤੀ ਤੋਂ ਵਿਦਰੋਹ ਉਪਜਦਾ ਹੈ ਅਤੇ ਫਿਰ ਨਵੀਂ ਸੰਪਰਦਾ, ਨਵਾਂ ਡੇਰਾ, ਨਵਾਂ ਮੱਠ ਹੋਂਦ ਵਿੱਚ ਆਉਂਦਾ ਹੈ।

ਆਧੁਨਿਕ ਮੁਹਾਵਰੇ ਵਿੱਚ ਡੇਰੇ ਅਤੇ ਆਸ਼ਰਮ ਸਿਵਿਲ ਸੁਸਾਇਟੀ ਦੇ ਕਾਰਜਸ਼ੀਲ ਪ੍ਰਗਟਾਵੇ ਵਰਗੇ ਹੀ ਹਨ ਜੋ ਸਮਾਜ ਦੇ ਵਿਭਿੰਨ ਹਿੱਸਿਆਂ ਨੂੰ ਸਮਾਜਿਕ ਸੁਰੱਖਿਆ ਅਤੇ ਤਸੱਲੀ ਦੇਣ ਵਿੱਚ ਸਰਕਾਰ ਦੀ ਨਾਕਾਮੀ ਕਾਰਨ ਪੈਦਾ ਹੋਏ ਖਲਾਅ ਨੂੰ ਭਰਦੇ ਹਨ। ਲਾਇਨਜ਼ ਕਲੱਬ ਜਾਂ ਰੋਟਰੀ ਕਲੱਬ ਵਾਂਗ ਡੇਰਾ ਸੱਚਾ ਸੌਦਾ ਵੀ ਸਮਾਜਿਕ ਤੌਰ 'ਤੇ ਲਾਹੇਵੰਦ ਕਾਰਜਾਂ ਵਿੱਚ ਰੁੱਝੇ ਹੋਣ ਦਾ ਦਾਅਵਾ ਕਰਦਾ ਹੈ।

ਸਾਰੇ ਸਮਿਆਂ ਅਤੇ ਹਰ ਉਮਰ ਦੇ ਲੋਕ ਕਦੇ ਨਾ ਕਦੇ ਅਧਿਆਤਮਿਕ ਸਾਂਝ ਦੀ ਲੋੜ ਮਹਿਸੂਸ ਕਰਦੇ ਹਨ। ਇੱਕ ਕਾਮਯਾਬ ਗੁਰੂ ਆਪਣੇ ਅਨੁਯਾਈਆਂ ਨਾਲ ਇੱਕ ਅਨੂਠਾ ਰਿਸ਼ਤਾ ਬਣਾਉਣ ਦੇ ਯੋਗ ਹੁੰਦਾ ਹੈ; ਇੱਕ ਪਰਸਪਰ ਅਨੁਕੂਲ ਮਿੱਥ ਘੜ ਲਈ ਜਾਂਦੀ ਹੈ ਕਿ ਗੁਰੂ ਨਾਲ ਨੇੜਤਾ ਦੁਆਰਾ ਅਨੁਯਾਈ ਉੱਤੇ ਕ੍ਰਿਪਾ ਹੋ ਗਈ ਹੈ; ਹਰ ਸ਼ਰਧਾਲੂ ਨੂੰ ਇਹ ਮਹਿਸੂਸ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ 'ਬਾਬਾ ਜੀ' ਨਾਲ ਉਸ ਦਾ ਉੱਚ ਸ਼੍ਰੇਣੀ ਦਾ ਬਹੁਤ ਹੀ ਖ਼ਾਸ ਰਿਸ਼ਤਾ ਹੈ। ਬਾਹਰੀ ਲੋਕ ਤਾਂ ਭਾਵੇਂ ਡੇਰਿਆਂ ਦਾ ਮਖੌਲ ਉਡਾਉਣ, ਪਰ ਸ਼ਰਧਾਲੂਆਂ ਨੂੰ ਉੱਥੇ ਵਾਸਤਵਿਕ ਆਨੰਦ ਮਹਿਸੂਸ ਹੁੰਦਾ ਹੈ ਜਿਸ ਵਿੱਚ ਸ਼ਮੂਲੀਅਤ ਅਤੇ ਅਲਹਿਦਗੀ ਦੇ ਸੰਸਕਾਰ ਸ਼ਾਮਲ ਹਨ। ਹਰ ਡੇਰਾ ਆਪਣੀ ਖ਼ਾਸ ਇੱਕਮੁੱਠਤਾ ਉਪਜਾਉਂਦਾ ਹੈ ਜਿਸ ਨੂੰ ਜ਼ਿਆਦਾਤਰ ਸ਼ਰਧਾਲੂ ਬਹੁਤ ਹੀ ਸਮੱਰਥ ਬਣਾਉਣ ਵਾਲੀ ਸਮਝਦੇ ਹਨ ਜੋ ਉਨ੍ਹਾਂ ਨੂੰ ਜ਼ਿੰਦਗੀ ਦੇ ਉਤਰਾਅ-ਚੜ੍ਹਾਵਾਂ ਨਾਲ ਸਿੱਝਣ ਵਿੱਚ ਮਦਦ ਕਰਦੀ ਹੈ। ਡੇਰੇ ਸ਼ਪਸ਼ਟ ਤੌਰ 'ਤੇ ਵਿਕਲਪਕ ਮੁੱਲਾਂ ਦਾ ਵੱਖਰਾ ਸੰਸਾਰ ਸਿਰਜਦੇ ਹਨ ਜਿੱਥੇ ਪੈਰੋਕਾਰ ਸਤਿਕਾਰਤ ਅਤੇ ਲੋੜੀਂਦੇ ਮਹਿਸੂਸ ਕਰਦੇ ਹਨ। ਇਹ ਡੇਰੇ ਸ਼ਰਧਾਲੂ ਨੂੰ ਮਨਜ਼ੂਰੀ ਅਤੇ ਪ੍ਰਵਾਨਤਾ ਦਿੰਦੇ ਹਨ।

ਅਸਲ ਜੀਵਨ ਵਿੱਚ ਜ਼ਿਆਦਾਤਰ ਲੋਕਾਂ ਨੂੰ ਕਿਸੇ ਆਗੂ, ਗੁਰੂ ਜਾਂ ਕਿਸੇ ਰੋਲ ਮਾਡਲ ਦਾ ਅਨੁਸਰਣ ਕਰਨ ਦੀ ਲੋੜ ਪੈਂਦੀ ਹੈ ਜਿਸ ਨੂੰ ਉਹ ਬੌਂਦਲਾ ਦੇਣ ਵਾਲੀ ਇਸ ਜ਼ਾਲਮ ਦੁਨੀਆਂ ਨੂੰ ਸਮਝਣ ਵਿੱਚ ਆਪਣੀ ਮਦਦ ਕਰਨ ਦੇ ਯੋਗ ਸਮਝਦੇ ਹਨ। ਇਹ ਕਮਜ਼ੋਰੀ ਸਿਰਫ਼ ਗ਼ਰੀਬਾਂ ਤਕ ਹੀ ਮਹਿਦੂਦ ਨਹੀਂ ਹੈ, ਇੱਥੋਂ ਤਕ ਸਮਾਜ ਦੇ ਬਹੁਤ ਧਨਾਢ ਅਤੇ ਰੱਜੇ-ਪੁੱਜੇ ਤਬਕੇ ਵੀ ਬਾਬਿਆਂ ਅਤੇ ਗੁਰੂਆਂ ਵੱਲ ਝੁਕਾਅ ਦੀ ਪ੍ਰਵਿਰਤੀ ਰੱਖਦੇ ਹਨ। ਮਿਸਾਲ ਵਜੋਂ ਸ੍ਰੀ ਸ੍ਰੀ ਰਵੀ ਸ਼ੰਕਰ ਅਤੇ ਉਨ੍ਹਾਂ ਦੇ ਉੱਚ ਸ਼੍ਰੇਣੀ ਦੇ ਪੈਰੋਕਾਰਾਂ ਵੱਲ ਦੇਖੋ ਜੋ ਉਸ ਦੇ ਪੈਰੋਕਾਰ ਹੋਣ ਸਦਕਾ ਖ਼ੁਦ ਨੂੰ ਮੁੱਲਵਾਨ ਮਹਿਸੂਸ ਕਰਦੇ ਹਨ।

ਗੁਰਮੀਤ ਰਾਮ ਰਹੀਮ ਸਿੰਘ ਦੇ 'ਰੱਬ ਦਾ ਦੂਤ' ਹੋਣ ਦੇ ਦਾਅਵਿਆਂ ਉੱਤੇ ਬਹੁਤ ਸਾਰੇ ਲੋਕ ਹੱਸਦੇ ਹਨ। ਪਰ ਯਕੀਨਨ, ਉਸ ਕੋਲ ਵਿਲੱਖਣ ਪ੍ਰਬੰਧਕੀ ਯੋਗਤਾ ਅਤੇ ਮਾਰਕੀਟਿੰਗ ਦੀ ਕਲਾ ਹੈ ਜਿਸ ਉੱਤੇ ਕਿਸੇ ਵੀ ਲੋਕ ਸੰਪਰਕ ਅਧਿਕਾਰੀ ਨੂੰ ਹਸਦ ਹੋ ਸਕਦਾ ਹੈ। ਕਈਆਂ ਨੂੰ ਉਸ ਦੀ ਸੁਰ ਬਹੁਤ ਹੀ ਗੰਵਾਰੂ ਅਤੇ ਅਸਭਿਅਕ ਲੱਗਦੀ ਹੈ, ਪਰ ਇਸ ਵਿੱਚ ਕੁਝ ਵੀ ਝੂਠਾ ਨਹੀਂ ਹੈ। ਉਹ ਹੋਰ ਬਾਬਿਆਂ ਜਿਵੇਂ ਰਾਮਦੇਵ ਵਾਂਗ ਗੇਰੂਏ ਚੋਲੇ ਵਿੱਚ ਨਹੀਂ ਲੁਕਦਾ, ਉਹ ਆਪਣੇ ਬਿਸਕੁਟ, ਫੇਸਵਾਸ਼ ਅਤੇ ਟੁੱਥਪੇਸਟ ਵੇਚਣ ਲਈ ਸਾਡੇ 'ਰਾਸ਼ਟਰਵਾਦ' ਦੀ ਦੁਹਾਈ ਨਹੀਂ ਦਿੰਦਾ।

ਮੈਂ ਸੋਚਦਾ ਹਾਂ ਕਿ ਇਹ ਸਾਰੇ ਬਾਬੇ ਅਤੇ ਡੇਰੇ ਜਿਸ ਗੱਲ ਵਿੱਚ ਖਤਾ ਖਾਂਦੇ ਹਨ, ਉਹ ਹੈ ਭ੍ਰਿਸ਼ਟ ਸਿਆਸਤਦਾਨਾਂ ਦੇ ਪ੍ਰਲੋਭਨਾਂ ਦੇ ਬਹਿਕਾਵੇ ਵਿੱਚ ਆ ਜਾਣਾ; ਜਾਂ ਫਿਰ ਇਹ ਸੋਚਣਾ ਕਿ ਉਹ ਸਿਆਸਤਦਾਨ ਨੂੰ ਆਪਣੇ ਖ਼ੁਦ ਦੇ ਨਫ਼ੇ ਲਈ ਵਰਤ ਸਕਦੇ ਹਨ। ਕੋਈ ਨਹੀਂ- ਅਤੇ ਇਸ ਦਾ ਮਤਲਬ ਕੋਈ ਵੀ ਕਦੇ ਸਿਆਸਤਦਾਨਾਂ ਤੋਂ ਜਿੱਤ ਨਹੀਂ ਸਕਿਆ।

ਮੈਨੂੰ ਡੇਰੇ ਵੱਲੋਂ ਕੀਤੀ ਗਈ ਸਿਆਸਤਦਾਨ ਦੀ ਚੋਣ ਦੀ ਸਮਝ ਨਹੀਂ ਪੈਂਦੀ। ਮੈਂ ਤਾਂ ਇਹ ਮੰਨਦਾ ਹਾਂ ਕਿ ਇਹ ਡੇਰੇ ਕੁਝ ਬਹੁਤ ਹੁਸ਼ਿਆਰ ਅਤੇ ਘਾਗ ਆਦਮੀਆਂ ਵੱਲੋਂ ਚਲਾਏ ਜਾਂਦੇ ਹਨ। ਅਤੇ ਇਨ੍ਹਾਂ ਸਰਬ-ਗਿਆਨੀ ਵਿਅਕਤੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਡੇਰੇ, ਹਿੰਦੂਤਵ ਪ੍ਰੋਜੈਕਟ ਦੇ ਸੁਭਾਵਿਕ ਦੁਸ਼ਮਣ ਹਨ। ਹਿੰਦੂਤਵ ਪ੍ਰਾਜੈਕਟ ਦਾ ਅੰਤਿਮ ਟੀਚਾ ਤਾਂ ਹਿੰਦੂ ਸਮਾਜ ਦੇ ਸਾਰੇ ਤਬਕਿਆਂ ਉੱਤੇ ਇਕੋ ਵਿਵਸਥਾ ਲਾਗੂ ਕਰਨਾ ਹੈ ਜਦੋਂਕਿ ਡੇਰੇ ਅਤੇ ਆਸ਼ਰਮ ਵਿਵਸਥਿਤ ਵਖਰੇਵੇਂ ਦੇ ਟਿਕਾਣੇ ਹਨ।

ਜੇਕਰ ਪਿਛਲੇ ਸ਼ੁੱਕਰਵਾਰ ਹੋਈ ਹਿੰਸਾ ਨੂੰ ਡੇਰਾ ਸਿਰਸਾ ਦਾ ਵਿਖੰਡਨ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਸੰਨ 1966 ਵਿੱਚ ਇਸ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤਕ ਪਹਿਲੀ ਵਾਰ ਹੋਇਆ ਹੈ ਕਿ ਹਰਿਆਣਾ ਵਿੱਚ

ਬਾਕੀ ਸਫ਼ਾ 32 'ਤੇ

# ਅੰਨ੍ਹੀ ਸ਼ਰਧਾ ਸਿਰ ਫਲ-ਫੂਲ ਰਿਹੈ ਡੇਰਿਆਂ ਦਾ ਕਾਰੋਬਾਰ

**ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਡੇਰਿਆਂ ਪ੍ਰਤੀ ਪ੍ਰੇਮ ਵੋਟਾਂ ਕਾਰਨ ਹੈ ਜਾਂ ਇਸ ਤੋਂ ਵੀ ਵੱਡੀ ਇਸ ਦੀ ਵਜ੍ਹਾ ਹੈ ਆਮਦਨ ਨਾ ਵਧਣ, ਆਰਥਿਕ ਪਾੜਾ ਵਧਦੇ ਜਾਣ ਅਤੇ ਬੇਰੁਜ਼ਗਾਰੀ ਦੇ ਵਿਕਰਾਲ ਰੂਪ ਧਾਰਨ ਕਰਨ ਕਾਰਨ ਫੈਲੀ ਨਿਰਾਸ਼ਤਾ ਵਾਲੇ ਸਖ਼ਤ ਸਿਆਸੀ ਮੁਕਾਬਲੇ ਤੇ ਨਵ-ਉਦਾਰਵਾਦੀ ਆਰਥਿਕ ਦੌਰ ਵਿੱਚ ਅਜਿਹੇ ਡੇਰੇ ਤੇ 'ਧਾਰਮਿਕ ਬਾਬੇ' ਤਣਾਅ ਮੁਕਤੀ ਦਾ ਕੰਮ ਕਰਦੇ ਹਨ। ਅਜਿਹੀ ਹਾਲਾਤ ਵਿੱਚ ਇਹ 'ਬਾਬੇ' ਅੰਨ੍ਹੀ ਸ਼ਰਧਾ ਦੇ ਸੌਦਾਗਰ ਬਣ ਜਾਂਦੇ ਹਨ ਅਤੇ ਆਪਣੇ ਸ਼ਰਧਾਲੂਆਂ ਦੀ ਸੋਚ ਬਦਲਣ ਲਈ ਬਾਜ਼ਾਰੂ ਜਨ-ਸੰਸਕ੍ਰਿਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਅਸਲ ਮੁੱਦਿਆਂ ਤੋਂ ਭਟਕਾ ਦਿੰਦੇ ਹਨ।**



**ਪ੍ਰਮੋਦ ਕੁਮਾਰ**

ਭਾਰਤ ਵਿੱਚ ਲੋਕ ਸਭਾ ਦੀਆਂ 14 ਵਾਰ ਅਤੇ 29 ਰਾਜਾਂ ਤੇ ਸੱਤ ਕੇਂਦਰੀ ਪ੍ਰਦੇਸ਼ਾਂ ਦੀਆਂ ਇਸ ਤੋਂ ਵੀ ਵੱਧ ਵਾਰ ਚੋਣਾਂ ਹੋ ਚੁੱਕੀਆਂ ਹਨ। ਹਰ ਚੋਣ ਵਿੱਚ ਡੇਰਿਆਂ ਨੇ ਕੋਈ ਨਾ ਕੋਈ ਭੂਮਿਕਾ ਨਿਭਾਈ। ਡੇਰੇ ਤੇ ਧਾਰਮਿਕ ਬਾਬੇ ਵੱਖ ਵੱਖ ਧਰਮਾਂ ਤੋਂ ਉਪਜੇ ਹੋਣ ਦੇ ਬਾਵਜੂਦ ਉਨ੍ਹਾਂ ਦੇ ਸ਼ਰੀਕਾਂ ਵਰਗੇ ਹਨ। ਡੇਰੇ ਤੇ 'ਧਾਰਮਿਕ ਬਾਬੇ' ਆਪਣੇ ਗਰੀਬ ਤੇ ਮੱਧਵਰਗੀ ਸ਼ਰਧਾਲੂਆਂ ਦੇ ਉਪਦੇਸ਼ਕ ਹੁੰਦੇ ਹਨ। ਇਹ ਬਾਬੇ ਲੋਕਾਂ ਤੇ ਰੱਬ ਵਿਚਾਲੇ ਸੰਦੇਸ਼ ਵਾਹਕ ਮੰਨੇ ਜਾਂਦੇ ਹਨ। ਅਲੈਕਿਸਸ ਮੌਂਟੇਲੀ ਨੇ ਬਹੁਤ ਪਹਿਲਾਂ ਅਠਾਰ੍ਹਵੀਂ ਸਦੀ ਵਿੱਚ ਕਹਿ ਦਿੱਤਾ ਸੀ- "ਦਲਾਲਾਂ ਨੇ ਸਮਾਜਿਕ ਜੀਵਨ ਦੇ ਸਾਰੇ ਸ਼ੋਅਬਿਆਂ ਵਿੱਚ ਆਪਣੀ ਚੌਧਰ ਬਣਾਈ ਹੁੰਦੀ ਹੈ ਅਤੇ ਸਭ ਤੋਂ ਵੱਡਾ ਹਿੱਸਾ ਵੀ ਉਨ੍ਹਾਂ ਨੂੰ ਮਿਲਦਾ ਹੈ। ਆਰਥਿਕ ਖੇਤਰ ਵਿੱਚ, ਜਿਵੇਂ ਪੂੰਜੀ ਨਿਵੇਸ਼ਕ, ਸ਼ੇਅਰ ਬਾਜ਼ਾਰਾਂ ਦੇ ਸਟੋਰੀਏ, ਵਪਾਰੀ ਤੇ ਦੁਕਾਨਦਾਰ ਮਲਾਈ ਛਕਦੇ ਹਨ; ਉਵੇਂ ਹੀ ਦੀਵਾਨੀ ਮਾਮਲਿਆਂ ਵਿੱਚ ਵਕੀਲ ਆਪਣੇ ਮੁਵੱਕਿਲਾਂ ਦੀ ਜੇਬ ਨਿਚੋੜਦੇ ਹਨ; ਸਿਆਸਤ ਵਿੱਚ ਮੱਤਦਾਤਾਵਾਂ ਨਾਲੋਂ ਨੇਤਾ ਅਹਿਮ ਹੁੰਦਾ ਹੈ। ਧਰਮ ਵਿੱਚ 'ਧਾਰਮਿਕ ਵਿਚੋਲੇ' ਰੱਬ ਨੂੰ ਵੀ ਪਰਦੇ ਪਿੱਛੇ ਧਕੇਲ ਦਿੰਦੇ ਹਨ।"

ਰੱਬ ਦੇ ਇਹ ਵਿਚੋਲੇ ਆਪਣੇ ਸ਼ਰਧਾਲੂਆਂ ਨੂੰ ਨਸ਼ੀਲੇ ਪਦਾਰਥਾਂ, ਸ਼ਰਾਬੀਪੁਣੇ ਤੇ ਪਤਨੀ ਦੀ ਮਾਰਕੁੱਟ ਵਰਗੀਆਂ ਬੁਰਾਈਆਂ ਤੋਂ ਮੁਕਤ ਕਰਾਉਂਦੇ ਹਨ, ਉਨ੍ਹਾਂ ਨੂੰ ਸਸਤਾ ਭੋਜਨ ਮੁਹੱਈਆ ਕਰਦੇ ਅਤੇ ਸਿਹਤ ਸੇਵਾਵਾਂ ਦਿੰਦੇ ਹਨ, ਜਦੋਂਕਿ ਉਨ੍ਹਾਂ ਨੂੰ ਸਰਕਾਰ ਦੀਆਂ ਸਮਾਜਿਕ ਸੁਰੱਖਿਆ ਸਕੀਮਾਂ ਦੀਆਂ ਸਹੂਲਤਾਂ ਹਾਸਲ ਕਰਨ ਲਈ ਅਕਸਰ ਧੱਕੇ ਖਾਣੇ ਪੈਂਦੇ ਹਨ। ਸੁਭਾਵਕ ਹੈ ਕਿ ਜਦੋਂ ਸਰਕਾਰ ਅਜਿਹੀਆਂ ਸਹੂਲਤਾਂ ਦੇਣ ਤੋਂ ਅਸਮਰੱਥ ਹੋ ਜਾਂਦੀ ਤਾਂ ਲੋਕਾਂ ਦਾ ਝੁਕਾਅ ਅਜਿਹੀਆਂ ਸੰਸਥਾਵਾਂ ਵੱਲ ਹੋ ਜਾਂਦਾ ਹੈ ਜਿਹੜੀਆਂ ਉਨ੍ਹਾਂ ਦੇ 'ਅੱਛੇ ਦਿਨ' ਲਿਆ ਦਿੰਦੀਆਂ ਹਨ। ਸ਼ਰਧਾਲੂਆਂ ਦੀ ਹੋਰ ਸੰਸਥਾਵਾਂ ਦੇ ਮੁਕਾਬਲੇ ਡੇਰਿਆਂ ਪ੍ਰਤੀ ਸ਼ਰਧਾ ਤੇ ਵਿਸ਼ਵਾਸ ਵਧ ਜਾਂਦਾ ਹੈ। ਇਸ ਅਟੁੱਟ ਵਿਸ਼ਵਾਸ ਦੇ ਚੱਲਦਿਆਂ ਸ਼ਰਧਾਲੂ ਸਰਕਾਰਾਂ, ਸਿਆਸੀ ਪਾਰਟੀਆਂ, ਨਿਆਂਪਾਲਿਕਾ, ਇੱਥੋਂ ਤੱਕ ਕਿ ਬਾਜ਼ਾਰ ਤੋਂ ਦੂਰ ਹੋ ਜਾਂਦੇ ਹਨ। ਰੱਬ ਦੇ ਕਥਿਤ ਵਿਚੋਲਿਆਂ ਨੂੰ ਸ਼ਰਧਾਲੂਆਂ ਦਾ ਇਹ ਅੰਧ-ਵਿਸ਼ਵਾਸ ਬਹੁਤ ਰਾਸ ਆਉਂਦਾ ਹੈ। ਜੇ ਅਦਾਲਤਾਂ 'ਧਾਰਮਿਕ ਬਾਬਿਆਂ' ਨੂੰ ਦੋਸ਼ੀ ਕਰਾਰ ਦੇਣ, ਫਿਰ ਵੀ ਸ਼ਰਧਾਲੂ ਉਨ੍ਹਾਂ ਨੂੰ ਨਿਰਦੋਸ਼ ਮੰਨਦੇ ਹਨ। ਅਜਿਹੀ ਅੰਨ੍ਹੀ ਸ਼ਰਧਾ ਦੇ ਚੱਲਦਿਆਂ ਸ਼ਰਧਾਲੂ 'ਬਾਬਿਆਂ' ਦੇ ਨਿੱਜੀ ਸਵਾਰਥਾਂ ਨਾਲ ਜੁੜੀਆਂ ਸਾਜ਼ਿਸ਼ਾਂ ਦਾ ਸ਼ਿਕਾਰ ਬਣ ਜਾਂਦੇ ਹਨ। 'ਬਾਬੇ' ਆਪਣੇ ਸ਼ਰਧਾਲੂਆਂ ਦੇ ਅੰਧ-ਵਿਸ਼ਵਾਸ ਦਾ ਸੌਦਾ ਵੋਟਰ, ਪ੍ਰਾਈਵੇਟ ਫੌਜ, ਕਿਰਤ ਦਾਨ, ਸਰੀਰ ਦੇ ਅਹਿਮ ਅੰਗਾਂ, ਖ਼ੂਨ, ਮੁਹਾਰਤ ਆਦਿ ਦੇ ਰੂਪ ਵਿੱਚ ਕਰਦੇ ਹਨ। ਇਹ ਵਸੀਲੇ ਉਨ੍ਹਾਂ ਦੇ ਸ਼ਕਤੀ ਭੰਡਾਰ ਬਣ ਜਾਂਦੇ ਹਨ। ਇਸ ਕਾਰਨ ਉਨ੍ਹਾਂ ਦਾ ਅਕਸ ਵਿਸ਼ਾਲ ਰੂਪ ਧਾਰਨ ਕਰ ਜਾਂਦਾ ਹੈ।

ਅਜਿਹੇ 'ਧਾਰਮਿਕ ਬਾਬਿਆਂ' ਦਾ ਸਮੂਹ ਇਕ ਪੰਥ ਬਣ ਜਾਂਦਾ ਹੈ। ਉਹ ਆਪਣੀ ਜਾਤ, ਧਰਮ, ਨਸਲ ਦੀ ਪ੍ਰਵਾਹ ਕੀਤੇ ਬਗੈਰ, ਆਪਸ ਵਿੱਚ ਵਿਆਹ ਸ਼ਾਦੀਆਂ ਕਰਦੇ ਹਨ। ਨੌਕਰੀਆਂ ਹਾਸਲ ਕਰਨ ਅਤੇ ਕਾਰੋਬਾਰ ਵਧਾਉਣ ਲਈ ਸੰਖਿਆ ਸ਼ਕਤੀ ਦੀ ਧੌਂਸ ਜਮਾਉਂਦੇ ਹਨ। ਅਜਿਹੇ ਮੇਲ-ਮਿਲਾਪ ਨੂੰ ਨੇਪਰੇ ਚਾੜ੍ਹਨ ਵਿੱਚ, ਇਨ੍ਹਾਂ ਦੇ 'ਬਾਬੇ' ਵਿਚੋਲਗਿਰੀ ਦੀ ਭੂਮਿਕਾ ਨਿਭਾਉਂਦੇ ਹਨ। ਇਕ-ਦੂਜੇ ਉਪਰ ਅਜਿਹੀ ਨਿਰਭਰਤਾ ਹੋਣ ਕਾਰਨ ਸਿਆਸੀ ਆਗੂਆਂ ਨੂੰ ਇਨ੍ਹਾਂ 'ਧਾਰਮਿਕ ਬਾਬਿਆਂ' ਅਤੇ ਉਨ੍ਹਾਂ ਦੇ ਸ਼ਰਧਾਲੂਆਂ ਨਾਲ ਲੈਣ-ਦੇਣ ਕਰਨਾ ਪੈਂਦਾ ਹੈ। ਇਨ੍ਹਾਂ 'ਬਾਬਿਆਂ' ਦੀ ਅਪੀਲ ਟੌਨਿਕ ਦੀ ਤਰ੍ਹਾਂ ਕੰਮ ਕਰਦੀ ਹੈ ਜਿਸ ਨੂੰ ਰਾਜਨੇਤਾ ਹੱਥੋ-ਹੱਥ ਝਪਟ ਲੈਂਦੇ ਹਨ। ਇਹੀ ਕਾਰਨ ਹੈ ਕਿ ਡੇਰਿਆਂ ਨੂੰ ਖ਼ੁਸ਼ ਕਰਨ ਲਈ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਹੋੜ ਲੱਗੀ ਰਹਿੰਦੀ ਹੈ। ਫਿਰ ਡੇਰੇ ਆਪਣੇ ਸ਼ਰਧਾਲੂਆਂ ਨੂੰ ਵੋਟ, ਆਪਣੀ ਅੰਤਰ ਆਤਮਾ ਦੀ ਬਜਾਏ, ਆਪਣੇ ਉਨ੍ਹਾਂ (ਡੇਰੇ) ਪ੍ਰਤੀ ਵਿਸ਼ਵਾਸ ਨੂੰ ਮੁੱਖ ਰੱਖ ਕੇ ਪਾਉਣ ਦਾ ਹੁਕਮ ਜਾਰੀ ਕਰਦੇ ਹਨ। ਭਾਵ ਡੇਰਾ ਜਿਸ ਪਾਰਟੀ ਨੂੰ ਹਮਾਇਤ ਦਿੰਦਾ ਹੈ, ਸ਼ਰਧਾਲੂਆਂ ਨੂੰ ਵੀ ਵੋਟ ਉਨ੍ਹਾਂ ਨੂੰ ਪਾਉਣ ਦੀ ਹਦਾਇਤ ਜਾਰੀ ਹੁੰਦੀ ਹੈ। ਸਿਰਸਾ ਡੇਰੇ ਦਾ ਪੰਜਾਬ ਦੇ ਕਰੀਬ 27 ਵਿਧਾਨ ਸਭਾ ਹਲਕਿਆਂ ਵਿੱਚ ਪ੍ਰਭਾਵ ਹੈ।

ਬਾਕੀ ਸਫ਼ਾ 32 'ਤੇ

# ਰਾਮ ਰਹੀਮ ਦਾ ਸੱਚ ਸਾਹਮਣੇ ਲਿਆਉਣ ਵਾਲਾ ਪੱਤਰਕਾਰ ਰਾਮਚੰਦ ਛਤਰਪਤੀ

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਚਕੂਲਾ ਦੀ ਸਪੈਸ਼ਲ ਸੀਬੀਆਈ ਅਦਾਲਤ ਨੇ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਬਲਾਤਕਾਰ ਦਾ ਦੋਸ਼ੀ ਕਰਾਰ ਦਿੱਤਾ ਹੈ। ਸਾਲ 2002 'ਚ ਇਸ ਬਲਾਤਕਾਰ ਦੀ ਜਾਣਕਾਰੀ ਪੱਤਰਕਾਰ ਰਾਮਚੰਦ ਛਤਰਪਤੀ ਨੇ ਪਹਿਲੀ ਵਾਰ ਦਿੱਤੀ ਸੀ।

ਰਾਮਚੰਦ ਛਤਰਪਤੀ ਸਿਰਸਾ ਦੇ ਸ਼ਾਮ ਨੂੰ ਨਿਕਲਣ ਵਾਲੇ ਰੋਜ਼ਾਨਾ ਅਖ਼ਬਾਰ 'ਪੂਰਾ ਸੱਚ' ਦੇ ਸੰਪਾਦਕ ਸੀ। ਸਾਧਵੀ ਨਾਲ ਹੋਏ ਬਲਾਤਕਾਰ ਦੀ ਖ਼ਬਰ ਪ੍ਰਕਾਸ਼ਤ ਕਰਨ ਤੋਂ ਕੁਝ ਮਹੀਨਿਆਂ ਬਾਅਦ ਹੀ ਛਤਰਪਤੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ।

ਸਿਰਸਾ ਦੇ ਸਥਾਨਕ ਪੱਤਰਕਾਰ ਪ੍ਰਭੂ ਦਿਆਲ ਨੇ ਦੱਸਿਆ ਕਿ 'ਸਾਲ 2000 'ਚ ਸਿਰਸਾ 'ਚ ਰਾਮਚੰਦਰ ਛਤਰਪਤੀ ਨੇ ਵਕਾਲਤ ਛੱਡ ਕੇ "ਪੂਰਾ ਸੱਚ" ਨਾਂ ਦਾ ਅਖ਼ਬਾਰ ਸ਼ੁਰੂ ਕੀਤਾ ਸੀ। ਪ੍ਰਭੂ ਦਿਆਲ ਨੇ ਦਸਿਆ, "ਸਾਲ 2002 'ਚ ਰਾਮਚੰਦ ਛਤਰਪਤੀ ਨੂੰ ਇਕ ਗੁਮਨਾਮ ਚਿੱਠੀ ਮਿਲੀ ਜਿਸ 'ਚ ਡੇਰੇ 'ਚ ਸਾਧਵੀਆਂ ਦੇ ਸਰੀਰਕ ਸ਼ੋਸ਼ਣ ਦੀ ਗੱਲ ਕਹੀ ਗਈ ਸੀ। ਉਨ੍ਹਾਂ ਨੇ ਉਸ ਚਿੱਠੀ ਨੂੰ ਛਾਪ ਦਿੱਤਾ ਜਿਸ ਤੋਂ ਬਾਅਦ ਉਨ੍ਹਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ।"

"ਆਖਰਕਾਰ 19 ਅਕਤੂਬਰ ਦੀ ਰਾਤ ਛਤਰਪਤੀ ਨੂੰ ਘਰ ਦੇ ਅੱਗੇ ਗੋਲੀ ਮਾਰ ਦਿੱਤੀ ਗਈ। ਇਸ ਤੋਂ ਬਾਅਦ 21 ਅਕਤੂਬਰ ਨੂੰ ਦਿੱਲੀ ਦੇ ਅਪੋਲੋ ਹਸਪਤਾਲ 'ਚ ਉਨ੍ਹਾਂ ਦੀ ਮੌਤ ਹੋ ਗਈ।"

ਪ੍ਰਭੂ ਦਿਆਲ ਦੱਸਦੇ ਹਨ ਕਿ ਇਸ ਦੌਰਾਨ ਛਤਰਪਤੀ ਹੋਸ਼ 'ਚ ਵੀ ਆਏ ਅਤੇ ਵਾਰ ਵਾਰ ਕਹੇ ਜਾਣ ਉੱਤੇ ਵੀ ਰਾਜਨੀਤਕ ਦਬਾਅ ਕਾਰਨ ਉਨ੍ਹਾਂ ਦਾ ਬਿਆਨ ਤਕ ਦਰਜ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਅਦਾਲਤ 'ਚ ਅਰਜ਼ੀ ਦੇ ਕੇ ਸੀਬੀਆਈ ਜਾਂਚ ਦੀ ਮੰਗ ਕੀਤੀ।

ਉਹ ਦੱਸਦੇ ਹਨ ਕਿ ਛਤਰਪਤੀ ਆਪਣੇ ਅਖ਼ਬਾਰ 'ਚ ਡੇਰਾ ਸਿਰਸਾ ਦੀਆਂ ਖ਼ਬਰਾਂ



**ਪੂਰਾ ਸੱਚ ਅਖ਼ਬਾਰ ਦੀ ਕਾਪੀ, ਜਿਸ ਵਿਚ ਡੇਰਾ ਸਿਰਸਾ 'ਚ ਹੋ ਰਹੇ ਸਰੀਰਕ ਸ਼ੋਸ਼ਣ ਦੀ ਖ਼ਬਰ ਛਪੀ ਸੀ ਅਤੇ ਅਖ਼ਬਾਰ ਦਾ ਸੰਪਾਦਕ ਮਰਹੂਮ ਰਾਮਚੰਦਰ ਛਤਰਪਤੀ।**

ਨੂੰ ਛਾਪਦੇ ਸੀ, ਜਿਸ ਕਰਕੇ ਉਸ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ।

ਛਤਰਪਤੀ ਦਾ ਪਰਿਵਾਰ ਅੱਜ ਵੀ ਉਸ ਦੇ ਕਤਲ ਦੇ ਮਾਮਲੇ 'ਚ ਇਨਸਾਫ ਦੀ ਉਡੀਕ ਕਰ ਰਿਹਾ ਹੈ। ਇਹ ਮਾਮਲੇ ਵੀ ਉਸੇ ਸੀਬੀਆਈ ਅਦਾਲਤ 'ਚ ਚੱਲ ਰਿਹਾ ਹੈ ਜਿਸਨੇ ਰਾਮ ਰਹੀਮ ਨੂੰ ਬਲਾਤਕਾਰ ਮਾਮਲੇ 'ਚ ਦੋਸ਼ੀ ਠਹਿਰਾਇਆ ਹੈ।

ਅੰਗਰੇਜ਼ੀ ਦੇ ਰੋਜ਼ਾਨਾ "ਹਿੰਦੁਸਤਾਨ ਟਾਈਮਸ" ਦੀ ਖ਼ਬਰ ਮੁਤਾਬਕ ਅਕਤੂਬਰ 2002 ਨੂੰ ਛਤਪਰੀ ਨੂੰ ਉਸ ਦੇ ਘਰ ਸਾਹਮਣੇ ਗੋਲੀ ਮਾਰੀ ਗਈ ਸੀ। ਉਸ ਦੇ ਪੁੱਤਰ ਅੰਸ਼ੁਲ ਨੇ ਦੱਸਿਆ, 'ਮੈਂ ਉਸ ਵੇਲੇ 21 ਸਾਲ ਦਾ ਸੀ, ਮੈਨੂੰ ਨਹੀਂ ਸੀ ਪਤਾ ਕਿ ਇਨਸਾਫ ਲਈ ਕਿੱਥੇ ਜਾਵਾਂ, ਪੁਲੀਸ ਨੇ ਐਫ.ਆਈ.ਆਰ. 'ਚ ਡੇਰਾ ਮੁਖੀ ਰਾਮ ਰਹੀਮ ਦਾ ਨਾਂ ਨਹੀਂ ਸ਼ਾਮਲ ਕੀਤਾ ਸੀ।" ਰਾਮ ਰਹੀਮ 'ਤੇ ਫੈਸਲਾ ਆਉਣ ਦੇ ਨਾਲ ਹੀ ਪੱਤਰਕਾਰ ਰਾਮਚੰਦਰ ਛਤਰਪਤੀ ਲਈ ਸੋਸ਼ਲ ਮੀਡੀਆ 'ਤੇ ਇਨਸਾਫ ਦੀ ਮੰਗ ਉੱਠਣ ਲੱਗੀ ਹੈ।

ਰਾਜਨੀਤਕ ਵਿਸ਼ਲੇਸ਼ਕ ਯੋਗੇਂਦਰ ਯਾਦਵ ਨੇ ਫੇਸਬੁਕ 'ਤੇ ਪੱਤਰਕਾਰ ਰਾਮਚੰਦਰ ਛਤਰਪਤੀ ਦਾ ਜ਼ਿਕਰ ਕੀਤਾ। ਯਾਦਵ ਨੇ ਲਿਖਿਆ ਕਿ ਛਤਰਪਤੀ ਇਕ ਇਮਾਨਦਾਰ ਅਤੇ ਬਹਾਦਰ ਪੱਤਰਕਾਰ ਵਜੋਂ ਜਾਣਿਆ ਜਾਂਦਾ ਸੀ।

ਛਤਰਪਤੀ ਨਾਲ ਮੁਲਾਕਾਤ ਦਾ ਜ਼ਿਕਰ ਕਰਦੇ ਹੋਏ ਯੋਗੇਂਦਰ ਯਾਦਵ ਨੇ ਲਿਖਿਆ, 'ਛਤਰਪਤੀ ਨੇ ਮੈਨੂੰ ਦੱਸਿਆ ਕਿ "ਅਸੀਂ ਸਾਧਵੀ ਦੀ ਚਿੱਠੀ ਛਾਪ ਦਿੱਤੀ, ਚਿੱਠੀ ਛਪਣ ਤੋਂ ਬਾਅਦ ਚਿੱਠੀ ਲੀਕ ਕਰਨ ਦੇ ਸ਼ੱਕ 'ਚ ਪੀੜਤ ਲੜਕੀ ਦੇ ਭਰਾ ਰਣਜੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ।" ਯਾਦਵ ਨੇ ਦੱਸਿਆ ਕਿ ਇਹ ਸੁਣ ਕੇ ਮੈਂ ਡਰ ਕੇ ਪੁੱਛਿਆ, "ਰਾਮਚੰਦਰ ਜੀ ਤੁਹਾਨੂੰ ਖ਼ਤਰਾ ਨਹੀਂ ਹੈ?" ਛਤਰਪਤੀ ਨੇ ਕਿਹਾ, "ਹਾਂ, ਕਈ ਵਾਰ ਧਮਕੀਆਂ ਮਿਲ ਚੁੱਕੀਆਂ ਹਨ, ਕੀ ਹੋਊਗਾ ਪਤਾ ਨਹੀਂ, ਪਰ ਇਕ ਨਾ ਇਕ ਦਿਨ ਆਪਾਂ ਸਾਰਿਆਂ ਨੇ ਜਾਣਾ ਹੈ।"

ਯੋਗੇਂਦਰ ਯਾਦਵ ਨੇ ਦੱਸਿਆ, "ਚਾਰ ਦਿਨਾਂ ਬਾਅਦ ਖ਼ਬਰ ਆਈ ਕਿ ਰਾਮਚੰਦਰ ਛਤਰਪਤੀ ਦੇ ਘਰੇ ਹਮਲਾ ਹੋਇਆ ਅਤੇ ਉਨ੍ਹਾਂ ਨੂੰ 5 ਗੋਲੀਆਂ ਲੱਗੀਆਂ। ਕੁਝ ਦਿਨ ਬਾਅਦ ਉਹ ਨਹੀਂ ਰਹੇ। ਉਸ ਵੇਲੇ ਹਰਿਆਣਾ 'ਚ ਚੌਟਾਲਿਆਂ ਦੀ ਸਰਕਾਰ ਸੀ। ਜਿਸ ਨੇ ਕਤਲ ਦੀ ਢੰਗ ਨਾਲ "ਜਾਂਚ" ਤਕ ਨਹੀਂ ਕਰਵਾਈ। ਯਾਦਵ ਨੇ ਦੱਸਿਆ ਕਿ ਸਾਰੇ ਸੂਬੇ ਤੋਂ ਪੱਤਰਕਾਰਾਂ ਨੇ ਆਵਾਜ਼ ਚੁੱਕੀ ਪਰ ਸਰਕਾਰ ਸੀਬੀਆਈ ਜਾਂਚ ਲਈ ਨਹੀਂ ਮੰਨੀ।"

ਉਸ ਨੇ ਲਿਖਿਆ, "ਆਖਰ ਪੰਜਾਬ-ਹਰਿਆਣਾ ਹਾਈ ਕੋਰਟ ਦੇ ਹੁਕਮਾਂ 'ਤੇ ਸੀਬੀਆਈ ਜਾਂਚ ਸ਼ੁਰੂ ਹੋਈ, ਜਿਸ ਨੂੰ ਕਿ ਡੇਰਾ ਸਿਰਸਾ ਨੇ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ। ਪੱਤਰਕਾਰ ਰਵੀਸ਼ ਕੁਮਾਰ ਨੇ ਦੱਸਿਆ ਕਿ ਛਤਰਪਤੀ ਕਤਲ ਕੇਸ 'ਚ ਉੱਘੇ ਵਕੀਲਾਂ ਰਾਜਿੰਦਰ ਸੱਚਰ, ਆਰ.ਐਸ. ਚੀਮਾ, ਅਸ਼ਵਨੀ ਬਖ਼ਸ਼ੀ ਅਤੇ ਲੇਖਰਾਜ ਨੇ ਬਿਨਾਂ ਪੈਸੇ ਲਏ ਇਹ ਕੇਸ ਲੜਿਆ।

# ਮਰਹੂਮ ਛਤਰਪਤੀ ਦੇ ਪੁੱਤਰ ਅੰਸ਼ੁਲ ਨੇ ਅਦਾਲਤੀ ਫ਼ੈਸਲੇ 'ਤੇ ਪ੍ਰਗਟਾਇਆ ਭਰੋਸਾ

ਸਿਰਸਾ : ਵਿਸ਼ੇਸ਼ ਸੀਬੀਆਈ ਅਦਾਲਤ ਦਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਾਧਵੀਆਂ ਨਾਲ ਬਲਾਤਕਾਰ ਦਾ ਦੋਸ਼ੀ ਠਹਿਰਾਏ ਜਾਣ ਬਾਰੇ ਫ਼ੈਸਲਾ ਪੱਤਰਕਾਰ ਅੰਸ਼ੁਲ ਛੱਤਰਪਤੀ ਲਈ ਵੱਡੀ ਉਮੀਦ ਬਣ ਕੇ ਆਇਆ ਹੈ। ਅੰਸ਼ੁਲ ਵੱਲੋਂ ਆਪਣੇ ਪਿਤਾ ਦੇ ਕਤਲ ਸਬੰਧੀ ਇਨਸਾਫ਼ ਲਈ ਲੰਬੀ ਲੜਾਈ ਲੜੀ ਜਾ ਰਹੀ ਹੈ। ਉਸ ਦੇ ਪਿਤਾ ਰਾਮ ਚੰਦਰ ਛੱਤਰਪਤੀ, ਜਿਨ੍ਹਾਂ ਵੱਲੋਂ ਸਿਰਸਾ ਤੋਂ ਅਖ਼ਬਾਰ 'ਪੂਰਾ ਸੱਚ' ਪ੍ਰਕਾਸ਼ਤ ਕੀਤਾ ਜਾਂਦਾ ਸੀ, ਨੂੰ 24 ਅਕਤੂਬਰ, 2001 ਨੂੰ ਦੋ ਡੇਰਾ ਪ੍ਰੇਮੀਆਂ ਨੇ ਗੋਲੀਆਂ ਮਾਰ ਦਿੱਤੀਆਂ ਸਨ। ਸਾਧਵੀਆਂ ਦੇ ਬਲਾਤਕਾਰ ਬਾਰੇ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਲਿਖੇ ਪੱਤਰ ਸਮੇਤ ਡੇਰੇ ਦੀਆਂ ਹੋਰ ਗਤੀਵਿਧੀਆਂ ਬਾਰੇ ਉਸ ਵੱਲੋਂ ਖ਼ਬਰਾਂ ਪ੍ਰਕਾਸ਼ਤ ਕੀਤੀਆਂ ਜਾਂਦੀਆਂ ਸਨ। ਛੱਤਰਪਤੀ ਦੀ 21 ਨਵੰਬਰ ਨੂੰ ਮੌਤ ਹੋ ਗਈ ਸੀ। ਗੁਰਮੀਤ ਰਾਮ ਰਹੀਮ ਖ਼ਿਲਾਫ਼ ਛੱਤਰਪਤੀ ਅਤੇ ਰਣਜੀਤ ਸਿੰਘ, ਜੋ ਬਲਾਤਕਾਰ ਕੇਸ ਵਿਚ ਗਵਾਈ ਦੇਣ ਵਾਲੀਆਂ ਸਾਧਵੀਆਂ ਵਿੱਚੋਂ ਇਕ ਦਾ ਭਰਾ ਸੀ, ਦੇ ਕਤਲ ਦੇ ਕੇਸ ਚੱਲ ਰਹੇ ਹਨ। ਇਥੇ ਆਪਣੀ ਰਿਹਾਇਸ਼ 'ਤੇ ਅੰਸ਼ੁਲ ਨੇ ਦੱਸਿਆ, 'ਤੁਸੀਂ ਸੋਚ ਸਕਦੇ ਹੋ ਕਿ ਮੇਰੇ ਵਰਗੇ ਆਮ ਬੰਦੇ ਲਈ ਅਜਿਹੇ ਵਿਅਕਤੀ, ਜਿਸ ਦੇ ਚਰਨਾਂ ਵਿਚ ਸਰਕਾਰ ਵਿਛੀ ਹੋਈ ਹੈ, ਖ਼ਿਲਾਫ਼ ਇਨਸਾਫ਼ ਲਈ ਲੜਨਾ ਕਿੰਨਾ ਔਖਾ ਹੋਵੇਗਾ। ਮੈਂ ਤੇ ਮੇਰੇ ਪਰਿਵਾਰ ਨੇ ਡਰ ਡਰ ਦਿਨ ਕੱਟੇ ਹਨ ਕਿਉਂਕਿ ਜਿਸ ਸਰਕਾਰ ਨੇ ਸਾਡੀ ਰੱਖਿਆ ਕਰਨੀ ਹੈ ਅਸਲ ਵਿੱਚ ਉਹ ਗੁਰਮੀਤ



ਰਾਮ ਰਹੀਮ ਦਾ ਸਨਮਾਨ ਕਰ ਰਹੀ ਹੈ। ਲੋਕਾਂ ਦੇ ਖ਼ੂਨ ਪਸੀਨੇ ਦੀ ਕਮਾਈ ਨਾਲ ਉਸ ਨੂੰ ਲੱਖਾਂ ਰੁਪਏ ਚੜ੍ਹਾ ਰਹੀ ਹੈ ਅਤੇ ਉਸ ਦੀਆਂ ਫਿਲਮਾਂ ਨੂੰ ਕਰ ਤੋਂ ਛੋਟ ਦੇ ਰਹੀ ਹੈ। ਸਾਡੇ ਦੇਸ਼ ਦੀ ਨਿਆਂ ਪ੍ਰਣਾਲੀ ਤੋਂ ਮੇਰਾ ਕਦੇ ਵੀ ਵਿਸ਼ਵਾਸ ਨਹੀਂ ਟੁੱਟਿਆ ਅਤੇ ਇਸ ਫ਼ੈਸਲੇ ਨਾਲ ਮੇਰਾ ਭਰੋਸਾ ਦ੍ਰਿੜ੍ਹ ਹੋਇਆ ਹੈ ਕਿ ਭਾਵੇਂ ਚੁਣੀ ਹੋਈ ਸਰਕਾਰ ਕੁੱਝ ਵੋਟਾਂ ਖ਼ਾਤਰ ਲੋਕਾਂ ਨੂੰ ਧੋਖਾ ਦੇਣ ਲਈ ਤਿਆਰ ਹੈ ਪਰ ਹਾਲੇ ਵੀ ਕੁੱਝ ਤੰਦਾਂ ਬਚੀਆਂ ਹੋਈਆਂ ਹਨ।'

ਉਸ ਨੇ ਦੋਸ਼ ਲਾਇਆ, 'ਭਾਜਪਾ, ਇਨੈਲੋ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨੇ ਸਾਡੇ ਕੇਸਾਂ ਨੂੰ ਡੇਰਾ ਮੁਖੀ ਤੋਂ ਵੋਟਾਂ ਹਾਸਲ ਕਰਨ ਲਈ ਵਰਤਿਆ ਹੈ।'

ਸੁਰੱਖਿਆ ਲਈ ਚਿੰਤਤ ਹੋਣ ਬਾਰੇ ਪੁੱਛਣ 'ਤੇ ਅੰਸ਼ੁਲ ਨੇ ਕਿਹਾ ਕਿ ਜਦੋਂ ਫ਼ੈਸਲਾ ਆਉਣ ਬਾਰੇ ਪਤਾ ਲੱਗਾ ਕਿ ਉਸ ਨੇ ਪੁਲੀਸ ਨੂੰ ਹੋਰ ਸੁਰੱਖਿਆ ਮੁਹੱਈਆ ਕਰਾਉਣ ਲਈ ਬੇਨਤੀ ਕੀਤੀ ਸੀ ਪਰ ਕਿਸੇ ਨੇ ਪ੍ਰਵਾਹ ਨਹੀਂ ਕੀਤੀ। ਉਸ ਕੋਲ ਮਹਿਜ਼ ਦੋ ਪੁਲੀਸ ਮੁਲਾਜ਼ਮ ਸਨ। ਹੁਣ ਤਿੰਨ ਹੋਰ ਪੁਲੀਸ ਮੁਲਾਜ਼ਮ ਦੇ ਕੇ ਉਸ ਦੀ ਸੁਰੱਖਿਆ ਮਜ਼ਬੂਤ ਕੀਤੀ ਗਈ ਹੈ।

# ਸਿਆਸੀ ਲਾਹੇ ਲਈ ਆਗੂਆਂ ਦੀ ਖ਼ੁਸ਼ਾਮਦ ਨੇ ਅਸਮਾਨੀਂ ਚੜ੍ਹਾਇਆ ਬਾਬਾ

**ਮੇਜਰ ਸਿੰਘ, ਸੀਨੀਅਰ ਪੱਤਰਕਾਰ**

27 ਅਗਸਤ-ਰਾਜਸੀ ਪਾਰਟੀਆਂ ਸਿਆਸੀ ਲਾਹਾ ਲੈਣ ਦੀ ਦੌੜ ਵਿਚ ਆਗੂਆਂ ਵੱਲੋਂ ਕੀਤੀ ਖ਼ੁਸ਼ਾਮਦ ਨੇ ਸਿਰਸਾ ਡੇਰਾ ਮੁਖੀ ਨੂੰ ਅਸਮਾਨੀਂ ਚਾੜ੍ਹ ਦਿੱਤਾ। ਅਕਾਲੀ ਦਲ, ਭਾਰਤੀ ਜਨਤਾ ਪਾਰਟੀ, ਕਾਂਗਰਸ ਤੇ ਇਥੋਂ ਤੱਕ ਕਿ ਰਵਾਇਤੀ ਸਿਆਸਤ ਦੇ ਵਿਰੋਧ ਦੇ ਨਾਂਅ ਉੱਪਰ ਹੋਂਦ ਵਿਚ ਆਈ ਆਮ ਆਦਮੀ ਪਾਰਟੀ ਨੇ ਵੀ ਬਾਬੇ ਦੇ ਸ਼ਰਧਾਲੂਆਂ ਨੂੰ ਆਕਰਸ਼ਤ ਕਰਨ ਲਈ ਡੇਰੇ ਵਿਚ ਜਾ ਕੇ ਬਾਬੇ ਅੱਗੇ ਨੱਕ ਰਗੜਨੇ ਸ਼ੁਰੂ ਕਰ ਦਿੱਤੇ। ਹੈਰਾਨ ਕਰਨ ਵਾਲੀ ਗੱਲ ਇਹ ਹੋਈ ਕਿ ਬਾਬੇ ਦੇ ਕਹਿਣ ਉੱਪਰ ਸਾਰੀ ਸ਼ਰਮ-ਹਯਾ ਉਤਾਰ ਕੇ ਚੋਣ ਮੈਦਾਨ ਵਿਚ ਬੁਰੀ ਤਰ੍ਹਾਂ ਕਾਟੋ-ਕਲੇਸ਼ ਵਿਚ ਉਲਝੇ ਉਕਤ ਤਿੰਨਾਂ ਪਾਰਟੀਆਂ ਦੇ ਉਮੀਦਵਾਰ ਇਕੱਠੇ ਬਾਬੇ ਦੇ ਦਰਬਾਰ ਵਿਚ ਪੇਸ਼ ਹੋਏ ਤੇ ਹੱਥ ਜੋੜ ਕੇ ਬਾਬੇ ਤੋਂ ਵੋਟਾਂ ਦੀ ਭੀਖ ਮੰਗਦੇ ਰਹੇ। ਜਬਰ ਜਨਾਹ ਤੇ ਕਤਲਾਂ ਦੇ ਦੋਸ਼ਾਂ ਵਿਚ ਅਦਾਲਤੀ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਗੁਰਮੀਤ ਰਾਮ ਰਹੀਮ ਦੇ ਦਰਬਾਰ ਵਿਚ ਪੇਸ਼ ਹੋਣ ਵਾਲਿਆਂ ਵਿਚ ਕਾਂਗਰਸ ਵੱਲੋਂ ਮੋਹਰੀ 21 ਉਮੀਦਵਾਰਾਂ ਵਿਚ ਸਾਬਕਾ ਮੁੱਖ ਮੰਤਰੀ ਬੀਬੀ ਰਾਜਿੰਦਰ ਕੌਰ ਭੱਠਲ, ਯੂਥ ਕਾਂਗਰਸ ਦੇ ਪ੍ਰਧਾਨ ਤੇ ਗਿੱਦੜਬਾਹਾ ਦੇ ਵਿਧਾਇਕ ਸ੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਸ. ਅਜੀਤਇੰਦਰ ਸਿੰਘ ਮੋਫਰ ਸ਼ਾਮਲ ਸਨ, ਜਦਕਿ ਅਕਾਲੀ ਦਲ ਦੇ ਡੇਰੇ ਗਏ 18 ਉਮੀਦਵਾਰਾਂ ਵਿਚ ਉਦੋਂ ਦੇ ਕੈਬਨਿਟ ਮੰਤਰੀ ਤੇ ਸੀਨੀਅਰ ਅਕਾਲੀ ਨੇਤਾ ਸ. ਸਿਕੰਦਰ ਸਿੰਘ ਮਲੂਕਾ, ਵਿੱਤ ਮੰਤਰੀ ਸ. ਪਰਮਿੰਦਰ ਸਿੰਘ ਢੀਂਡਸਾ, ਜਗਦੀਪ ਸਿੰਘ ਨਕਈ, ਜੀਤ ਮਹਿੰਦਰ ਸਿੰਘ ਸਿੱਧੂ, ਜਨਮੇਜਾ ਸਿੰਘ ਸੇਖੋਂ ਸ਼ਾਮਲ ਸਨ। ਜਦਕਿ ਆਮ ਆਦਮੀ ਪਾਰਟੀ ਦੇ ਮਲਕੀਤ ਸਿੰਘ ਬਿੰਦ ਤੇ ਨਰਿੰਦਰ ਸਿੰਘ ਸੰਧਾ ਸ਼ਾਮਲ ਸਨ। ਡੇਰਾ ਸਿਰਸਾ ਵਾਲੇ ਬਾਬੇ ਦਾ ਸਿਆਸੀ ਪਾਰਟੀਆਂ ਨਾਲ ਅੱਖ-ਮਟੱਕਾ ਪਹਿਲੀ ਵਾਰ 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਸ਼ੁਰੂ ਹੋਇਆ, ਜਦ ਉਸ ਵੱਲੋਂ ਸਿੱਧੇ ਤੌਰ 'ਤੇ ਕਾਂਗਰਸ ਦੀ ਹਮਾਇਤ ਦਾ ਐਲਾਨ ਹੋਇਆ ਤੇ ਪਹਿਲੀ ਵਾਰ ਮਾਲਵਾ ਖੇਤਰ ਵਿਚੋਂ ਅਕਾਲੀਆਂ ਦੇ ਪੈਰ ਚੁੱਕੇ ਗਏ। ਉਸ ਵੇਲੇ ਡੇਰੇ ਵੱਲੋਂ ਧਾਰਮਿਕ ਦੇ ਇਲਾਵਾ ਸਿਆਸੀ ਮਸਲਿਆਂ ਨਾਲ ਨਜਿੱਠਣ ਲਈ ਇਕ 45 ਮੈਂਬਰੀ ਰਾਜਸੀ ਮਾਮਲੇ ਵਿੰਗ ਖੜ੍ਹਾ ਕੀਤਾ ਗਿਆ। ਪੰਜਾਬ ਤੇ ਹਰਿਆਣਾ ਵਿਚ ਹੋਰ ਵੀ ਅਨੇਕ ਡੇਰੇ ਹਨ ਤੇ ਉਨ੍ਹਾਂ ਵੱਲੋਂ ਵੀ ਲੁਕਵੇਂ ਜਾਂ ਸੰਕੇਤਕ ਢੰਗ ਨਾਲ ਚੋਣਾਂ ਦੌਰਾਨ ਪਾਰਟੀਆਂ ਜਾਂ



ਮਨਪਸੰਦ ਦੇ ਆਗੂਆਂ ਦੀ ਹਮਾਇਤ ਕੀਤੀ ਜਾਂਦੀ ਰਹੀ ਹੈ, ਪਰ ਡੇਰਾ ਸਿਰਸਾ ਪਹਿਲਾ ਅਜਿਹਾ ਧਾਰਮਿਕ ਅਖਵਾਉਂਦਾ ਡੇਰਾ ਹੈ, ਜਿਸ ਨੇ ਆਪਣਾ ਸਿਆਸੀ ਵਿੰਗ ਖੜ੍ਹਾ ਕਰਕੇ ਚੋਣਾਂ ਵਿਚ ਸਿਆਸੀ ਧਿਰਾਂ ਨਾਲ 'ਸੌਦੇਬਾਜ਼ੀ' ਦੀ ਨੰਗੀ ਚਿੱਟੀ ਖੇਡ ਖੇਡਣੀ ਸ਼ੁਰੂ ਕੀਤੀ। ਕਈ ਵਿਚਾਰਕ ਹਲਕਿਆਂ ਵਿਚ ਚਰਚਾ ਹੈ ਕਿ ਸ਼ਾਇਦ ਡੇਰੇ ਦੀ ਇਹ ਨੀਤੀ ਉਸ ਦੇ ਏਨੀ ਤੇਜ਼ੀ ਨਾਲ ਪਤਨ ਦਾ ਕਾਰਨ ਬਣੀ ਹੈ। 2002 ਦੀਆਂ ਵਿਧਾਨ ਸਭਾ ਚੋਣਾਂ ਵਿਚ ਲਹਿੰਦੇ ਮਾਲਵਾ ਖੇਤਰ ਮਾਨਸਾ, ਬਠਿੰਡਾ, ਮੁਕਤਸਰ, ਫਿਰੋਜ਼ਪੁਰ, ਮੋਗਾ, ਫਰੀਦਕੋਟ, ਬਰਨਾਲਾ ਤੇ ਸੰਗਰੂਰ ਜ਼ਿਲ੍ਹਿਆਂ ਵਿਚ ਕਾਂਗਰਸ ਦੀ ਵੱਡੀ ਜਿੱਤ ਪਿੱਛੇ ਕੈਪਟਨ ਅਮਰਿੰਦਰ ਸਿੰਘ ਦੀ ਸਾਖ ਤੇ ਕੱਦ ਅਤੇ ਡੇਰਾ ਸਿਰਸਾ ਵਿਚੋਂ ਕਿਸ ਦੀ ਭੂਮਿਕਾ ਅਹਿਮ ਸੀ, ਇਸ ਬਾਰੇ ਤਾਂ ਕਦੇ ਵੀ ਇਕਮੱਤਤਾ ਨਹੀਂ ਹੋਈ, ਪਰ ਇਹ ਗੱਲ ਜ਼ਰੂਰ ਉੱਭਰ ਗਈ ਕਿ ਬਾਬੇ ਦੀ ਹਮਾਇਤ ਨੇ ਮਾਲਵੇ ਵਿਚ ਕੈਪਟਨ ਦੇ ਪੈਰ ਲਗਾ ਦਿੱਤੇ ਤੇ ਅਕਾਲੀ ਦਲ ਨੂੰ ਵੱਡਾ ਝਟਕਾ ਦਿੱਤਾ। ਸੰਨ 2007 ਦੀ ਵਿਧਾਨ ਸਭਾ ਚੋਣ ਵੇਲੇ ਅਕਾਲੀ ਲੀਡਰਸ਼ਿਪ ਨੇ ਵੀ ਡੇਰਾ ਸਿਰਸੇ ਵਾਲੇ ਬਾਬੇ 'ਤੇ ਬਥੇਰੇ ਡੋਰੇ ਪਾਏ ਪਰ ਕੇਂਦਰ ਸਰਕਾਰ ਦੀ ਸੀ.ਬੀ.ਆਈ. ਦੀ ਹਮਾਇਤ ਲੈਣ ਦੀ ਗਰਜ ਨਾਲ ਚਲਾਕ ਬਾਬੇ ਨੂੰ ਕਾਂਗਰਸ ਦੇ ਹੱਕ ਵਿਚ ਭੁਗਤਣਾ ਹੀ ਲਾਹੇਵੰਦਾ ਲੱਗਾ। ਸੰਨ 2007 ਵਿਚ ਫਿਰ ਮਾਲਵਾ ਖੇਤਰ ਵਿਚ ਕਾਂਗਰਸ ਦਾ ਹੱਥ ਕਾਫੀ ਉੱਚਾ ਰਿਹਾ ਅਤੇ ਮਾਲਵਾ ਖੇਤਰ ਦੀਆਂ 69 ਸੀਟਾਂ ਵਿਚੋਂ ਕਾਂਗਰਸ ਦੇ ਹੱਥ 37 ਸੀਟਾਂ ਆ ਗਈਆਂ, ਪਰ ਮਾਝਾ ਤੇ ਦੁਆਬਾ ਵਿਚ ਕਾਂਗਰਸ ਦਾ ਹੂੰਝਾ ਫਿਰਨ ਕਾਰਨ ਸਰਕਾਰ ਅਕਾਲੀ-ਭਾਜਪਾ ਦੀ ਬਣ ਗਈ। 2007 ਦੀ ਸਰਕਾਰ ਬਣਦਿਆਂ ਡੇਰਾ ਮੁਖੀ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਾਏ ਜਾਣ ਬਾਅਦ ਮਾਲਵਾ ਖੇਤਰ ਵਿਚ ਪੈਦਾ ਹੋਏ ਹਿੰਸਕ ਟਕਰਾਵਾਂ ਤੇ ਬਾਬੇ ਵਿਰੁੱਧ ਸਰੀਰਕ ਦੋਸ਼ਾਂ ਹੇਠ ਮੁਕੱਦਮੇ ਦਰਜ ਹੋਣ ਨਾਲ ਬਾਬੇ ਲਈ ਲਾਹੇ ਦਾ ਰੁਖ਼ ਅਕਾਲੀਆਂ ਵੱਲ ਬਦਲ ਗਿਆ। ਅਕਾਲੀ ਦਲ ਨੇ ਵੀ ਉਵੇਂ ਰੁਖ਼ ਬਦਲਦਿਆਂ ਬਾਬੇ ਵਿਰੁੱਧ ਦਰਜ ਕੇਸ ਵਾਪਸ ਲੈਣੇ ਸ਼ੁਰੂ ਕਰ ਦਿੱਤੇ ਤੇ ਇਵਜ਼ ਵਿਚ 2009 ਦੀਆਂ ਲੋਕ ਸਭਾ ਚੋਣਾਂ ਵਿਚ ਬਠਿੰਡਾ ਤੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਤੇ ਫਰੀਦਕੋਟ ਤੋਂ ਬੀਬੀ ਪਰਮਜੀਤ ਕੌਰ ਗੁਲਸ਼ਨ ਦੀ ਹਮਾਇਤ ਦਾ ਐਲਾਨ ਕਰ ਦਿੱਤਾ, ਜਦਕਿ ਬਾਕੀ ਥਾਵਾਂ 'ਤੇ ਕਾਂਗਰਸ ਉਮੀਦਵਾਰਾਂ ਦੀ ਹਮਾਇਤ ਕੀਤੀ। ਇਸ ਤਰ੍ਹਾਂ ਬਾਬੇ ਨੇ ਬੜੇ ਚਲਾਕ ਸਿਆਸਤਦਾਨਾਂ ਵਾਂਗ ਰਾਜ ਸਰਕਾਰ ਤੇ ਕੇਂਦਰ ਸਰਕਾਰ ਨੂੰ ਖ਼ੁਸ਼ ਰੱਖਣ ਦਾ ਰੁਖ਼ ਅਖ਼ਤਿਆਰ ਕੀਤਾ। 2012 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਕਾਂਗਰਸ ਤੇ ਅਕਾਲੀ ਦਲ ਬਾਬੇ ਦੀ ਹਮਾਇਤ ਲਈ ਤਰਲੋ ਮੱਛੀ ਹੁੰਦੇ ਰਹੇ। ਪਰ ਬਦਲੇ ਹਾਲਾਤ ਵਿਚ ਬਾਬੇ ਨੇ ਮੁੜ ਫਿਰ ਕਿਸੇ ਇਕ ਪਾਰਟੀ ਦੀ ਹਮਾਇਤ ਦੀ ਥਾਂ ਚੁਣਵੇਂ ਉਮੀਦਵਾਰਾਂ ਵੱਲ ਗੁਣਾ ਪਾ ਦਿੱਤਾ। ਉਸ ਤੋਂ ਬਾਅਦ 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਬਾਬੇ ਨੇ ਸਿੱਧੀ ਭਾਜਪਾ ਦੀ ਹਮਾਇਤ ਕਰ ਦਿੱਤੀ। ਡੇਰੇ ਦੇ ਇਤਿਹਾਸ ਉੱਪਰ ਝਾਤ ਮਾਰੀਏ ਤਾਂ ਪਾਕਿਸਤਾਨ ਦੇ ਬਲੋਚਿਸਤਾਨ ਤੋਂ ਉੱਜੜ ਕੇ ਆਏ ਸ਼ਾਹ ਮਸਤਾਨੇ ਨੇ 1948 ਵਿਚ ਇਕ ਛੋਟਾ ਜਿਹਾ ਡੇਰਾ ਪਿੰਡ ਬੇਗੂ ਵਿਖੇ ਬਣਾਇਆ ਸੀ। 60ਵਿਆਂ ਵਿਚ ਫਿਰ ਉਸ ਦੇ ਚੇਲੇ ਸਤਨਾਮ ਸਿੰਘ ਜੋ ਬਾਅਦ ਵਿਚ ਸ਼ਾਹ ਸਤਨਾਮ ਅਖਵਾਉਣ ਲੱਗਾ, ਨੇ ਡੇਰਾ ਸੰਭਾਲ ਲਿਆ। ਹਾਲਾਂਕਿ ਅੱਠਵੀਂ ਜਮਾਤ ਪਾਸ ਮੌਜੂਦਾ ਗੁਰਮੀਤ ਸਿੰਘ 1989 ਵਿਚ ਡੇਰੇ ਦਾ ਜਾਨਸ਼ੀਨ ਬਣ ਗਿਆ ਸੀ ਤੇ 1990 ਵਿਚ ਸ਼ਾਹ ਸਤਨਾਮ ਦੀ ਮੌਤ ਬਾਅਦ ਉਸ ਦਾ ਮੁਕੰਮਲ ਕਬਜ਼ਾ ਹੋ ਗਿਆ ਸੀ। ਸੰਨ 2002 ਤੱਕ ਇਹ ਡੇਰਾ ਕਿਸੇ ਚਰਚਾ ਵਿਚ ਨਹੀਂ ਸੀ। ਪਰ ਚੋਣਾਂ ਵਿਚ ਚਰਚਾ ਵਿਚ ਆਉਣ ਤੋਂ ਬਾਅਦ ਡੇਰੇ ਦੀਆਂ ਜਾਇਦਾਦਾਂ ਤੇ ਮਹਿਮਾ ਵਿਚ ਏਨਾ ਵਾਧਾ ਸਭਨਾਂ ਲਈ ਹੈਰਾਨ ਕਰਨ ਵਾਲਾ ਹੈ। ਚਰਚਾ ਇਹੀ ਹੈ ਕਿ ਸਿਆਸਤਦਾਨਾਂ ਦੀ ਵੋਟ ਲਾਹਾ ਲੈਣ ਦੀ ਨੀਤੀ ਨੇ ਹੀ ਉਸ ਨੂੰ ਅਸਮਾਨੇ ਚੜ੍ਹਾਇਆ ਤੇ ਉਸ ਵੱਲੋਂ ਚੜ੍ਹਾਏ ਜਾ ਰਹੇ ਚੰਦ ਬਾਰੇ ਉਹ ਹੁਣ ਮੂੰਹਾਂ ਵਿਚ ਘੁੰਗਣੀਆਂ ਵੀ ਪਾਈ ਬੈਠੇ ਹਨ। 'ਆਪ' ਦੇ ਇਕ-ਦੋ ਆਗੂਆਂ ਤੋਂ ਸਿਵਾਏ ਕੋਈ ਵੀ ਉਸ ਦੇ ਖ਼ਿਲਾਫ਼ ਬੋਲਣ ਲਈ ਤਿਆਰ ਨਹੀਂ।

## ਸਿਰਸਾ 'ਚ ਭਾਰਤੀ ਨਹੀਂ, ਚਲਦਾ ਹੈ ਡੇਰੇ ਦਾ 'ਸਿੱਕਾ'

**ਸਿਰਸਾ/ਬਿਊਰੋ ਨਿਊਜ਼ :** ਸਿਰਸਾ ਦੇ ਜਿਹੜੇ ਦੁਕਾਨਦਾਰ ਡੇਰਾ ਪ੍ਰੇਮੀ ਹਨ, ਉਨ੍ਹਾਂ ਵੱਲੋਂ ਆਪਣੀਆਂ ਦੁਕਾਨਾਂ 'ਤੇ ਭਾਰਤੀ ਕਰੰਸੀ ਦੀ ਥਾਂ ਡੇਰਾ ਸੱਚਾ ਸੌਦੇ ਦੇ 'ਸਿੱਕੇ' ਚਲਾਏ ਜਾਂਦੇ ਹਨ। ਡੇਰੇ ਵਿਚਲੀਆਂ ਤੇ ਨੇੜਲੀਆਂ ਦੁਕਾਨਾਂ ਵਾਲਿਆਂ ਵੱਲੋਂ ਆਪਣੀ ਦੁਕਾਨ ਦੇ ਨਾਂ ਨਾਲ ਸ਼ਬਦ 'ਸੱਚ' ਲਾਇਆ ਗਿਆ ਹੈ ਤੇ ਜੇ ਉਨ੍ਹਾਂ ਕੋਲ 'ਟੁੱਟੇ' ਪੈਸੇ ਨਾ ਹੋਣ ਤਾਂ ਉਹ ਗਾਹਕਾਂ ਨੂੰ ਪੰਜ ਅਤੇ ਦਸ ਰੁਪਏ ਦੇ ਪਲਾਸਟਿਕ ਦੇ ਟੋਕਨ ਜਾਂ 'ਸਿੱਕੇ' ਦਿੰਦੇ ਹਨ। ਇਨ੍ਹਾਂ ਸਿੱਕਿਆਂ 'ਤੇ 'ਧੰਨ ਧੰਨ ਸਤਿਗੁਰੂ ਤੇਰਾ ਹੀ ਆਸਰਾ, ਡੇਰਾ ਸੱਚਾ ਸੌਦਾਂ ਉਕਰਿਆ ਹੁੰਦਾ ਹੈ। ਇਨ੍ਹਾਂ ਸਿੱਕਿਆਂ ਦੀ ਵਰਤੋਂ ਬਾਅਦ ਵਿੱਚ ਗਾਹਕਾਂ ਵੱਲੋਂ 'ਸੱਚ' ਵਾਲੀਆਂ ਦੁਕਾਨਾਂ 'ਤੇ ਖ਼ਰੀਦਦਾਰੀ ਕਰਨ ਲਈ ਕੀਤੀ ਜਾਂਦੀ ਹੈ। ਜਿਹੜੀਆਂ ਦੁਕਾਨਾਂ ਡੇਰੇ ਨੇੜੇ ਹਨ, ਉਨ੍ਹਾਂ ਦੇ ਪਲਾਸਟਿਕ ਦੇ ਸਿੱਕਿਆਂ ਦਾ ਰੰਗ ਵੱਖਰਾ ਹੁੰਦਾ ਹੈ। ਡੇਰਾ ਸੱਚਾ ਸੌਦਾ ਕਰੀਬ ਇੱਕ ਹਜ਼ਾਰ ਏਕੜ ਵਿੱਚ ਫੈਲਿਆ ਹੋਇਆ ਹੈ ਤੇ ਇਹ ਆਪਣੇ ਆਪ ਵਿੱਚ ਇੱਕ ਕਸਬਾ ਹੈ, ਜਿਸ ਵਿੱਚ ਸਕੂਲ, ਖੇਡ ਮੈਦਾਨ, ਹਸਪਤਾਲ ਅਤੇ ਸਿਨੇਮਾ ਹਾਲ ਬਣੇ ਹੋਏ ਹਨ।

ਸੀਬੀਆਈ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਬਲਾਤਕਾਰੀ ਕਰਾਰ ਦਿੱਤੇ ਜਾਣ ਤੋਂ ਬਾਅਦ ਪੈਦਾ ਹੋਏ ਹਾਲਾਤ ਸਬੰਧੀ ਰਿਪੋਰਟਿੰਗ ਕਰਨ ਪੁੱਜੇ ਮੀਡੀਆ ਕਰਮੀਆਂ ਨੂੰ ਵੀ ਭਾਰਤੀ ਕਰੰਸੀ ਦੀ ਥਾਂ ਡੇਰੇ ਦੇ ਪਲਾਸਟਿਕ ਦੇ 'ਸਿੱਕੇ' ਦਿੱਤੇ ਗਏ। ਡੇਰਾ ਹੈੱਡਕੁਆਰਟਰ ਨੇੜਲੇ ਪਿੰਡ ਬੇਗੂ ਦੇ ਵਸਨੀਕ ਮੁਕੇਸ਼ ਕੁਮਾਰ ਨੇ ਦੱਸਿਆ ਕਿ ਉਸ ਕੋਲ 10 ਰੁਪਏ ਦੀ ਕੀਮਤ ਵਾਲੇ ਅਜਿਹੇ ਤਿੰਨ 'ਸਿੱਕੇ' ਹਨ ਪਰ ਡੇਰੇ ਨੇੜਲੇ ਇਲਾਕੇ ਦੀ ਫ਼ੌਜ ਵੱਲੋਂ ਘੇਰਾਬੰਦੀ ਕੀਤੇ ਜਾਣ ਕਰਨ ਉਹ ਇਨ੍ਹਾਂ ਸਿੱਕਿਆਂ ਦੀ ਵਰਤੋਂ ਨਹੀਂ ਕਰ ਸਕ ਸਕਿਆ।

# ਜ਼ਮੀਨ ਘੁਟਾਲਾ ਮਾਮਲੇ 'ਚ ਕੈਪਟਨ ਦੀਆਂ ਮੁਸ਼ਕਲਾਂ ਵਧੀਆਂ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਹੋਰਨਾਂ ਮੁਲਜ਼ਮਾਂ ਖ਼ਿਲਾਫ਼ ਕੇਸ ਨੂੰ ਮੁਹਾਲੀ ਅਦਾਲਤ ਨੇ ਮੁੱਢੋਂ ਖ਼ਤਮ ਕਰਨ ਲਈ ਪੰਜਾਬ ਵਿਜੀਲੈਂਸ ਦੀ ਅਰਜ਼ੀ ਨੂੰ ਨਾਮਨਜ਼ੂਰ ਕਰ ਦਿੱਤਾ ਹੈ। ਅਦਾਲਤ ਨੇ ਇਸ ਮਾਮਲੇ ਦੀ ਵੱਖ ਵੱਖ ਪਹਿਲੂਆਂ 'ਤੇ ਨਵੇਂ ਸਿਰਿਓਂ ਜਾਂਚ ਕਰਨ ਦੇ ਹੁਕਮ ਜਾਰੀ ਕਰਦਿਆਂ ਅਗਲੀ ਸੁਣਵਾਈ 6 ਨਵੰਬਰ ਤਕ ਟਾਲ ਦਿੱਤੀ। ਮੁੱਖ ਮੰਤਰੀ ਬਣਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਪਹਿਲੀ ਵਾਰ ਅਦਾਲਤ ਵਿੱਚ ਪੇਸ਼ ਹੋਏ ਸਨ। ਉਨ੍ਹਾਂ ਨੂੰ ਕੇਸ ਵਿਚੋਂ ਖ਼ਲਾਸੀ ਮਿਲਣ ਦੀ ਉਮੀਦ ਸੀ। ਕੇਸ ਵਿੱਚ ਨਾਮਜ਼ਦ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਜੁਗਲ ਕਿਸ਼ੋਰ ਸ਼ਰਮਾ, ਪੰਜਾਬ ਵਿਧਾਨ ਸਭਾ ਦੇ ਸਾਬਕਾ ਸਕੱਤਰ ਨਛੱਤਰ ਸਿੰਘ ਮਾਵੀ, ਸਾਬਕਾ ਸੰਯੁਕਤ ਸਕੱਤਰ ਤਾਰਾ ਸਿੰਘ, ਬ੍ਰਿਗੇਡੀਅਰ (ਸੇਵਾਮੁਕਤ) ਗੁਰਚਰਨ ਸਿੰਘ ਖਾਰਾ, ਰਜਿੰਦਰ ਸ਼ਰਮਾ, ਅਸ਼ਵਨੀ ਕਾਲੇ ਸ਼ਾਹ, ਮਹੇਸ਼ ਖੰਨਾ, ਕ੍ਰਿਸ਼ਨ ਕੁਮਾਰ, ਸੁਭਾਸ਼ ਚੰਦ, ਦਲਜੀਤ ਸਿੰਘ, ਪਰਮਿੰਦਰ ਸਿੰਘ ਤੁੰਗ, ਰਾਜੀਵ ਭਗਤ, ਬਲਜੀਤ ਸਿੰਘ ਤੇ ਰੋਹਿਤ ਸ਼ਰਮਾ ਨੇ ਵੀ ਪੇਸ਼ੀ ਭੁਗਤੀ। ਦੋ ਮੁਲਜ਼ਮਾਂ ਚੌਧਰੀ ਜਗਜੀਤ ਸਿੰਘ ਅਤੇ ਕੇਵਲ ਕ੍ਰਿਸ਼ਨ ਦੀ ਮੌਤ ਹੋ ਚੁੱਕੀ ਹੈ। ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਨੇ ਕੇਸ ਦੀ ਸੁਣਵਾਈ ਦੌਰਾਨ ਸਾਫ਼ ਕਿਹਾ ਕਿ ਅਦਾਲਤ ਕੇਸ ਖ਼ਤਮ ਕਰਨ ਸਬੰਧੀ ਵਿਜੀਲੈਂਸ ਦੀਆਂ ਦਲੀਲਾਂ ਤੋਂ ਸੰਤੁਸ਼ਟ ਨਹੀਂ ਹੈ ਕਿਉਂਕਿ ਵਿਜੀਲੈਂਸ ਦੀ ਅਰਜ਼ੀ ਵਿੱਚ ਕਾਫੀ ਤਰੁੱਟੀਆਂ ਹਨ। ਜੱਜ ਨੇ ਅਗਲੀ ਸੁਣਵਾਈ 'ਤੇ ਰਿਪੋਰਟ ਪੇਸ਼ ਕਰਨ ਲਈ ਵੀ ਕਿਹਾ। ਜ਼ਿਕਰਯੋਗ ਹੈ ਕਿ 9 ਦਸੰਬਰ 2016 ਨੂੰ ਪੰਜਾਬ ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਨੇ ਮੁਹਾਲੀ ਅਦਾਲਤ ਵਿੱਚ ਪੇਸ਼ ਹੋ ਕੇ ਕਿਹਾ ਸੀ ਕਿ ਜੇਕਰ ਅਦਾਲਤ ਕੈਪਟਨ ਤੇ ਹੋਰਨਾਂ ਮੁਲਜ਼ਮਾਂ ਖ਼ਿਲਾਫ਼ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਖ਼ਤਮ ਕਰਦੀ ਹੈ ਤਾਂ ਵਿਧਾਨ ਸਭਾ ਨੂੰ ਕੋਈ ਇਤਰਾਜ਼ ਨਹੀਂ ਹੈ। ਕੈਪਟਨ ਦੇ ਵਕੀਲਾਂ ਰਮਦੀਪ ਪ੍ਰਤਾਪ ਸਿੰਘ ਅਤੇ ਐਚ ਐਸ ਪੰਨੂ ਨੇ ਅਦਾਲਤ ਨੂੰ ਦੱਸਿਆ ਕਿ ਹਾਈਕੋਰਟ ਦੇ ਹੁਕਮਾਂ 'ਤੇ ਵਿਜੀਲੈਂਸ ਬਿਊਰੋ ਵੱਲੋਂ ਕੇਸ ਦੀ ਨਵੇਂ ਸਿਰਿਓਂ ਕੀਤੀ ਪੜਤਾਲ ਵਿੱਚ ਕੈਪਟਨ ਸਣੇ ਹੋਰ ਮੁਲਜ਼ਮਾਂ ਖ਼ਿਲਾਫ਼ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ। ਲਿਹਾਜ਼ਾ ਇਸ ਕੇਸ ਨੂੰ ਖ਼ਤਮ ਕੀਤਾ ਜਾਵੇ। ਪਿਛਲੇ ਸਾਲ 7 ਅਕਤੂਬਰ ਨੂੰ ਵਿਜੀਲੈਂਸ ਬਿਊਰੋ ਨੇ ਕੈਪਟਨ ਖ਼ਿਲਾਫ਼ ਕੇਸ ਖ਼ਤਮ ਕਰਨ ਲਈ ਮੁਹਾਲੀ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ। ਇਹ ਮਾਮਲਾ ਮੁਹਾਲੀ ਅਦਾਲਤ ਵਿੱਚ ਵਿਚਾਰ ਅਧੀਨ ਹੈ। ਕੈਪਟਨ ਦੀ ਪੇਸ਼ੀ ਮੌਕੇ ਮੁੱਖ ਮੰਤਰੀ ਦੇ ਸਲਾਹਕਾਰ ਭਰਤ ਇੰਦਰ ਸਿੰਘ ਚਾਹਲ, ਵਿਧਾਇਕ ਫਤਹਿ ਜੰਗ ਸਿੰਘ ਬਾਜਵਾ ਤੇ ਬਲਬੀਰ ਸਿੰਘ ਸਿੱਧੂ ਅਤੇ ਹੋਰ ਸਥਾਨਕ ਆਗੂ ਹਾਜ਼ਰ ਸਨ। ਕੈਪਟਨ ਅਮਰਿੰਦਰ ਸਿੰਘ ਅਤੇ ਹੋਰਾਂ ਵੱਲੋਂ ਪੰਜਾਬ-ਹਰਿਆਣਾ ਹਾਈਕੋਰਟ ਵਿੱਚ ਵੱਖ ਵੱਖ ਅਰਜ਼ੀਆਂ ਦਾਇਰ ਕਰਕੇ ਉਨ੍ਹਾਂ ਵਿਰੁੱਧ ਦਰਜ ਕੇਸ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਵਿਜੀਲੈਂਸ ਵੱਲੋਂ ਉਨ੍ਹਾਂ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ। ਵਿਧਾਨ ਸਭਾ ਤੋਂ ਕੈਪਟਨ ਨੂੰ ਮੁਅੱਤਲ ਕੀਤਾ ਗਿਆ ਸੀ ਪ੍ਰੰਤੂ ਬਾਅਦ ਵਿੱਚ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਭਾਰੀ ਰਾਹਤ ਦਿੰਦਿਆਂ ਵਿਧਾਨ ਸਭਾ ਦੇ ਮੁਅੱਤਲੀ ਦੇ ਹੁਕਮਾਂ ਨੂੰ ਰੱਦ ਕਰ ਦਿੱਤਾ ਸੀ। ਇਸ ਮਾਮਲੇ ਵਿੱਚ ਵਿਜੀਲੈਂਸ ਵੱਲੋਂ ਸਾਲ 2009 ਵਿੱਚ ਮੁਲਜ਼ਮਾਂ ਵਿਰੁੱਧ ਚਲਾਨ ਪੇਸ਼ ਕੀਤਾ ਗਿਆ ਸੀ।

**ਅਦਾਲਤ ਵਲੋਂ ਨਵੇਂ ਸਿਰਿਓਂ ਜਾਂਚ ਦੇ ਹੁਕਮ**



# ਕੈਪਟਨ ਵਿਰੁੱਧ ਬੀਰਦਵਿੰਦਰ ਸਿੰਘ ਸਰਕਾਰੀ ਗਵਾਹ ਬਣਨ ਲਈ ਤਿਆਰ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼ :** ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਨੇ ਨਿਆਂਪਾਲਿਕਾ ਨੂੰ ਵੱਖ-ਵੱਖ ਪਹਿਲੂਆਂ ਦੀਆਂ ਬਾਰੀਕੀਆਂ ਅਤੇ ਅਸਲੀਅਤ ਤੋਂ ਜਾਣੂ ਕਰਵਾਉਣ ਲਈ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕੀਤੀ ਹੈ। ਇਸ ਕੇਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਤੌਰ ਮੁਲਜ਼ਮ ਨਾਮਜ਼ਦ ਕੀਤਾ ਗਿਆ ਹੈ। ਹਾਲਾਂਕਿ ਵਿਜੀਲੈਂਸ ਨੇ ਇਸ ਕੇਸ ਨੂੰ ਖ਼ਤਮ ਕਰਨ ਸਬੰਧੀ ਸਥਾਨਕ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਸੀ ਪਰ ਅਦਾਲਤ ਨੇ ਵਿਜੀਲੈਂਸ ਦੀ ਅਪੀਲ ਨਾ-ਮਨਜ਼ੂਰ ਕਰਦਿਆਂ ਇਸ ਕੇਸ ਦੀ ਨਵੇਂ ਸਿਰਿਓਂ ਜਾਂਚ ਦੇ ਹੁਕਮ ਦਿੱਤੇ ਹਨ।



ਸ੍ਰੀ ਬੀਰਦਵਿੰਦਰ ਸਿੰਘ ਨੇ ਇੱਥੇ ਕੇਸ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁਕਰੋੜੀ ਜ਼ਮੀਨ ਘੁਟਾਲੇ ਸਬੰਧੀ ਮਾਮਲੇ ਨੂੰ ਵਿਜੀਲੈਂਸ ਵੱਲੋਂ ਬਾਦਲਾਂ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਸਿਆਸੀ ਦਬਾਅ ਹੇਠ ਰਫ਼ਾ-ਦਫ਼ਾ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਜਾ ਰਿਹਾ ਹੈ ਪਰ ਮੁਹਾਲੀ ਅਦਾਲਤ ਦੇ ਜੱਜ ਨੇ ਇਨਸਾਫ਼ ਨੂੰ ਦਫ਼ਨ ਹੋਣ ਤੋਂ ਬਚਾ ਲਿਆ ਹੈ। ਇਸ ਨਾਲ ਲੋਕਾਂ ਵਿੱਚ ਨਿਆਂਪਾਲਿਕਾ ਪ੍ਰਤੀ ਭਰੋਸੇਯੋਗਤਾ ਵਧੇਗੀ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਬਾਦਲ ਪਰਿਵਾਰ ਅਤੇ ਅਮਰਿੰਦਰ ਸਿੰਘ ਵਿਚਾਲੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਨੂੰ ਖ਼ਤਮ ਕਰਨ ਦੀ ਸਹਿਮਤੀ ਬਣ ਗਈ ਸੀ। ਇਸੇ ਤਹਿਤ ਪਹਿਲਾਂ ਤਾਂ ਕੈਪਟਨ ਸਰਕਾਰ ਨੇ ਬਾਦਲ ਪਰਿਵਾਰ ਖ਼ਿਲਾਫ਼ ਸਾਲ 2002-03 ਵਿੱਚ ਦਰਜ ਕੀਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਆਪਣੇ ਚੋਣਵੇਂ ਵਿਜੀਲੈਂਸ ਦੇ ਅਫ਼ਸਰਾਂ ਨੂੰ ਬਾਦਲਾਂ ਵਿਰੁੱਧ ਭੁਗਤਣ ਤੋਂ ਮੁਕਰਾ ਦਿੱਤਾ ਸੀ ਅਤੇ ਹੁਣ ਬਾਦਲ ਵਜ਼ਾਰਤ ਵੇਲੇ ਵਿਜੀਲੈਂਸ ਵੱਲੋਂ ਕੈਪਟਨ ਤੇ ਹੋਰਨਾਂ ਵਿਰੁੱਧ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨੂੰ ਖ਼ਤਮ ਲਈ ਵਿਜੀਲੈਂਸ ਦੇ ਅਧਿਕਾਰੀਆਂ ਨੂੰ ਮੁਕਰਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਖਰੜ ਦਾ ਵਿਧਾਇਕ ਹੁੰਦਿਆਂ 12ਵੀਂ ਵਿਧਾਨ ਸਭਾ ਵਿੱਚ ਪ੍ਰਸ਼ਨ ਨੰਬਰ 1540 ਰਾਹੀਂ 22 ਫਰਵਰੀ 2006 ਨੂੰ ਮਾਮਲਾ ਚੁੱਕਿਆ ਸੀ। ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ 13ਵੀਂ ਵਿਧਾਨ ਸਭਾ ਨੇ ਸਦਨ ਦੀਆਂ ਦੋ ਕਮੇਟੀਆਂ ਨਿਯੁਕਤ ਕਰਕੇ ਪੜਤਾਲ ਕੀਤੀ। ਉਪਰੰਤ ਮੁੱਖ ਸਕੱਤਰ ਨੂੰ ਹਦਾਇਤ ਕੀਤੀ ਕਿ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਜ਼ਮੀਨ ਘੁਟਾਲੇ ਦੀ ਵਿਜੀਲੈਂਸ ਜਾਂਚ ਕਰਵਾਈ ਜਾਵੇ। ਇਸ ਤਰ੍ਹਾਂ ਕੈਪਟਨ ਅਮਰਿੰਦਰ ਸਿੰਘ ਅਤੇ ਕੁਝ ਹੋਰਨਾਂ ਖ਼ਿਲਾਫ਼ ਵਿਜੀਲੈਂਸ ਥਾਣਾ ਮੁਹਾਲੀ ਵਿੱਚ 11 ਸਤੰਬਰ 2008 ਨੂੰ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਉਸ ਵੇਲੇ ਚੌਕਸੀ ਵਿਭਾਗ ਨੇ ਮਾਮਲੇ ਦੀ ਪੜਤਾਲ ਸਬੰਧੀ ਉਸ ਦਾ ਸੱਤ ਸਫ਼ਿਆਂ ਦਾ ਬਿਆਨ 22 ਸਤੰਬਰ 2008 ਨੂੰ ਕਲਮਬੱਧ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਸ ਜ਼ਮੀਨ ਘੁਟਾਲੇ ਦੇ ਮਾਮਲੇ ਨੂੰ ਬੰਦ ਕਰਨ ਦੀ ਰਿਪੋਰਟ ਪੇਸ਼ ਕਰਨ ਸਮੇਂ ਵਿਜੀਲੈਂਸ ਨੇ ਮੁਲਜ਼ਮਾਂ ਦੀ ਇਮਦਾਦ ਕਰਨ ਦੇ ਅਪਰਾਧੀ ਮਨਸ਼ੇ ਨਾਲ ਉਨ੍ਹਾਂ ਦਾ ਬਿਆਨ ਅਦਾਲਤ ਅੱਗੇ ਪੇਸ਼ ਹੀ ਨਹੀਂ ਕੀਤਾ। ਭ੍ਰਿਸ਼ਟਾਚਾਰ ਦੇ ਇਸ ਮਾਮਲੇ ਨਾਲ ਜੁੜੇ ਸਾਰੇ ਤੱਥ ਅਤੇ ਦਸਤਾਵੇਜ਼ੀ ਸਬੂਤ ਅਦਾਲਤ ਤੋਂ ਛੁਪਾ ਲਏ ਗਏ ਤਾਂ ਜੋ ਕੈਪਟਨ ਅਤੇ ਉਸ ਦੇ ਸਾਥੀਆਂ ਨੂੰ ਇਸ ਮਾਮਲੇ ਵਿਚੋਂ ਬਰੀ ਕਰਵਾਇਆ ਜਾ ਸਕੇ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਇਸ ਕੇਸ ਸਬੰਧੀ ਉਨ੍ਹਾਂ ਕੋਲ ਬਹੁਤ ਸਾਰੇ ਤੱਥ ਅਤੇ ਦਸਤਾਵੇਜ਼ ਮੌਜੂਦ ਹਨ, ਇਸ ਲਈ ਅਦਾਲਤ ਉਨ੍ਹਾਂ ਨੂੰ ਮੌਕਾ ਦੇਵੇ ਤਾਂ ਜੋ ਉਹ ਅਦਾਲਤ ਵਿੱਚ ਪੇਸ਼ ਹੋ ਕੇ ਸਚਾਈ ਸਭ ਦੇ ਸਾਹਮਣੇ ਲਿਆ ਸਕਣ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਇਸ ਮੰਤਵ ਲਈ ਅਦਾਲਤ ਵੱਲੋਂ ਉਨ੍ਹਾਂ ਨੂੰ ਇੱਕ ਸੀਨੀਅਰ ਵਕੀਲ ਮੁਹੱਈਆ ਕਰਵਾਇਆ ਜਾਵੇ ਤਾਂ ਜੋ ਸਾਰੇ ਦਸਤਾਵੇਜ਼ ਅਦਾਲਤ ਵਿੱਚ ਪੇਸ਼ ਕੀਤੇ ਜਾ ਸਕਣ।

# ਪਹਾੜੀ ਰਾਜਾਂ ਨੂੰ ਰਿਆਇਤਾਂ ਖ਼ਿਲਾਫ਼ 'ਆਪ' ਵਿਧਾਇਕਾਂ ਵੱਲੋਂ ਹਰਸਿਮਰਤ ਖ਼ਿਲਾਫ਼ ਪ੍ਰਦਰਸ਼ਨ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ ਦੇ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਜ ਦਿੱਲੀ ਵਿੱਚ ਕੇਂਦਰੀ ਫੂਡ ਪ੍ਰੋਸੈਸਿੰਗ ਮੰਤਰੀ ਹਰਸਿਮਰਤ ਕੌਰ ਬਾਦਲ ਖ਼ਿਲਾਫ਼ ਕੀਤੇ ਰੋਸ ਪ੍ਰਦਰਸ਼ਨ ਮੌਕੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੇਂਦਰ ਸਰਕਾਰ ਵੱਲੋਂ ਪਹਾੜੀ ਰਾਜਾਂ ਨੂੰ ਕਰਾਂ ਵਿੱਚ ਦਿੱਤੀ ਛੋਟ ਦੇ ਮੁੱਦੇ 'ਤੇ ਗੁੰਮਰਾਹ ਕਰ ਰਹੇ ਹਨ। ਸ੍ਰੀ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਕੇਂਦਰ ਸਰਕਾਰ ਦਾ ਹਿੱਸਾ ਹੋਣ ਦੇ ਬਾਵਜੂਦ ਸੂਬੇ ਲਈ ਆਵਾਜ਼ ਨਹੀਂ ਚੁੱਕ ਰਹੀ ਜਦਕਿ ਕੈਪਟਨ ਦਿੱਲੀ ਵਿੱਚ ਪ੍ਰਧਾਨ ਮੰਤਰੀ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਖਾਲੀ ਹੱਥ ਪਰਤ ਜਾਂਦੇ ਹਨ। ਸ੍ਰੀ ਖਹਿਰਾ ਨਾਲ ਪਾਰਟੀ ਦੇ 15 ਵਿਧਾਇਕਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੇ ਇਥੇ ਪੰਜਾਬ ਭਵਨ ਤੋਂ ਬੀਬੀ ਬਾਦਲ ਦੀ ਸਰਕਾਰੀ ਰਿਹਾਇਸ਼ ਵੱਲ ਵਧਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਦਿੱਲੀ ਪੁਲੀਸ ਨੇ ਨਾਕਾਮ ਕਰ ਦਿੱਤਾ। 'ਆਪ' ਵਿਧਾਇਕ ਪੰਜਾਬ ਭਵਨ ਦੇ ਬਾਹਰਵਾਰ ਗੇਟ ਨੇੜੇ ਧਰਨਾ ਦੇ ਕੇ ਬੈਠ ਗਏ।
ਸ੍ਰੀ ਖਹਿਰਾ ਸਮੇਤ ਹੋਰਨਾਂ ਨੇ ਇਕੱਠ ਨੂੰ ਆਪਣੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਉੱਤਰ ਦੇ ਪਹਾੜੀ ਰਾਜਾਂ ਨੂੰ 10 ਸਾਲ ਲਈ ਕਰਾਂ ਵਿੱਚ ਛੋਟ ਦੇ ਕੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ। ਸ੍ਰੀ ਖਹਿਰਾ ਨੇ ਕਿਹਾ ਕਿ ਗੋਇੰਦਵਾਲ ਦੀ ਸਨਅਤ, ਗੁਰਾਇਆ, ਖੰਨਾ, ਮੰਡੀ ਗੋਬਿੰਦਗੜ੍ਹ ਤੇ ਬਟਾਲਾ ਦਾ ਕਾਰੋਬਾਰ ਚੌਪਟ ਹੋ ਗਿਆ ਹੈ। ਲੁਧਿਆਣਾ ਦੀ ਹੌਜ਼ਰੀ ਸਨਅਤ ਤੇ ਜਲੰਧਰ ਦੀ ਖੇਡਾਂ ਦੇ ਸਾਮਾਨ ਨਾਲ ਜੁੜਿਆ ਕਾਰੋਬਾਰ ਸੂਬੇ ਵਿੱਚੋਂ ਮਾੜੀਆਂ ਨੀਤੀਆਂ ਕਾਰਨ ਪਲਾਇਨ ਕਰ ਗਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ 30 ਹਜ਼ਾਰ ਸਨਅਤਾਂ ਪੰਜਾਬ ਨੂੰ ਪਿਛਲੇ ਸਾਲਾਂ ਦੌਰਾਨ ਛੱਡ ਚੁੱਕੀਆਂ ਹਨ। 'ਆਪ' ਵਿਧਾਇਕਾਂ ਨੇ ਹਰਸਿਮਰਤ ਦੇ ਅਸਤੀਫ਼ੇ ਦੀ ਮੰਗ ਕੀਤੀ ਤੇ ਉਨ੍ਹਾਂ ਕੇਂਦਰ ਅਤੇ ਕੈਪਟਨ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦਿਆਂ ਗ੍ਰਿਫ਼ਤਾਰੀਆਂ ਦਿੱਤੀਆਂ। ਮਗਰੋਂ ਪੁਲੀਸ ਨੇ ਉਨ੍ਹਾਂ ਨੂੰ ਜੰਤਰ-ਮੰਤਰ 'ਤੇ ਲਿਜਾ ਕੇ ਛੱਡ ਦਿੱਤਾ ਜਿੱਥੇ ਉਨ੍ਹਾਂ ਤਾਮਿਲਨਾਡੂ ਦੇ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕੀਤਾ। ਧਰਨਾ ਦੇਣ ਵਾਲਿਆਂ ਵਿਚ ਆਮ ਆਦਮੀ ਪਾਰਟੀ ਪੰਜਾਬ ਦੇ ਸਹਿ ਪ੍ਰਧਾਨ ਅਮਨ ਅਰੋੜਾ, ਵਿਧਾਇਕ ਐਚ.ਐਸ. ਫੂਲਕਾ, ਨਾਜਰ ਸਿੰਘ ਮਾਨਸ਼ਾਹੀਆ, ਪ੍ਰੋ. ਬਲਜਿੰਦਰ ਕੌਰ, ਪ੍ਰਿੰਸੀਪਲ ਬੁੱਧ ਰਾਮ, ਮਾਸਟਰ ਬਲਦੇਵ ਸਿੰਘ ਸ਼ਾਮਲ ਸਨ।



**ਨਵੀਂ ਦਿੱਲੀ ਵਿੱਚ ਪੰਜਾਬ ਭਵਨ ਦੇ ਬਾਹਰ ਪੁਲੀਸ ਦੇ ਜਵਾਨ ਪੰਜਾਬ ਨਾਲ ਸਬੰਧਤ 'ਆਪ' ਵਿਧਾਇਕਾਂ ਨੂੰ ਅੱਗੇ ਵਧਣ ਤੋਂ ਰੋਕਦੇ ਹੋਏ।**

# ਕੈਪਟਨ ਅਮਰਿੰਦਰ ਸਿੰਘ ਨੂੰ ਮਿਲੀ ਵਿਦੇਸ਼ ਜਾਣ ਦੀ ਆਗਿਆ

**ਐਸ.ਏ.ਐਸ. ਨਗਰ (ਮੁਹਾਲੀ)/ਬਿਊਰੋ ਨਿਊਜ਼:**
ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ 32 ਏਕੜ ਜ਼ਮੀਨ ਘੁਟਾਲੇ ਦੇ ਮਾਮਲੇ ਵਿੱਚ ਨਾਮਜ਼ਦ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਮੁਹਾਲੀ ਅਦਾਲਤ ਤੋਂ ਵਿਦੇਸ਼ ਜਾਣ ਦੀ ਆਗਿਆ ਮਿਲ ਗਈ ਹੈ। ਮੁੱਖ ਮੰਤਰੀ ਨੇ ਆਪਣੇ ਵਕੀਲਾਂ ਰਾਹੀਂ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਵਿਦੇਸ਼ ਜਾਣ ਦੀ ਮਨਜ਼ੂਰੀ ਮੰਗੀ ਸੀ। ਅਦਾਲਤ ਨੇ ਵੱਖ-ਵੱਖ ਪਹਿਲੂਆਂ 'ਤੇ ਗੌਰ ਕਰਦਿਆਂ ਕੈਪਟਨ ਨੂੰ ਵਿਦੇਸ਼ ਜਾਣ ਦੀ ਆਗਿਆ ਦੇ ਦਿੱਤੀ।
ਵਕੀਲ ਰਮਦੀਪ ਪ੍ਰਤਾਪ ਸਿੰਘ ਅਤੇ ਐਚ.ਐਸ. ਪੰਨੂ ਨੇ ਦੱਸਿਆ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 5 ਸਤੰਬਰ ਤੋਂ ਲੈ ਕੇ 25 ਸਤੰਬਰ ਤੱਕ ਇਜ਼ਰਾਈਲ ਅਤੇ ਇੰਗਲੈਂਡ ਵਿੱਚ ਰਹਿ ਕੇ ਵੱਖ-ਵੱਖ ਸਮਾਗਮਾਂ ਵਿੱਚ ਸ਼ਿਰਕਤ ਕਰਨਗੇ। ਉਹ ਇਜ਼ਰਾਈਲ ਵਿੱਚ ਇੰਡਸਟਰੀ ਸੰਮੇਲਨ ਵਿੱਚ ਹਿੱਸਾ ਲੈਣਗੇ ਤਾਂ ਜੋ ਵੱਖ-ਵੱਖ ਸਨਅਤਕਾਰਾਂ ਨੂੰ ਸੂਬੇ ਵਿੱਚ ਉਦਯੋਗ ਲਾਉਣ ਲਈ ਰਾਜ਼ੀ ਕੀਤਾ ਜਾ ਸਕੇ। ਇੰਗਲੈਂਡ ਵਿੱਚ ਮੁੱਖ ਮੰਤਰੀ ਸਾਰਾਗੜ੍ਹੀ ਜੰਗ ਸਮਾਰੋਹ ਦੇ ਹਿੱਸੇ ਵਜੋਂ ਸਾਰਾਗੜ੍ਹੀ ਬਾਰੇ ਆਪਣੀ ਕਿਤਾਬ ਰਿਲੀਜ਼ ਕਰਨਗੇ।

# ਪੰਜਾਬ ਕਲਾ ਪ੍ਰੀਸ਼ਦ ਭੰਗ ਕੀਤੇ ਬਿਨਾਂ ਹੀ ਪਾਤਰ ਨੂੰ ਸੌਂਪਿਆ ਨਿਯੁਕਤੀ ਪੱਤਰ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੇ ਸੱਭਿਆਚਾਰ ਤੇ ਸੈਰ-ਸਪਾਟਾ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਕਲਾ ਪ੍ਰੀਸ਼ਦ ਭੰਗ ਕਰਨ ਤੋਂ ਪਹਿਲਾਂ ਹੀ ਉੱਘੇ ਸ਼ਾਇਰ ਡਾ. ਸੁਰਜੀਤ ਪਾਤਰ ਨੂੰ ਚੇਅਰਮੈਨ ਨਿਯੁਕਤ ਕੀਤੇ ਜਾਣ ਕਾਰਨ ਭੰਬਲਭੂਸਾ ਪੈ ਗਿਆ ਹੈ। ਥੀਏਟਰ ਦੀ ਨਾਮਵਰ ਸ਼ਖ਼ਸੀਅਤ ਨੀਲਮ ਮਾਨ ਸਿੰਘ ਨੂੰ ਕਲਾ ਪ੍ਰੀਸ਼ਦ ਵਿਚ ਅਹੁਦੇਦਾਰ ਨਾਮਜ਼ਦ ਕਰਨ ਦੀ ਜਾਣਕਾਰੀ ਮਿਲੀ ਹੈ ਜਦੋਂ ਕਿ ਪੰਜਾਬ ਕਲਾ ਪ੍ਰੀਸ਼ਦ ਦੇ ਸੰਵਿਧਾਨ ਅਨੁਸਾਰ ਪ੍ਰੀਸ਼ਦ ਦੀ ਮਿਆਦ ਖ਼ਤਮ ਹੋਣ ਜਾਂ ਇਸ ਨੂੰ ਭੰਗ ਕਰਕੇ ਹੀ ਸਰਕਾਰ ਕੇਵਲ ਤਿੰਨ ਮੈਂਬਰ ਨਾਮਜ਼ਦ ਕਰ ਸਕਦੀ ਹੈ। ਪਰ ਸਰਕਾਰ ਵੱਲੋਂ ਪ੍ਰੀਸ਼ਦ ਨੂੰ ਭੰਗ ਕੀਤੇ ਬਿਨਾਂ ਤੇ ਸੰਵਿਧਾਨ ਅਨੁਸਾਰ ਪਹਿਲਾਂ ਤਿੰਨ ਮੈਂਬਰ ਨਾਮਜ਼ਦ ਕਰਨ ਬਜਾਏ ਸਿੱਧੇ ਤੌਰ 'ਤੇ ਡਾ. ਪਾਤਰ ਨੂੰ ਚੇਅਰਮੈਨ ਲਾਏ ਜਾਣ ਕਾਰਨ ਅੱਜ ਕਲਾ ਪ੍ਰੀਸ਼ਦ ਦੇ ਗਲਿਆਰਿਆਂ ਵਿਚ ਚਰਚਾ ਛਿੜੀ ਰਹੀ। ਉਧਰ ਪੁਰਾਣੀ ਟੀਮ ਪਹਿਲਾਂ ਵਾਂਗ ਹੀ ਸਰਗਰਮੀਆਂ ਚਲਾ ਰਹੀ ਹੈ ਕਿਉਂਕਿ ਕਲਾ ਪ੍ਰੀਸ਼ਦ ਨੂੰ ਨਵੇਂ ਫੈਸਲਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।
ਜਾਣਕਾਰੀ ਅਨੁਸਾਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੱਲ੍ਹ ਸ੍ਰੀ ਸਿੱਧੂ ਰਾਹੀਂ ਸੁਰਜੀਤ ਪਾਤਰ ਨੂੰ ਭੇਜੇ ਪੱਤਰ ਵਿਚ ਉਨ੍ਹਾਂ ਨੂੰ ਪ੍ਰੀਸ਼ਦ ਵਿਚ ਬਤੌਰ ਮੈਂਬਰ ਜੁਆਇਨ ਕਰਨ ਅਤੇ ਇਸ ਸੰਸਥਾ ਦੀ ਅਗਵਾਈ ਕਰਨ ਲਈ ਸਹਿਮਤੀ ਦੇਣ ਦੀ ਹੀ ਅਪੀਲ ਕੀਤੀ ਗਈ ਸੀ। ਸੰਪਰਕ ਕਰਨ 'ਤੇ ਕਲਾ ਪ੍ਰੀਸ਼ਦ ਦੀ ਪਹਿਲੀ ਚੇਅਰਮੈਨ ਸਤਿੰਦਰ ਸੱਤੀ ਨੇ ਕਿਹਾ ਕਿ ਸਰਕਾਰ ਨੇ ਉਨ੍ਹਾਂ ਨੂੰ ਪ੍ਰੀਸ਼ਦ ਦਾ ਨਵਾਂ ਚੇਅਰਮੈਨ ਲਾਉਣ ਬਾਰੇ ਲਿਖਤੀ ਜਾਂ ਜ਼ੁਬਾਨੀ ਅਜੇ ਤਕ ਕੋਈ ਜਾਣਕਾਰੀ ਨਹੀਂ ਦਿੱਤੀ। ਇਸ ਕਾਰਨ ਉਹ ਭੰਬਲਭੂਸੇ ਵਿੱਚ ਹਨ। ਪ੍ਰੀਸ਼ਦ ਦੇ ਉਪ ਚੇਅਰਮੈਨ ਐਸ. ਐਸ. ਵਿਰਦੀ ਨੇ ਹੈਰਾਨੀ ਭਰੇ ਢੰਗ ਨਾਲ ਦੱਸਿਆ ਕਿ ਸੁਰਜੀਤ ਪਾਤਰ ਨੂੰ ਨਵਾਂ ਚੇਅਰਮੈਨ ਲਾਉਣ ਜਾਂ ਪ੍ਰੀਸ਼ਦ ਨੂੰ ਭੰਗ ਕਰਕੇ ਉਨ੍ਹਾਂ ਨੂੰ ਅਹੁਦੇ ਤੋਂ ਲਾਹੁਣ ਬਾਰੇ ਅਜੇ ਤਕ ਸਰਕਾਰੀ ਤੌਰ 'ਤੇ ਕੋਈ ਸੂਚਨਾ ਜਾਂ ਜਾਣਕਾਰੀ ਨਹੀਂ ਦਿੱਤੀ ਗਈ। ਹੁਣ ਸਵਾਲ ਉਠ ਰਹੇ ਹਨ ਕਿ ਕਲਾ ਪ੍ਰੀਸ਼ਦ ਨੂੰ ਭੰਗ ਕੀਤੇ ਬਿਨਾਂ ਡਾ. ਪਾਤਰ ਨੂੰ ਚੇਅਰਮੈਨ ਨਿਯੁਕਤ ਕੀਤੇ ਜਾਣ ਕਾਰਨ ਸਤਿੰਦਰ ਸੱਤੀ ਦਾ ਕੀ ਸਟੇਟਸ ਹੈ? ਸਭਿਆਚਾਰ ਵਿਭਾਗ ਦੇ ਸਕੱਤਰ ਜਸਪਾਲ ਸਿੰਘ ਨੇ ਸਪੱਸ਼ਟ ਕੀਤਾ, 'ਪੰਜਾਬ ਕਲਾ ਪ੍ਰੀਸ਼ਦ ਨੂੰ ਭੰਗ ਕਰਨ ਦਾ ਕੋਈ ਫੈਸਲਾ ਨਹੀਂ ਕੀਤਾ ਗਿਆ ਹੈ।'



ਸਰਕਾਰੀ ਬੁਲਾਰੇ ਨੇ ਕਿਹਾ ਕਿ ਕਲਾ ਪ੍ਰੀਸ਼ਦ ਵਿੱਚ ਦੋ ਨਵੀਆਂ ਨਾਮਜ਼ਦਗੀਆਂ ਕਰ ਦਿੱਤੀਆਂ ਹਨ ਅਤੇ ਇਕ ਹੋਰ ਨਾਮਜ਼ਦਗੀ ਕਰਨੀ ਬਾਕੀ ਹੈ। ਇਸ ਤੋਂ ਤੁਰੰਤ ਬਾਅਦ ਮੀਟਿੰਗ ਸੱਦ ਕੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ ਅਤੇ ਇਸ ਦੌਰਾਨ ਪ੍ਰੀਸ਼ਦ ਭੰਗ ਕਰਨ ਦੀ ਕੋਈ ਲੋੜ ਨਹੀਂ ਹੈ। ਪ੍ਰੀਸ਼ਦ ਦੇ ਸੰਵਿਧਾਨ ਅਨੁਸਾਰ ਪੰਜਾਬ ਕਲਾ ਪ੍ਰੀਸ਼ਦ ਵਿਚ ਨਵੀਆਂ ਨਿਯੁਕਤੀਆਂ ਪ੍ਰੀਸ਼ਦ ਦੀ ਮਿਆਦ ਖ਼ਤਮ ਹੋਣ ਜਾਂ ਇਸ ਨੂੰ ਭੰਗ ਕਰਨ ਬਾਅਦ ਹੀ ਕੀਤੀਆਂ ਜਾ ਸਕਦੀਆਂ ਹਨ। ਸਰਕਾਰ ਸਿੱਧੇ ਤੌਰ 'ਤੇ ਅਹੁਦੇਦਾਰ ਨਾਮਜ਼ਦ ਨਹੀਂ ਕਰ ਸਕਦੀ ਅਤੇ ਕੇਵਲ ਤਿੰਨ ਮੈਂਬਰ ਹੀ ਨਾਮਜ਼ਦ ਕੀਤੇ ਜਾ ਸਕਦੇ ਹਨ। ਸਰਕਾਰ ਵੱਲੋਂ ਨਾਮਜ਼ਦ ਕੀਤੇ ਤਿੰਨ ਮੈਂਬਰ ਅੱਗੇ ਆਪਣੇ ਪੱਧਰ 'ਤੇ 11 ਹੋਰ ਕਲਾਕਾਰਾਂ ਆਦਿ ਨੂੰ ਨਾਮਜ਼ਦ ਕਰਦੇ ਹਨ। ਤਿੰਨ ਯੂਨੀਵਰਸਿਟੀਆਂ ਦੇ ਉਪ ਕੁਲਪਤੀ ਤੇ ਸਰਕਾਰੀ ਅਧਿਕਾਰੀ ਵੀ ਮੈਂਬਰ ਨਾਮਜ਼ਦ ਕੀਤੇ ਜਾਂਦੇ ਹਨ। ਇਸ 16 ਮੈਂਬਰੀ ਕਮੇਟੀ ਦੀ ਮੀਟਿੰਗ ਵਿਚ ਚੇਅਰਮੈਨ, ਉਪ ਚੇਅਰਮੈਨ ਤੇ ਸਕੱਤਰ ਜਨਰਲ ਦੀ ਚੋਣ ਸੰਭਵ ਹੁੰਦੀ ਹੈ। ਸੰਵਿਧਾਨ ਅਨੁਸਾਰ ਇਨ੍ਹਾਂ ਤਿੰਨ ਅਹੁਦੇਦਾਰਾਂ ਦੀ ਚੋਣ ਪ੍ਰਕਿਰਿਆ ਖ਼ਤਮ ਹੋਣ ਬਾਅਦ ਕੁੱਲ 26 ਮੈਂਬਰ ਨਾਮਜ਼ਦ ਕਰਕੇ ਜਨਰਲ ਕੌਂਸਲ ਦਾ ਗਠਨ ਕੀਤਾ ਜਾਂਦਾ ਹੈ। ਇਸ ਬਾਅਦ 15 ਦਿਨਾਂ ਦਾ ਨੋਟਿਸ ਦੇ ਕੇ ਕੌਂਸਲ ਦੀ ਮੀਟਿੰਗ ਹੁੰਦੀ ਹੈ, ਜਿਸ ਵਿਚ ਸੰਗੀਤ ਨਾਟਕ ਅਕੈਡਮੀ, ਸਾਹਿਤ ਅਕੈਡਮੀ ਅਤੇ ਲਲਿਤ ਕਲਾਂ ਅਕੈਡਮੀ ਲਈ ਪ੍ਰਧਾਨਾਂ ਅਤੇ ਸਕੱਤਰਾਂ ਦੀ ਚੋਣ ਕੀਤੀ ਜਾਂਦੀ ਹੈ।

# Sikh Gurdwara of Los Angeles [ Lankershim ]

## Celebrating Pratham Parkash Utsav of Shri Guru Granth Sahib Ji

On Labor Day Weekend [ Monday, Sept 4, 2017]



**Program 10:00 AM To 2:30 PM**

Asa Ki Vaar, Katha Kirtan By Various Ragis of Local Gurdwara's

Following Ragi Jathas will perform

- ☆ Bhai Raghubir Singh Ji (Walnut Gurdwara)
- ☆ Bhai Ravinder Singh Ji Rasia (Vermont Gurdwara)
- ☆ Bhai Gagandeep Singh Ji (Nanak Sadan Gurdwara)
- ☆ Bhai Kirtan Singh Ji (Guru Ramdass Ashram)
- ☆ Bhai Jatinder Singh Ji Jot (Hazoori Jatha Lankershim)
- Bhai Dalbir Singh Ji (Tarmala Wale)

Guru Ka Langar Seva By: Gurdas Singh & Family

We are celebrating 11th anniversary of Pratham Parkash Utsav along with Labor Day

You are requested to join us with your Family and Friends and recieve Guru's Blessings

Sikh Gurdwara Of Los Angeles
7640 Lankershim BLVD
North Hollywood, CA 91605
www.lankershimgurdwara.com

| | | | |
|---|---|---|---|
| Gurcharan Singh Bans | (661)-877-6461 | Ranjit Singh Kamboj | (626) 676-1664 |
| Inderbir Singh Nat | (818) 429-5313 | Paramjit S. Cheema | (661) 993-3369 |
| Charanjit S. Deol | (661) 839-5563 | Satgurjit S. Pawar | (714) 728-4653 |
| Harmander Sngh Grewal | (818) 606 7894 | Manjit Singh Pandher | (818)-398-9262 |



# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

ASIANA AIRLINES
A STAR ALLIANCE MEMBER

Asiana Airlines Daily Flight To New Delhi

**Best deals on major airlines like**

Asiana Airlines, China Airlines, British Airways, Cathay Pacific, Virgin Atlantic, Singapore Airlines, Emirates, Etihad Airways, Lufthansa, Qatar Airways

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com










## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers®
TA TravelCenters of America
Love's Travel Stops & Country Stores

# ਗਿਆਰਵੇਂ ਇੰਟਰਨੈਸ਼ਨਲ ਹੇਮਕੁੰਟ ਕੀਰਤਨ ਮੁਕਾਬਲੇ ਵਿਚ ਨਾਨਕ ਸਦਨ ਗੁਰਮਤਿ ਅਕੈਡਮੀ ਲਗਾਤਾਰ ਦੂਜੀ ਵਾਰ ਜੇਤੂ

**ਲਾਸ ਏਂਜਲਸ/ਬਿਊਰੋ ਨਿਊਜ਼:** ਹੇਮਕੁੰਟ ਫਾਊਡੇਸ਼ਨ ਵੱਲੋਂ ਪਿਛਲੇ ਦਿਨੀਂ ਸੈਕਰਾਮੈਂਟੋ ਵਿਖੇ ਕਰਵਾਏ ਗਏ ਕੀਰਤਨ ਮੁਕਾਬਲਿਆਂ ਵਿਚ ਅਮਰੀਕਾ ਦੀਆਂ ਵੱਖ ਵੱਖ ਟੀਮਾਂ ਤੋਂ ਇਲਾਵਾ ਕੈਨੇਡਾ ਅਤੇ ਇੰਗਲੈਂਡ ਦੀਆਂ ਟੀਮਾਂ ਨੇ ਵੀ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਵਿਚ ਵੱਖ ਵੱਖ ਵਰਗਾਂ ਦੀਆਂ ਟੀਮਾਂ ਨੇ ਕੀਰਤਨ ਕੀਤਾ। ਨਾਨਕ ਸਦਨ ਗੁਰਮਤਿ ਅਕੈਡਮੀ ਦੀਆਂ ਟੀਮਾਂ ਨੇ ਇਸ ਸਾਲ ਫਿਰ ਤੋਂ ਨਾਂ ਰੌਸ਼ਨ ਕੀਤਾ ਉਥੇ ਨਾਨਕ ਸਦਨ ਗੁਰਮਤਿ ਅਕੈਡਮੀ ਅਤੇ ਅਪਣੇ ਮਾਪਿਆਂ ਦਾ ਨਾਂ ਵੀ ਰੋਸ਼ਨ ਕੀਤਾ। ਜ਼ਿਕਰਯੋਗ ਹੈ ਕਿ ਨਾਨਕ ਸਦਨ ਗੁਰਮਤਿ ਅਕੈਡਮੀ ਨੇ ਪਿਛਲੇ ਸਾਲ ਵੀ ਇਸ ਮੁਕਾਬਲੇ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਸੀ। ਅਜਿਹਾ ਕਰਨ ਵਾਲੀ ਇਹ ਪਹਿਲੀ ਟੀਮ ਹੈ। ਇਹ ਇਕੱਲੀ ਟੀਮ ਸੀ ਜਿਸਦੇ ਸਾਰੇ ਬੱਚਿਆਂ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਇਥੇ ਇਹ ਵੀ ਦਸਣਯੋਗ ਹੈ ਕਿ ਟੀਮਾਂ ਵਿਚ ਭਾਗ ਲੈਣ ਵਾਲੇ ਸਾਰੇ ਪ੍ਰਤਿਯੋਗੀਆਂ ਨੇ ਗੁਰੂ ਸਹਿਬਾਨਾਂ ਸਮੇਂ ਵਜਾਏ ਜਾਣ ਵਾਲੇ ਤੰਤੀ ਸਾਜ਼ਾਂ ਤੇ ਕੀਰਤਨ ਕੀਤਾ। ਇਸੇ ਹੀ ਅਕੈਡਮੀ ਦੀ ਸੀਨੀਅਰ ਟੀਮ ਨੇ ਤੀਜਾ ਸਥਾਨ ਹਾਸਲ ਕਰਕੇ ਮਿਸ਼ਾਲ ਪੈਦਾ ਕੀਤੀ। ਬੱਚਿਆਂ ਵੱਲੋਂ ਪੁਰਾਤਨ ਤੰਤੀ ਸਾਜ ਤਾਊਸ, ਦਿਲਰੁਬਾ, ਇਸਰਾਜ, ਰਬਾਬਾ ਅਤੇ ਜੋੜੀ ਨਾਲ ਕੀਰਤਨ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਮੌਖਸ਼ਿੰਦਰ ਸਿੰਘ ਜੀ ਅਤੇ ਗਜਿੰਦਰ ਸ਼ਾਹ ਸਿੰਘ ਜੀ ਨੇ ਸਾਰੇ ਹੀ ਪ੍ਰਤੀਯੋਗੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਜਿੱਥੇ ਪ੍ਰਤੀਯੋਗੀਆਂ ਅਤੇ ਮਾਪਿਆਂ ਦੀ ਮਿਹਨਤ ਹੈ ਉਥੇ ਇਨ੍ਹਾਂ ਦੇ ਅਧਿਆਪਕ ਵੀ ਵਿਸ਼ੇਸ਼ ਵਧਾਈ ਦੇ ਪਾਤਰ ਹਨ ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਇਸ ਸਾਲ ਵੀ ਅਸੀਂ ਪਹਿਲਾ ਸਥਾਨ ਪ੍ਰਾਪਤ ਕਰਨ ਵਿਚ ਸਫ਼ਲ ਰਹੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਡੇ ਕੋਲ ਅਜਿਹੇ ਅਧਿਆਪਕ ਹਨ ਜੋ ਹਰ ਵਕਤ ਬੱਚਿਆਂ ਨੂੰ ਸਿੱਖਿਆ ਦੇਣ ਲਈ ਤਿਆਰ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਗਗਨਦੀਪ ਸਿੰਘ, ਕੰਵਰਜੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸੇਵਾ ਲਈ ਬੁਲਾਇਆ ਹੈ ਤਾਂ ਜੋ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਿਆ ਜਾ ਸਕੇ। ਇਹ ਸਾਰੇ ਅਧਿਆਪਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੜ੍ਹਾਈ ਪੂਰੀ ਕਰਨ ਉਪਰੰਤ ਸਾਡੇ ਕੋਲ ਸੇਵਾ ਨਿਭਾ ਰਹੇ ਹਨ। ਅਖੀਰ ਵਿਚ ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਅਧਿਆਪਕਾਂ ਦਾ ਪੂਰਾ ਪੂਰਾ ਫਾਇਦਾ ਲੈਣਾ ਚਾਹੀਦਾ ਹੈ ਅਤੇ ਵੱਧ ਤੋਂ ਵੱਧ ਆਪਣੇ ਬੱਚਿਆਂ ਨੂੰ ਮਹਾਨ ਵਿਰਾਸਤ ਨਾਲ ਜੋੜਨਾ ਚਾਹੀਦਾ ਹੈ।





## ਸੈਕਰਾਮੈਂਟੋ ਦੇ ਮੇਅਰ ਸਟੀਨਬਰਗ ਵੱਲੋਂ ਕਾਨੂੰਨੀ ਦਸਤਾਵੇਜ਼ਾਂ ਤੋਂ ਬਗੈਰ ਪੜ੍ਹ ਰਹੇ ਬੱਚਿਆਂ ਦੀ ਕੀਤੀ ਗਈ ਹਮਾਇਤ

***ਗੁਰਜਤਿੰਦਰ ਸਿੰਘ ਰੰਧਾਵਾ ਅਤੇ ਬੌਬੀ ਸਿੰਘ ਐਲਨ ਵੀ ਮੀਟਿੰਗ 'ਚ ਹੋਏ ਸ਼ਾਮਲ***



**ਸੈਕਰਾਮੈਂਟ/ਬਿਊਰੋ ਨਿਊਜ਼:** ਕੈਲੀਫੋਰਨੀਆ ਦੀ ਰਾਜਧਾਨੀ ਵਾਲੇ ਸ਼ਹਿਰ ਸੈਕਰਾਮੈਂਟੋ ਦੇ ਮੇਅਰ ਡੈਰੇਲ ਸਟੀਨਬਰਗ ਵੱਲੋਂ ਸੱਦੀ ਗਈ ਇਕ ਅਹਿਮ ਮੀਟਿੰਗ ਵਿਚ ਇਥੇ ਰਹਿ ਰਹੇ ਉਨ੍ਹਾਂ ਬੱਚਿਆਂ ਦੀ ਹਮਾਇਤ ਕੀਤੀ ਗਈ, ਜਿਹੜੇ ਕਾਨੂੰਨੀ ਦਸਤਾਵੇਜ਼ਾਂ ਦੇ ਬਿਨਾਂ ਇਥੇ ਰਹਿ ਰਹੇ ਹਨ ਅਤੇ ਸਿੱਖਿਆ ਪ੍ਰਾਪਤ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਸਾਲ 2012 ਵਿਚ ਇਕ ਕਾਨੂੰਨ ਬਣਾਇਆ ਸੀ, ਜਿਸ ਅਨੁਸਾਰ ਇਥੇ ਕੋਈ ਵੀ ਬੱਚਾ ਆਪਣਾ ਵਿੱਦਿਆ ਹਾਸਲ ਕਰ ਸਕਦਾ ਸੀ। ਚਾਹੇ ਉਸ ਕੋਲ ਕਿਸੇ ਕਿਸਮ ਦਾ ਕਾਨੂੰਨੀ ਆਧਾਰ ਨਾ ਹੋਵੇ। ਪਰ ਪਿੱਛੇ ਜਿਹੇ ਮੌਜੂਦਾ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਉਹ ਪ੍ਰਣਾਲੀ ਖਤਮ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਜੇ ਇਹ ਕਾਨੂੰਨ ਬਣ ਜਾਂਦਾ ਹੈ, ਤਾਂ ਘੱਟੋ-ਘੱਟ 8 ਲੱਖ ਬੱਚਿਆਂ ਨੂੰ ਇਸ ਦਾ ਖਾਮਿਆਜ਼ਾ ਭੁਗਤਣਾ ਪਵੇਗਾ।

ਇਸ ਮੀਟਿੰਗ ਵਿਚ ਮੇਅਰ ਤੋਂ ਇਲਾਵਾ ਸੈਕਰਾਮੈਂਟੋ ਦੇ ਕੌਂਸਲ ਮੈਂਬਰ, ਵਿਧਾਇਕ, ਪੁਲਿਸ ਚੀਫ ਦੇ ਨਾਲ-ਨਾਲ ਪੰਜਾਬੀ ਭਾਈਚਾਰੇ ਵੱਲੋਂ ਗੁਰਜਤਿੰਦਰ ਸਿੰਘ ਰੰਧਾਵਾ ਅਤੇ ਬੌਬੀ ਸਿੰਘ ਐਲਨ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸੰਬੰਧੀ ਜਲਦ ਹੀ ਦੇਸ਼ ਵਿਆਪੀ ਰੈਲੀ ਹੋਣ ਦੀ ਵੀ ਸੰਭਾਵਨਾ ਹੈ।





$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
MARATHON LHT
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
TRUCK BUS AGRO OTR
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਅਤੇ ਸੰਤ ਮੀਹਾਂ ਸਿੰਘ ਜੀ ਸਿਆੜ ਵਾਲੇ ਦੀ ਬਰਸੀ ਗੁਰਦੁਆਰਾ ਸਾਹਿਬ ਲੈਂਕਰਸ਼ਿਮ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ






**ਲਾਸ ਏਂਜਲਸ/ਬਿਊਰੋ ਨਿਊਜ਼:** ਸੰਤ ਬਾਬਾ ਈਸ਼ਰ ਸਿੰਘ ਜੀ (ਰਾੜਾ ਸਾਹਿਬ ਵਾਲੇ) ਅਤੇ ਸੰਤ ਮੀਹਾਂ ਸਿੰਘ ਜੀ (ਸਿਆੜ ਵਾਲੇ) ਦੀ ਬਰਸੀ ਗੁਰਦੁਆਰਾ ਸਾਹਿਬ ਲੈਂਕਰਸ਼ਿਮ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ। 27 ਅਗਸਤ ਐਤਵਾਰ ਨੂੰ ਸਿੱਖ ਗੁਰਦਆਰਾ ਆਫ਼ ਲਾਸ ਏਂਜਲਸ ਵਿਖੇ ਸੰਤਾਂ ਨੂੰ ਸਮਰਪਿਤ ਦੀਵਾਨ ਸਜਾਏ ਗਏ ।ਪ੍ਰੋਗਰਾਮ ਦੀ ਆਰੰਭਤਾ 25 ਅਗਸਤ ਸ਼ੁਕਰਵਾਰ ਤੋਂ ਹੋਈ ਜਿਸ ਵਿਚ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆ ਅਤੇ ਸੰਤ ਅਨੂਪ ਸਿੰਘ ਜੀ ਊਨਾ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਕੀਰਤਨ ਤੇ ਕਥਾ ਨਾਲ ਜੋੜਿਆ ਅਤੇ ਗੁਰਬਾਣੀ ਦਾ ਅੰਮ੍ਰਿਤ ਰਸ ਵਰਤਾਇਆ।

ਸਮਾਗਮ ਦੇ ਅੰਤਲੇ ਦਿਨ 27 ਅਗਸਤ ਐਤਵਾਰ ਨੂੰ ਅਖੰਡ ਪਾਠ ਸਾਹਿਬ ਦਾ ਭੋਗ ਪਾਇਆ ਗਿਆ। ਉਪਰੰਤ ਭਾਈ ਜਤਿੰਦਰ ਸਿੰਘ ਜੋਤ ਨੇ ਆਰਤੀ ਜੀ ਦਾ ਕੀਰਤਨ ਕੀਤਾ। ਇਹਨਾਂ ਤੋ ਬਾਅਦ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲੇ ਅਤੇ ਬਾਬਾ ਸੁਰਜੀਤ ਸਿੰਘ ਜੀ ਨੇ ਕਥਾ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ ਅਤੇ ਨਾਲ ਹੀ ਗੁਰਮਤਿ ਗਿਆਨ ਸਕੂਲ ਆਫ਼ ਲਾਸ ਏਂਜਲਸ ਦੇ ਬਚਿਆਂ ਨੇ 10 ਗੁਰੂ ਸਹਿਬਾਨਾਂ ਦੇ ਨਾਮ ਸੁਣਾ ਕੈ ਸੰਗਤਾ ਦਾ ਮਨ ਮੋਹ ਲਿਆ। ਫਿਰ ਸੰਤ ਬਾਬਾ ਅਮਰੀਕ ਸਿੰਘ ਜੀ ਨੇ ਬਚਿਆਂ ਤੋਂ ਨਾਮ ਜਪਾਇਆ। ਉਪਰੰਤ ਸੰਤ ਅਨੂਪ ਸਿੰਘ ਜੀ ਊਨਾ ਵਾਲਿਆਂ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਸੰਤਾਂ ਦੇ ਜੀਵਨੀ ਉਤੇ ਚਾਨਣਾ ਪਾਇਆ। ਸਮਾਗਮ ਦਾ ਭੋਗ ਹਜ਼ੂਰੀ ਰਾਗੀ ਜਥਾ ਭਾਈ ਜਤਿੰਦਰ ਸਿੰਘ ਜੋਤ ਜੀ ਦੇ ਜਥੇ ਨੇ ਅਨੰਦੁ ਸਾਹਿਬ ਦੇ ਕੀਰਤਨ ਦੁਆਰਾ ਪਾਇਆ।ਇਸ ਮੌਕੇ ਸਟੇਜ ਦੀ ਸੇਵਾ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਬੈਂਸ ਨੇ ਨਿਭਾਈ। ਉਹਨਾਂ ਬਾਬਾ ਅਮਰੀਕ ਸਿੰਘ ਜੀ, ਸੰਤ ਅਨੂਪ ਸਿੰਘ ਜੀ ਅਤੇ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਅਗਲੇ ਸਾਲ ਇਸ ਪ੍ਰੋਗਰਾਮ ਨੂੰ ਹੋਰ ਸੁੱਚਜੇ ਢੰਗ ਨਾਲ ਕਰਨ ਦਾ ਭਰੋਸਾ ਦਿਤਾ। ਇਸ ਪ੍ਰੋਗਰਾਮ ਦੀ ਅਖੰਡ ਪਾਠ ਸਾਹਿਬ ਦੀ ਸੇਵਾ ਤੇ ਲੰਗਰਾਂ ਦੀ ਸੇਵਾ ਮੌਜੂਦਾ ਕਮੇਟੀ ਦੇ ਮੈਂਬਰ ਸ.ਮਨਜੀਤ ਸਿੰਘ ਜੀ ਪੰਧੇਰ ਵਲੋਂ ਕਰਵਾਈ ਗਈ ਅਤੇ ਗੁਰੂਘਰ ਵਲੋਂ ਉਨ੍ਹਾਂ ਨੂੰ ਸਿਰੋਪਾਓ ਵੀ ਦਿਤਾ ਗਇਆ । ਉਨ੍ਹਾਂ ਨੇ ਵੀ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਸੈਕਰਾਮੈਂਟੋ 'ਚ ਪ੍ਰੋ. ਹਰਬੰਸ ਸਿੰਘ ਬੋਲੀਨਾ ਦੀ ਆਪਣੇ ਪੁਰਾਣੇ ਵਿਦਿਆਰਥੀਆਂ ਨਾਲ ਮਿਲਣੀ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਖਾਲਸਾ ਕਾਲਜ ਜਲੰਧਰ ਦੇ ਸਾਬਕਾ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਆਪਣੀ ਅਮਰੀਕਾ ਫੇਰੀ ਦੌਰਾਨ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਆਪਣੇ ਪੁਰਾਣੇ ਵਿਦਿਆਰਥੀਆਂ ਨੂੰ ਮਿਲੇ, ਜਿਨ੍ਹਾਂ ਵਲੋਂ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਨੂੰ ਭਰਵਾਂ ਸਤਿਕਾਰ ਮਿਲਿਆ। ਇਸੇ ਫੇਰੀ ਦੌਰਾਨ ਪ੍ਰੋਫੈਸਰ ਹਰਬੰਸ ਸਿੰਘ ਬੋਲੀਨਾ ਨੇ ਗੁਰਦੁਆਰਾ ਬਰਾਡਸ਼ਾਹ ਰੋਡ ਸੈਕਰਾਮੈਂਟੋ ਵਿਖੇ ਪ੍ਰਭਾਵਸ਼ਾਲੀ ਲੈਕਚਰ ਕੀਤਾ। ਉਨ੍ਹਾਂ ਕਿਹਾ ਕਿ ਸਿੱਖ ਜਗਤ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ



ਜਗਤ ਜੋਤ ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ਵ ਦੇ ਮਨੁੱਖ ਅਤੇ ਸਮਾਜ ਦੀ ਹਰ ਸਮੱਸਿਆ ਦਾ ਹੱਲ ਹੈ। ਉਨ੍ਹਾਂ ਗੁਰਸਿੱਖ ਜੀਵਨ ਜਾਚ ਦੇ ਕਈ ਨੁਕਤੇ ਗੁਰੂ ਘਰ ਦੀ ਸੰਗਤ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕਿਸੇ ਇੱਕ ਵਿਅਕਤੀ ਦੇ ਗਲਤ ਕਿਰਦਾਰ ਕਰਕੇ ਸਮੁੱਚੀਆਂ ਸੰਸਥਾਵਾ ਅਤੇ ਸੰਪਰਦਾਵਾਂ ਨੂੰ ਨਿੰਦਣਾ ਠੀਕ ਨਹੀਂ। ਉਨ੍ਹਾਂ ਉਦਾਸੀ ਅਤੇ ਨਿਰਮਲ ਸੰਤਾਂ ਦੇ ਵਡਮੁੱਲੇ ਯੋਗਦਾਨ ਦਾ ਵਰਣਨ ਵੀ ਕੀਤਾ ਅਤੇ ਪ੍ਰੋਫੈਸਰ ਬੋਲੀਨਾ ਨੇ ਡੇਢ ਸਦੀ ਤੋਂ ਵਧ ਸਮੇਂ ਤੋਂ ਪ੍ਰਵਾਹਿਤ ਚਾਹ ਵਾਲੇ ਮਹਾਂਪੁਰਸ਼ਾਂ ਦੀ ਸੰਪਰਦਾਇ ਬਾਰੇ ਲਿਖੀ ਪੁਸਤਕ" ਸੰਤਨ ਸੰਗਿ" ਗੁਰਦੁਆਰਾ ਸਾਹਿਬ ਦੀ ਲਾਇਬ੍ਰੇਰੀ ਲਈ ਗੁਰੂ ਘਰ ਦੇ ਪ੍ਰਬੰਧਕਾਂ ਨੂੰ ਭੇਟ ਕੀਤੀ। ਪ੍ਰਬੰਧਕਾਂ ਵਲੋਂ ਪ੍ਰੋਫੈਸਰ ਬੋਲੀਨਾ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਗੁਰੂ ਘਰ ਦੇ ਪ੍ਰਧਾਨ ਲਖਵੀਰ ਸਿੰਘ ਔਜਲਾ, ਰਣਧੀਰ ਸਿੰਘ ਧੀਰਾ, ਬਲਵੰਤ ਸਿੰਘ ਵਿਰਕ, ਹਰਜਿੰਦਰ ਸਿੰਘ ਬੋਲੀਨਾ, ਗੁਰਪਾਲ ਸਿੰਘ ਔਜਲਾ, ਜਰਨੈਲ ਸਿੰਘ ਸਮਰਾ, ਸੁਰਿੰਦਰ ਸਿੰਘ ਢੱਡਾ, ਅਵਤਾਰ ਸਿੰਘ, ਦਵਿੰਦਰ ਸਿੰਘ, ਕਸ਼ਮੀਰਾ ਸਿੰਘ ਅਟਵਾਲ, ਹਰਦੀਪ ਸਿੰਘ ਅਤੇ ਸਤਵੰਤ ਸਿੰਘ ਢਿਲੋਂ ਵੀ ਹਾਜ਼ਰ ਸਨ।






ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ

ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

Free Buffet over 100 gallons

open 6am to midnight

Phone: 765-478-6300

NOW OPEN IN MODESTO/CERES



G.S. Pannu
Immigration Consultant-LDA

# PANNU'S

LEGAL SERVICES (Regd. & Bonded)

510.677.5200

ivisapass@gmail.com

## IMMIGRATION

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions FREE

## DIVORCE

- Petitions
- Child Support
- Child Visitation
- Child Custody
- Modification
- ...& related matters

RADIO GAL PUNJAB DI USA
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY CREDIT REPAIR/CLEAR
SMALL CLAIM COURT CASES ...& help in legal documents preparation

FREMONT 40757 GRIMMER BLVD, CA 94538
MODESTO/CERES 3810 EAU CLAIRE AVE, CA 95307

# ਟਰੱਕਿੰਗ ਕੰਪਨੀਆਂ ਦੀਆਂ ਮੁਸ਼ਕਲਾਂ ਦਾ ਹੱਲ, ਹੁਣ ਬਹੁਤ ਹੀ ਆਸਾਨ

## ਅਸੀਂ ਤੁਹਾਨੂੰ ਦੇਵਾਂਗੇ, ਹਰ ਮੁਸ਼ਕਲ ਦਾ ਆਸਾਨ ਤਰੀਕਾ

ਹੁਣ ਤੁਹਾਨੂੰ DOT ਅਤੇ IFTA ਆਦਿ ਦੇ ਆਡਿਟ ਤੋਂ ਡਰਨ ਦੀ ਲੋੜ ਨਹੀਂ

- Paperless Trucking
- Driver Hiring
- Driver Application
- Maintainance Record
- Accident Record
- Drug Test Record etc

Coming Soon
E Logbook, Dispatch, Billing, Payroll, Vehicle Tracking, GPS, Automatic IFTA Report, Digital Logbook

Global Solution for Transportation
DBA E Trucking Solution

12 ਸਾਲ ਲਾਈਸੈਂਸ ਪਲੇਟਸ ਅਤੇ ਟਰੱਕ ਪਰਮਿਟ ਆਦਿ ਦੀਆਂ ਸੇਵਾਵਾਂ ਮੁਹੱਈਆ ਕਰਵਾਉਣ ਤੋਂ ਬਾਅਦ ਹੁਣ ਅਸੀਂ ਤੁਹਾਡੀ ਮਦਦ ਕਰਾਂਗੇ, ਚਿੰਤਾ ਮੁਕਤ ਕੰਪਨੀ ਚਲਾਉਣ ਵਿਚ।



Rajinder Singh Tanda



Lakhvir Singh

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
1-800-936-4011, 209-636-0880
Fax: 209-636-0850
Email : etrucking@etruckingsolution.com



# 'ਡਾ. ਮਨਮੋਹਨ ਸਿੰਘ ਨੇ ਸੀ.ਬੀ.ਆਈ. ਨੂੰ ਜਾਂਚ ਲਈ ਦਿੱਤਾ ਸੀ ਥਾਪੜਾ'

## *ਸਾਬਕਾ ਸੀਬੀਆਈ ਅਧਿਕਾਰੀ ਦਾ ਦਾਅਵਾ: ਰਾਮ ਰਹੀਮ ਖ਼ਿਲਾਫ਼ ਕੇਸ ਬੰਦ ਕਰਨ ਲਈ ਪਾਇਆ ਜਾਂਦਾ ਰਿਹਾ ਦਬਾਅ*

**ਨਵੀਂ ਦਿੱਲੀ/ਬਿਊਰੋ ਨਿਊਜ਼:** ਬਲਾਤਕਾਰ ਦੇ ਦੋਸ਼ਾਂ ਤਹਿਤ ਡੇਰਾ ਸਿਰਸਾ ਮੁਖੀ ਨੂੰ ਸੀ. ਬੀ. ਆਈ. ਅਦਾਲਤ ਵਲੋਂ ਹੋਈ 20 ਸਾਲ ਦੀ ਸਜ਼ਾ ਤੋਂ ਬਾਅਦ ਸੀ. ਬੀ. ਆਈ. ਦੇ ਸਾਬਕਾ ਅਧਿਕਾਰੀ ਨੇ ਦੱਸਿਆ ਕਿ ਡੇਰਾ ਸਿਰਸਾ ਮੁਖੀ ਖਿਲਾਫ਼ ਕੇਸ ਦੀ ਜਾਂਚ ਕਰਨ ਵਾਲੀ ਟੀਮ ਦੇ ਮੁਖੀ ਸੀ. ਬੀ. ਆਈ. ਦੇ ਸਾਬਕਾ ਜੁਆਇੰਟ ਡਾਇਰੈਕਟਰ ਐਮ. ਨਰਾਇਣਨ ਨੇ ਅਹਿਮ ਖੁਲਾਸਾ ਕਰਦਿਆਂ ਕਿਹਾ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ 'ਚ ਜਾਂਚ ਲਈ ਕਿਸੇ ਕਿਸਮ ਦੇ ਰਾਜਸੀ ਦਬਾਅ ਦੀ ਪ੍ਰਵਾਹ ਕੀਤੇ ਬਗੈਰ ਅਪਣਾ ਕੰਮ ਨਿਰਵਿਘਣ ਜਾਰੀ ਰੱਖਣ ਦਾ ਥਾਪੜਾ ਦਿੱਤਾ ਸੀ। ਉਨ੍ਹਾਂ ਕਿਹਾ ਕਿ ਕੇਸ ਨੂੰ ਬੰਦ ਕਰਨ ਲਈ ਹਰਿਆਣਾ ਤੇ ਪੰਜਾਬ ਦੇ ਬਹੁਤ ਸਾਰੇ ਪਾਰਲੀਮੈਂਟ ਮੈਂਬਰਾਂ, ਉੱਚ ਅਧਿਕਾਰੀਆਂ ਤੇ ਹੋਰਨਾਂ ਵਲੋਂ ਉਨ੍ਹਾਂ 'ਤੇ ਲਗਾਤਾਰ ਦਬਾਅ ਬਣਾਇਆ ਜਾਂਦਾ ਰਿਹਾ ਸੀ। ਪਰ ਡਾ. ਮਨਮੋਹਨ ਸਿੰਘ ਨੇ ਰਾਜਸੀ ਦਬਾਆਂ ਨੂੰ ਧਿਆਨ ਰਖਦਿਆਂ ਸਾਧਵੀਆਂ ਵਲੋਂ ਜੱਜ ਅੱਗੇ ਦਿੱਤੇ ਬਿਆਨ ਖੁਦ ਪੜ੍ਹੇ। ਪ੍ਰਧਾਨ ਮੰਤਰੀ ਨੇ ਸੀਬੀਆਈ ਦੇ ਉਸ ਵੇਲੇ ਦੇ ਡਾਇਰੈਕਟਰ ਵਿਜੈ ਸ਼ੰਕਰ ਨੂੰ ਅਪਣੇ ਦਫ਼ਤਰ ਬੁਲਾ ਕੇ ਰਾਮ ਰਹੀਮ ਮਾਮਲੇ ਦੇ ਸਾਰੇ ਪਹਿਲੂਆਂ ਬਾਰੇ ਵਿਚਾਰ ਕਰਨ ਬਾਅਦ ਕਿਹਾ ਕਿ ਕਾਨੂੰਨ ਅਨੁਸਾਰ ਕੰਮ ਕਰਦਿਆਂ ਜਾਂਚ ਕਿਸੇ ਵੀ ਸੂਰਤ ਵਿੱਚ ਬੰਦ ਨਹੀਂ ਹੋਣੀ ਚਾਹੀਦੀ। ਕੇਰਲਾ ਦੇ ਕਸਾਰਾਗੋਡ ਪਿੰਡ ਦੇ ਵਸਨੀਕ ਐਮ ਨਰਾਇਣਨ,



ਜਿਹੜੇ ਡੇਰਾ ਸਾਧ ਨੂੰ ਸਜ਼ਾ ਸੁਣਾਏ ਜਾਣ ਵਾਲੇ ਦਿਨ ਮੈਸੂਰ ਵਿੱਚ ਸਨ, ਨੇ ਅਪਣੇ ਉਸ ਵੇਲੇ ਦੇ ਮੁਖੀ ਵਿਜੈ ਸ਼ੰਕਰ ਦੇ ਸਟੈਂਡ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੀਬੀਆਈ ਦੇ ਡਾਇਰੈਕਟਰ ਵਜੋਂ ਉਨ੍ਹਾਂ ਨੇ ਕਿਸੇ ਕਿਸਮ ਦੇ ਰਾਜਸੀ ਦਬਾਅ ਅੱਗੇ ਝੁਕਣ ਤੇ ਕੇਸ ਦੀ ਜਾਂਚ ਬੰਦ ਕਰਨ ਤੋਂ ਸਪੱਸ਼ਟ ਨਾਂਹ ਕੀਤੀ। ਰਿਟਾਇਰ ਹੋਣ ਬਾਅਦ ਦੱਖਣੀ ਭਾਰਤ ਵਿੱਚ ਰਹਿ ਰਹਿ ਰਹੇ ਐਮ. ਨਰਾਇਣਨ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਵੀ ਕੇਸ ਉੱਤੇ ਲਗਾਤਾਰ ਨਿਗਰਾਨੀ ਰਖਦਿਆਂ ਸੀਬੀਆਈ ਦੀ ਖਿਚਾਈ ਕਰਨੋਂ ਗੁਰੇਜ਼ ਨਹੀਂ ਕੀਤਾ ਤੇ ਜਾਂਚ ਏਜੰਸੀ ਦੇ ਮੁਖੀ ਵਿਜੈ ਸ਼ੰਕਰ ਨੂੰ ਬੁਲਾ ਕੇਸ ਸਬੰਧੀ ਸਾਰੇ ਦਸਤਾਵੇਜ ਸੌਂਪਦਿਆਂ ਕੰਮ ਤੇਜੀ ਨਾਲ ਕਰਨ ਲਈ ਕਿਹਾ। ਨਾਰਇਣਨ ਨੇ ਕਿਹਾ ਕਿ ਕੇਸ ਦੀ ਜਾਂਚ ਦੇ ਸਮੇਂ ਮੇਰੇ ਲਈ ਇਹ ਇਕ ਦਿਮਾਗ ਦਾ ਖੇਲ ਸੀ, ਜਿਸ 'ਚ ਅਸੀਂ ਕਦੇ ਜਿੱਤ ਜਾਂਦੇ ਅਤੇ ਕਦੇ ਹਾਰ ਜਾਂਦੇ। ਜ਼ਿਕਰਯੋਗ ਹੈ ਕਿ ਜਦੋਂ ਸਾਲ 2002 'ਚ ਡੇਰਾ ਸਿਰਸਾ ਮੁਖੀ ਦਾ ਕੇਸ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੀ.ਬੀ.ਆਈ. ਨੂੰ ਸੌਂਪਿਆ ਸੀ ਤਾਂ ਉਸ ਸਮੇਂ ਨਰਾਇਣਨ ਪੁਲਿਸ ਦੇ ਕ੍ਰਾਈਮ ਬ੍ਰਾਂਚ ਦੇ ਡੀ.ਜੀ.ਪੀ. ਸਨ। ਕੇਸ ਨੂੰ ਲੈ ਕੇ 67 ਸਾਲਾਂ ਦੇ ਐਮ. ਨਰਾਇਣਨ ਨੇ ਕਿਹਾ ਕਿ ਇਸ ਮਾਮਲੇ 'ਚ ਸੀ. ਬੀ. ਆਈ. ਨੇ ਦਸੰਬਰ 2012 'ਚ ਕੇਸ ਦਰਜ ਕੀਤਾ ਸੀ। ਅਚਾਨਕ ਮੈਂ ਦੇਖਿਆ ਕਿ ਸੀ. ਬੀ. ਆਈ. ਦੇ ਅਧਿਕਾਰੀ ਮੇਰੇ ਕਮਰੇ 'ਚ ਆਏ ਅਤੇ ਮੈਨੂੰ ਕੇਸ ਸਬੰਧੀ ਦਿਸ਼ਾ ਨਿਰਦੇਸ਼ ਦੇਣ ਲੱਗੇ। ਉਨ੍ਹਾਂ ਕਿਹਾ ਕਿ ਕੇਸ ਬੰਦ ਕਰ ਦਿਓ ਅਤੇ ਇਸ 'ਤੇ ਕਾਰਵਾਈ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਜਦੋਂ ਮੈਂ ਜਾਂਚ ਸ਼ੁਰੂ ਕੀਤੀ ਤਾਂ ਕਈ ਪ੍ਰਭਾਵਸ਼ਾਲੀ ਰਾਜ ਨੇਤਾ ਅਤੇ ਕਾਰੋਬਾਰੀ ਸੀ.ਬੀ.ਆਈ. ਦੇ ਮੁੱਖ ਦਫ਼ਤਰ ਆਏ ਅਤੇ ਮੇਰੇ 'ਤੇ ਕੇਸ ਬੰਦ ਕਰਨ ਦਾ ਦਬਾਅ ਬਣਾਉਣ ਲੱਗ ਪਏ ਪਰ ਮੈਂ ਜਾਂਚ ਜਾਰੀ ਰੱਖੀ।

# ਡੇਰੇ ਦੇ ਪੈਰੋਕਾਰ ਨੇ ਕੀਤੀ ਸਿੱਖ ਧਰਮ 'ਚ ਵਾਪਸੀ

**ਤਲਵੰਡੀ ਸਾਬੋ/ਬਿਊਰੋ ਨਿਊਜ਼:** ਡੇਰਾ ਸਿਰਸਾ ਮੁਖੀ ਨੂੰ ਜਬਰ ਜਨਾਹ ਦਾ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਪੰਚਕੂਲਾ ਵਿੱਚ ਹੋਈ ਹਿੰਸਾ ਵਿੱਚ ਮਾਰੇ ਗਏ ਪਿੰਡ ਬੰਗੀ ਨਿਹਾਲ ਸਿੰਘ ਵਾਲਾ ਦੇ ਇੱਕ ਡੇਰਾ ਪ੍ਰੇਮੀ ਦਾ ਪਰਿਵਾਰ ਤਖ਼ਤ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਇਆ ਤੇ ਸਿੱਖ ਧਰਮ ਵਿੱਚ ਵਾਪਸੀ ਦੀ ਇੱਛਾ ਪ੍ਰਗਟਾਈ।

ਪਿੰਡ ਬੰਗੀ ਨਿਹਾਲ ਸਿੰਘ ਵਾਲਾ ਦਾ ਹਰੀ ਸਿੰਘ ਲੰਮੇਂ ਸਮੇਂ ਤੋਂ ਡੇਰਾ ਸਿਰਸਾ ਨਾਲ ਜੁੜਿਆ ਹੋਇਆ ਸੀ। ਡੇਰਾ ਮੁਖੀ ਦੀ 25 ਅਗਸਤ ਨੂੰ ਸੀਬੀਆਈ ਅਦਾਲਤ, ਪੰਚਕੂਲਾ ਵਿੱਚ ਪੇਸ਼ੀ ਮੌਕੇ ਉਹ ਪਿੰਡ ਦੇ ਹੋਰ ਡੇਰਾ ਪ੍ਰੇਮੀਆਂ ਨਾਲ ਉਥੇ ਗਿਆ ਸੀ। ਉਥੇ ਸਿਰ ਵਿੱਚ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਗਈ। ਪਰਿਵਾਰ ਨੇ ਹਰੀ ਸਿੰਘ ਦੇ ਸਸਕਾਰ ਉਪਰੰਤ ਪਿੰਡ ਦੇ ਗੁਰਦੁਆਰੇ ਦੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨਾਲ ਸੰਪਰਕ ਕਰ ਕੇ ਸਿੱਖ ਧਰਮ ਵਿੱਚ ਵਾਪਸੀ ਅਤੇ ਹਰੀ ਸਿੰਘ ਦੀਆਂ ਅੰਤਿਮ ਰਸਮਾਂ ਸਿੱਖ ਰੀਤਾਂ ਮੁਤਾਬਕ ਕਰਨ ਦੀ ਇੱਛਾ ਪ੍ਰਗਟਾਈ ਸੀ। ਹਰੀ ਸਿੰਘ ਦੇ ਦੋਵੇਂ ਪੁੱਤਰ ਰਾਜਪਾਲ ਸਿੰਘ ਤੇ ਗੁਰਮੀਤ ਸਿੰਘ ਤਖ਼ਤ ਦਮਦਮਾ ਸਾਹਿਬ ਵਿਖੇ ਨਤਮਸਤਕ ਹੋਏ ਤੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਸਿੱਖ ਹੋਣ ਦੇ ਨਾਤੇ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਗੁਰੂ ਮੰਨਦੇ ਹਨ ਅਤੇ ਆਪਣੇ ਪਿਤਾ ਦੀ ਆਤਮਿਕ ਸ਼ਾਂਤੀ ਲਈ ਅਖੰਡ ਪਾਠ ਕਰਵਾਉਣਾ ਚਾਹੁੰਦੇ ਹਨ। ਜਥੇਦਾਰ ਨੇ ਦੋਵਾਂ ਨੌਜਵਾਨਾਂ ਨੂੰ ਸਿਰੋਪਾਓ ਦੇ ਕੇ ਉਨ੍ਹਾਂ ਦੇ ਫੈਸਲੇ ਦਾ ਸਵਾਗਤ ਕੀਤਾ। ਜਥੇਦਾਰ ਨੇ ਸ਼੍ਰੋਮਣੀ ਕਮੇਟੀ ਮੈਂਬਰ ਮੋਹਨ ਸਿੰਘ ਬੰਗੀ ਨੂੰ ਹਦਾਇਤ ਕੀਤੀ ਕਿ ਪਰਿਵਾਰ ਨੂੰ ਅੰਤਿਮ ਅਰਦਾਸ ਲਈ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦਿੱਤਾ ਜਾਵੇ।

ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਡੇਰਾ ਸਿਰਸਾ ਦੇ ਪੈਰੋਕਾਰਾਂ ਨੂੰ ਸਿੱਖੀ ਵੱਲ ਮੋੜਨ ਦੇ ਰੌਂਅ ਵਿੱਚ ਹੈ। ਕਮੇਟੀ ਦੇ ਧਿਆਨ 'ਚ ਲਿਆਂਦਾ ਜਾ ਰਿਹਾ ਹੈ ਕਿ ਪੰਜਾਬ ਤੇ ਹਰਿਆਣਾ ਦੇ ਵੱਡੀ ਗਿਣਤੀ ਸਿੱਖ ਪਰਿਵਾਰ ਡੇਰਾ ਮੁਖੀ ਦੇ ਪੈਰੋਕਾਰ ਬਣ ਚੁੱਕੇ ਹਨ। ਡੇਰਾ ਮੁਖੀ ਨੂੰ ਬਲਾਤਕਾਰ ਦੇ ਦੋਸ਼ ਹੇਠ ਸਜ਼ਾ ਸੁਣਾਏ ਜਾਣ ਤੋਂ ਬਾਅਦ ਸਿੱਖ ਹਲਕਿਆਂ ਵੱਲੋਂ ਸ਼ੋਝਮਣੀ ਕਮੇਟੀ 'ਤੇ ਦਬਾਅ ਬਣਾਇਆ ਜਾ ਰਿਹਾ ਹੈ ਕਿ ਉਹ ਡੇਰਾ ਪੈਰੋਕਾਰਾਂ 'ਤੇ ਧਿਆਨ ਕੇਂਦਰਿਤ ਕਰੇ।

ਪੰਚਕੂਲਾ ਵਿੱਚ ਹੋਈਆਂ ਹਿੰਸਕ ਘਟਨਾਵਾਂ ਵਿਚ ਸਿੱਖ ਪਿਛੋਕੜ ਵਾਲੇ ਪਰਿਵਾਰਾਂ ਦੇ ਕਈ ਜੀਅ ਮੌਤ ਦੇ ਮੂੰਹ ਵਿਚ ਜਾ ਪਏ ਤੇ ਕਈ 'ਪ੍ਰੇਮੀਆਂ' ਦੀ ਹੈਸੀਅਤ ਵਿੱਚ ਘਰਾਂ ਤੋਂ ਫ਼ਰਾਰ ਹਨ। ਸਿੱਖ ਬੁੱਧੀਜੀਵੀ ਕੌਂਸਲ ਦੇ ਪ੍ਰਧਾਨ ਪ੍ਰੋ. ਬਲਦੇਵ ਸਿੰਘ ਬਲੂਆਣਾ ਦਾ ਕਹਿਣਾ ਹੈ ਕਿ ਹੁਣ ਬਦਲੇ ਹੋਏ ਹਾਲਾਤ ਵਿਚ ਸਿੱਖੀ ਨਾਲੋਂ ਬੇਮੁੱਖ ਹੋ ਕੇ ਡੇਰੇ ਨਾਲ ਜੁੜੇ ਲੋਕਾਂ ਨੂੰ ਮੁੜ ਸਿੱਖੀ ਵੱਲ ਲਿਆਉਣ ਵਾਸਤੇ ਸ਼੍ਰੋਮਣੀ ਕਮੇਟੀ ਨੂੰ ਪਹਿਲਕਦਮੀ ਕਰਨ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕ੍ਰਿਪਾਲ ਸਿੰਘ ਬੰਡੂਗਰ ਦਾ ਕਹਿਣਾ ਹੈ ਕਿ ਲੰਮੇ ਸਲਾਹ-ਮਸ਼ਵਰੇ ਮਗਰੋਂ ਹੀ ਇਸ ਸਬੰਧੀ ਕਿਸੇ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ। ਉਨ੍ਹਾਂ ਮੰਨਿਆ ਕਿ ਵੱਡੀ ਗਿਣਤੀ ਸੰਗਤ ਸ਼੍ਰੋਮਣੀ ਕਮੇਟੀ 'ਤੇ ਦਬਾਅ ਬਣਾ ਰਹੀ ਹੈ ਕਿ ਪ੍ਰੇਮੀਆਂ ਨੂੰ ਸਿੱਖੀ ਵੱਲ ਮੋੜਿਆ ਜਾਵੇ।



ਮ੍ਰਿਤਕ ਹਰੀ ਸਿੰਘ ਦੇ ਪੁੱਤਰ ਜਥੇਦਾਰ ਹਰਪ੍ਰੀਤ ਸਿੰਘ ਨਾਲ ਗੱਲਬਾਤ ਕਰਦੇ ਹੋਏ।

## ਡੇਰਾ ਸਮਰਥਕ 6 ਔਰਤਾਂ ਸਮੇਤ 24 ਖ਼ਿਲਾਫ਼ ਦੇਸ਼ ਧ੍ਰੋਹ ਦਾ ਕੇਸ ਦਰਜ

**ਸਿਰਸਾ/ਬਿਊਰੋ ਨਿਊਜ਼:** ਸਾਧਵੀਆਂ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਵਿਰੁੱਧ ਫੈਸਲਾ ਆਉਣ ਬਾਅਦ ਸਿਰਸਾ ਵਿੱਚ 6 ਔਰਤਾਂ ਸਮੇਤ 24 ਲੋਕਾਂ ਵਿਰੁੱਧ ਦੇਸ਼ ਧ੍ਰੋਹ ਦਾ ਕੇਸ ਦਰਜ ਕੀਤਾ ਗਿਆ ਹੈ। ਸਿਰਸਾ ਵਿੱਚ ਸਾਰੇ ਵਿਦਿਅਕ ਅਦਾਰੇ ਅਤੇ ਬੈਂਕ ਖੁੱਲ੍ਹ ਰਹਿਣਗੇ। ਇਨ੍ਹਾਂ ਤੋਂ ਇਲਾਵਾ 15 ਹੋਰ ਨੂੰ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਦੇਸ਼ ਧੋਹ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੀਆਂ 6 ਔਰਤਾਂ ਵਿੱਚੋਂ ਤਿੰਨ ਲੜਕੀਆਂ ਫਤਿਹਾਬਾਦ ਸ਼ਹਿਰ ਨਾਲ ਸਬੰਧਤ ਹਨ। ਇਨ੍ਹਾਂ ਦੇ ਨਾਂ ਗਰਿਮਾ ਅਤੇ ਨੇਹਾ, ਨੇਹਾਲ ਕਲੋਨੀ ਦੀਆਂ ਹਨ ਅਤੇ ਪਰੁਲ ਡੀਐਸਪੀ ਰੋਡ ਫਤਿਹਾਬਾਦ ਦੀ ਰਹਿਣ ਵਾਲੀ ਹੈ। ਇਨ੍ਹਾਂ ਦੀ ਉਮਰ ਵੀਹ ਸਾਲ ਦੇ ਕਰੀਬ ਹੈ। ਬਾਕੀ ਦੀਆਂ ਤਿੰਨ ਔਰਤਾਂ ਵਿੱਚ ਹਾਂਸੀ ਦੀ ਸ਼ੀਨਾ, ਸ਼ਾਹ ਸਤਨਾਮ ਚੌਕ ਸਿਰਸਾ ਦੀ ਅਮਰਜੀਤ ਕੌਰ ਅਤੇ ਗੁਰਜੀਤ ਕੌਰ ਵਾਸੀ ਸੁਖ ਨਗਰ ਕਲੋਨੀ ਸਿਰਸਾ ਸ਼ਾਮਲ ਹਨ। ਇਨ੍ਹਾਂ ਛੇ ਔਰਤਾਂ ਨੂੰ ਕੀਰਤੀ ਨਗਰ ਇਲਾਕੇ ਵਿੱਚ 25 ਅਗਸਤ ਨੂੰ ਸੁਰੱਖਿਆ ਬਲਾਂ ਦੇ ਬੇਰੀਕੇਡ ਕੋਲੋਂ ਗ੍ਰਿਫ਼ਤਾਰ ਕੀਤਾ ਹੈ। ਇਹ ਇੱਥੇ ਵੀਟਾ ਦੇ ਮਿਲਕ ਪਲਾਂਟ ਅਤੇ ਪਾਵਰ ਸਟੇਸ਼ਨ ਨੂੰ ਅੱਗ ਲਾਉਣ ਵਾਲੀ ਭੀੜ ਵਿੱਚ ਸ਼ਾਮਲ ਸਨ। ਇਨ੍ਹਾਂ ਤੋਂ ਇਲਾਵਾ 18 ਮਰਦਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਉੱਪਰ ਦੇਸ਼ ਧ੍ਰੋਹੀ, ਦੰਗੇ ਫੈਲਾਉਣ, ਇਰਾਦਾ ਕਤਲ, ਸਰਕਾਰੀ ਜਾਇਦਾਦ ਨੂੰ ਅੱਗ ਲਾਉਣ ਅਤੇ ਸਰਕਾਰੀ ਮੁਲਾਜ਼ਮਾਂ ਦੀ ਡਿਊਟੀ ਵਿੱਚ ਵਿਘਨ ਪਾਉਣ ਦੇ ਦੋਸ਼ ਲਾਏ ਗਏ ਹਨ। ਇਨ੍ਹਾਂ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ ਹਨ।

## ਮਾਲਵੇ ਦੇ ਵੱਡੀ ਗਿਣਤੀ ਡੇਰਾ ਪ੍ਰੇਮੀ ਹੋਏ ਰੂਪੋਸ਼

**ਬਠਿੰਡਾ/ਬਿਊਰੋ ਨਿਊਜ਼:** ਪੰਜਾਬ ਪੁਲੀਸ ਦੇ ਡਰੋਂ ਮਾਲਵੇ ਦੇ ਕਰੀਬ ਇੱਕ ਹਜ਼ਾਰ ਡੇਰਾ ਪ੍ਰੇਮੀ ਰੂਪੋਸ਼ ਹੋ ਗਏ ਹਨ, ਜਿਨ੍ਹਾਂ ਵਿਚੋਂ ਬਹੁਤੇ ਪ੍ਰੇਮੀਆਂ ਨੇ ਗੁਆਂਢੀ ਰਾਜਾਂ ਵਿਚ ਸ਼ਰਨ ਲਈ ਹੋਈ ਹੈ। ਅਦਾਲਤੀ ਫ਼ੈਸਲੇ ਤੋਂ ਪਹਿਲਾਂ ਹੀ ਡੇਰਾ ਆਗੂ ਤੇ ਪ੍ਰੇਮੀ ਆਪਣੇ ਘਰਾਂ ਤੋਂ ਚਲੇ ਗਏ ਸਨ ਤੇ ਬਹੁਤੇ ਆਗੂ ਪੰਚਕੂਲਾ ਹਿੰਸਾ ਮਗਰੋਂ ਇੱਧਰ-ਉਧਰ ਹੋ ਗਏ। ਬਠਿੰਡਾ ਤੇ ਮਾਨਸਾ ਵਿੱਚ ਤਾਂ ਡੇਰਾ ਪੈਰੋਕਾਰਾਂ ਦੀ ਵੱਡੀ ਗਿਣਤੀ ਹੀ ਹੈ ਜਦਕਿ ਮਾਲਵੇ ਦੇ ਕਰੀਬ 35 ਵਿਧਾਨ ਸਭਾ ਹਲਕਿਆਂ ਵਿੱਚ ਡੇਰਾ ਪੈਰੋਕਾਰ ਆਪਣੀ ਸਰਦਾਰੀ ਮੰਨਦੇ ਰਹੇ ਹਨ। ਹੁਣ ਡੇਰਾ ਆਗੂਆਂ ਨੇ ਆਪਣੇ ਮੋਬਾਈਲ ਫੋਨ ਵੀ ਬੰਦ ਕਰ ਲਏ ਹਨ। ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਮੈਂਬਰ, ਡੇਰਾ ਦੀ 45 ਮੈਂਬਰੀ ਕਮੇਟੀ ਅਤੇ ਬਲਾਕ ਕਮੇਟੀਆਂ ਦੇ ਮੈਂਬਰਾਂ ਦਾ ਵੀ ਇਹੀ ਹਾਲ ਹੈ।

ਪੁਲੀਸ ਨੇ ਇਨ੍ਹਾਂ ਆਗੂਆਂ ਦੇ ਘਰਾਂ ਦਾ ਗੇੜਾ ਲਾਇਆ ਤਾਂ ਸਭ ਗਾਇਬ ਮਿਲੇ। ਪੁਲੀਸ ਨੇ ਅਦਾਲਤੀ ਫ਼ੈਸਲੇ ਤੋਂ ਪਹਿਲਾਂ ਹੀ ਪ੍ਰਮੁੱਖ ਆਗੂਆਂ 'ਤੇ ਨਜ਼ਰ ਰੱਖੀ ਹੋਈ ਸੀ। ਬਠਿੰਡਾ ਪੁਲੀਸ ਨੇ ਤਾਂ ਦੋ ਭੰਗੀਦਾਸਾਂ ਖ਼ਿਲਾਫ਼ ਕੇਸ ਵੀ ਦਰਜ ਕੀਤਾ ਹੋਇਆ ਹੈ। ਬਠਿੰਡਾ ਜ਼ੋਨ ਦੀ ਪੁਲੀਸ ਨੇ ਹੁਣ ਤੱਕ ਕਰੀਬ 23 ਕੇਸ ਦਰਜ ਕੀਤੇ ਹਨ ਤੇ 80 ਡੇਰਾ ਪੈਰੋਕਾਰ ਜੇਲ੍ਹਾਂ ਵਿੱਚ ਪੁਜ ਗਏ ਹਨ। ਪਤਾ ਲੱਗਿਆ ਹੈ ਕਿ ਬਹੁਤੇ ਡੇਰਾ ਆਗੂ ਤਾਂ ਡੇਰਾ ਸਿਰਸਾ ਵਿੱਚ ਬੈਠੇ ਹਨ। ਮਾਨਸਾ ਜ਼ਿਲ੍ਹੇ ਦੇ 500 ਦੇ ਕਰੀਬ ਡੇਰਾ ਪ੍ਰੇਮੀ ਦੋ ਦਿਨਾਂ ਵਿੱਚ ਡੇਰੇ ਤੋਂ ਪਰਤੇ ਹਨ ਪਰ ਆਗੂ ਵਾਪਸ ਨਹੀਂ ਆਏ। ਗਾਇਬ ਹੋਏ ਆਗੂਆਂ ਦੀ ਪੁਲੀਸ ਵੱਲੋਂ ਪੈੜ ਨੱਪੀ ਜਾ ਰਹੀ ਹੈ। ਮਾਲਵੇ ਵਿੱਚ ਕਰੀਬ 80 ਡੇਰੇ ਅਤੇ ਨਾਮ ਚਰਚਾ ਘਰ ਹਨ, ਜਿਨ੍ਹਾਂ ਵਿੱਚ ਜਿਹੜੇ ਪਹਿਲਾਂ ਪੰਜ-ਪੰਜ, ਸੱਤ-ਸੱਤ ਪੈਰੋਕਾਰ ਬੈਠੇ ਸਨ, ਉਨ੍ਹਾਂ ਨੇ ਡੇਰੇ ਛੱਡ ਦਿੱਤੇ ਹਨ।

ਪੁਲੀਸ ਨੇ ਜ਼ਿਲ੍ਹਾ ਬਠਿੰਡਾ ਵਿਚੋਂ ਡੇਰਾ ਸਿਰਸਾ ਦੇ ਚਾਰ ਪ੍ਰਮੁੱਖ ਆਗੂਆਂ, ਮਾਨਸਾ ਵਿਚੋਂ ਦੋ ਅਤੇ ਮੁਕਤਸਰ ਵਿਚੋਂ ਇੱਕ ਪ੍ਰਮੁੱਖ ਆਗੂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਲਾਬਤਪੁਰਾ ਡੇਰੇ ਦੇ ਪ੍ਰਬੰਧਕ ਜੋਰਾ ਸਿੰਘ ਦਾ ਕਹਿਣਾ ਹੈ ਕਿ ਉਹ ਤਾਂ ਡੇਰੇ ਦੇ ਅੰਦਰ ਹਨ ਅਤੇ ਉਸ ਦਾ ਬਾਕੀ ਪੈਰੋਕਾਰਾਂ ਨਾਲ ਕੋਈ ਸੰਪਰਕ ਨਹੀਂ ਹੈ, ਜਿਸ ਕਰ ਕੇ ਉਸ ਨੂੰ ਡੇਰਾ ਪ੍ਰੇਮੀਆਂ ਦੇ ਰੂਪੋਸ਼ ਹੋਣ ਦੀ ਕੋਈ ਸੂਚਨਾ ਨਹੀਂ ਹੈ। ਬਠਿੰਡਾ ਜ਼ੋਨ ਦੇ ਆਈ.ਜੀ ਮੁਖਵਿੰਦਰ ਸਿੰਘ ਛੀਨਾ ਨੇ ਕਿਹਾ ਕਿ ਡੇਰਾ ਪੈਰੋਕਾਰਾਂ ਵੱਲੋਂ ਜ਼ੋਨ ਵਿੱਚ ਕੀਤੀਆਂ ਸਾਰੀਆਂ ਵਾਰਦਾਤਾਂ ਟਰੇਸ ਕਰ ਲਈਆਂ ਗਈਆਂ ਹਨ ਅਤੇ 23 ਕੇਸ ਦਰਜ ਕੀਤੇ ਗਏ ਹਨ।

# ਸਿਰਸਾ ਨੇੜੇ ਗੱਡੀ ਸਾੜੀ, ਡੇਰਾ ਛੱਡ ਕੇ ਜਾ ਰਹੇ ਸਮਰਥਕ

**ਸਿਰਸਾ/ਬਿਊਰੋ ਨਿਊਜ਼**

ਡੇਰਾ ਮੁਖੀ ਨੂੰ ਸਜ਼ਾ ਸੁਣਾਏ ਜਾਣ ਬਾਅਦ ਕੁਝ ਅਣਪਛਾਤੇ ਲੋਕਾਂ ਨੇ ਸਿਰਸਾ ਨੇੜੇ ਕੋਟਲੀ ਪਿੰਡ ਵਿਚ ਇਕ ਕਾਰ ਸਾੜ ਦਿੱਤੀ। ਸਿਰਸਾ ਵਿਚ ਅਜੇ ਵੀ ਕਰਫਿਊ ਜਾਰੀ ਹੈ। ਡੇਰਾ ਪ੍ਰੇਮੀ ਡੇਰੇ ਨੂੰ ਛੱਡ ਕੇ ਆਪਣੇ ਘਰਾਂ ਨੂੰ ਜਾ ਰਹੇ ਹਨ। ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਡੇਰੇ ਦੇ ਮੁੱਖ ਦਫ਼ਤਰ ਤੋਂ 10 ਕਿੱਲੋਮੀਟਰ ਦੀ ਦੂਰੀ 'ਤੇ ਸਥਿਤ ਕੋਟਲੀ ਪਿੰਡ ਦੇ ਨੇੜੇ ਕੁਝ ਅਣਪਛਾਤੇ ਲੋਕਾਂ ਨੇ ਇਕ ਲਗਜ਼ਰੀ ਕਾਰ ਸਾੜ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਅਜਿਹਾ ਲੱਗ ਰਿਹਾ ਹੈ ਕਿ ਇਸ ਵਿਚ ਡੇਰਾ ਪ੍ਰੇਮੀ ਸ਼ਾਮਿਲ ਹਨ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪਿੰਡ ਦੇ ਸਰਪੰਚ ਦਾ ਬਿਆਨ ਦਰਜ ਕੀਤਾ ਜਾ ਰਿਹਾ ਹੈ। ਪਿੰਡ ਵਾਸੀਆਂ ਅਨੁਸਾਰ ਕੋਟਲੀ ਪਿੰਡ ਵਿਚ ਕੁਝ ਲੋਕ ਦੋ ਕਾਰਾਂ ਵਿਚ ਆਏ ਸਨ। ਲੋਕਾਂ ਨੇ ਦੱਸਿਆ ਕਿ ਇਕ ਕਾਰ ਦੇ ਲੋਕ ਬਾਹਰ ਆਏ ਅਤੇ ਉਨ੍ਹਾਂ ਨੇ ਵਾਹਨ ਸਾੜ ਦਿੱਤਾ ਅਤੇ ਦੂਜੀ ਕਾਰ ਵਿਚ ਬੈਠ ਕੇ ਫਰਾਰ ਹੋ ਗਏ। ਕਰਫਿਊ ਵਿਚ ਢਿੱਲ ਦਿੱਤੇ ਜਾਣ ਤੋਂ ਬਾਅਦ ਹੁਣ ਤਕ 7 ਹਜ਼ਾਰ ਲੋਕ ਆਪਣੇ ਘਰਾਂ ਨੂੰ ਜਾ ਚੁੱਕੇ ਹਨ। ਫ਼ੌਜ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਡੇਰਾ ਖਾਲੀ ਕੀਤੇ ਜਾਣ ਦੀ ਚਿਤਾਵਨੀ ਤੋਂ ਬਾਅਦ ਵੱਡੀ



ਗਿਣਤੀ ਵਿਚ ਸ਼ਰਧਾਲੂ ਡੇਰੇ ਤੋਂ ਨਿਕਲਣਾ ਸ਼ੁਰੂ ਹੋ ਗਏ ਸਨ। ਜ਼ਿਲ੍ਹਾ ਪ੍ਰਸ਼ਾਸਨ ਨੇ ਡੇਰਾ ਸਮਰਥਕਾਂ ਨੂੰ ਇੱਥੋਂ ਅੱਗੇ ਤਕ ਪਹੁੰਚਾਉਣ ਲਈ ਹਰਿਆਣਾ ਰੋਡਵੇਜ਼ ਦੀਆਂ ਬੱਸਾਂ ਮੁਫ਼ਤ ਮੁਹੱਈਆ ਕਰਵਾਈਆਂ ਸਨ। ਫ਼ੌਜ ਦੀ ਚਿਤਾਵਨੀ ਤੋਂ ਬਾਅਦ ਡੇਰਾ ਸਮਰਥਕਾਂ ਵਿਚ ਇਕ-ਦੂਜੇ ਤੋਂ ਪਹਿਲਾਂ ਨਿਕਲਣ ਦੀ ਦੌੜ ਲੱਗ ਗਈ ਸੀ। ਡੇਰਾ ਸਮਰਥਕ, ਡੇਰੇ ਦੇ ਸਕੂਲਾਂ ਵਿਚ ਪੜ੍ਹ ਰਹੇ ਬੱਚੇ ਅਤੇ ਵੱਖ-ਵੱਖ ਸੰਸਥਾਵਾਂ ਵਿਚ ਕੰਮ ਕਰਨ ਵਾਲੇ ਲੋਕ ਨਿਕਲਣਾ ਸ਼ੁਰੂ ਹੋ ਗਏ। ਦੇਰ ਰਾਤ ਤਕ ਡੇਰੇ ਤੋਂ ਲੋਕ ਬਾਹਰ ਆਉਂਦੇ ਰਹੇ। ਡੇਰੇ ਤੋਂ ਜੋ ਵੀ ਲੋਕ ਬਾਹਰ ਆ ਰਹੇ ਸਨ ਉਨ੍ਹਾਂ ਦੀ ਪੂਰੀ ਤਲਾਸ਼ੀ ਲੈ ਕੇ ਉਨ੍ਹਾਂ ਨੂੰ ਬੱਸਾਂ ਵਿਚ ਭੇਜਿਆ ਜਾ ਰਿਹਾ ਸੀ। ਡੇਰਾ ਸਿਰਸਾ 'ਚ ਹਾਲੇ ਵੀ ਹਜ਼ਾਰਾਂ ਦੀ ਗਿਣਤੀ ਵਿਚ ਡੇਰਾ ਸਮਰਥਕ ਮੌਜੂਦ ਹਨ। ਡੇਰੇ ਦੇ ਖਾਤੇ ਜ਼ਿਆਦਾਤਰ ਸਿਰਸਾ ਵਿਚ ਹੀ ਸਨ ਜਿਨ੍ਹਾਂ ਬਾਰੇ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਭੇਜ ਦਿੱਤੀ ਗਈ ਹੈ। ਨੁਕਸਾਨ ਦੀ ਭਰਪਾਈ ਹਾਈ ਕੋਰਟ ਦੇ ਹੁਕਮਾਂ ਅਨੁਸਾਰ ਕੀਤੀ ਜਾਵੇਗੀ। ਇਸ ਮੌਕੇ 'ਤੇ ਹਿਸਾਰ ਰੇਂਜ ਦੇ ਆਈ.ਜੀ. ਅਮਿਤਾਭ ਸਿੰਘ ਢਿੱਲੋਂ ਨੇ ਕਿਹਾ ਕਿ ਜੋ ਲੋਕ ਹਿੰਸਾ 'ਚ ਸ਼ਾਮਿਲ ਸਨ, ਉਨ੍ਹਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕਰ ਕੇ ਕਾਰਵਾਈ ਕੀਤੀ ਜਾਵੇਗੀ।

# ਗੁਰਦੁਆਰਾ ਛੋਟਾ ਘੱਲੂਘਾਰਾ ਵਿਵਾਦ ’ਚ ਮੁਤਵਾਜ਼ੀ ਜਥੇਦਾਰਾਂ ਨੇ 3 ਮੈਂਬਰੀ ਕਮੇਟੀ ਬਣਾਈ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਅਕਾਲ ਤਖ਼ਤ ਦੇ ਮੁਤਵਾਜ਼ੀ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਇੱਥੇ ਕਿਹਾ ਕਿ 11 ਅਗਸਤ ਨੂੰ ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ਵਾਪਰੀ ਘਟਨਾ ਅਤੇ ਉਸ ਮਗਰੋਂ ਪੈਦਾ ਹੋਏ ਹਾਲਾਤ ਦੀ ਸਚਾਈ ਦਾ ਪਤਾ ਲਾਉਣ ਲਈ ਉਨ੍ਹਾਂ ਵੱਲੋਂ ਥਾਪੀ ਤਿੰਨ ਮੈਂਬਰੀ ਕਮੇਟੀ 30 ਅਗਸਤ ਤੱਕ ਰਿਪੋਰਟ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਨਾਂ ਬਿਨਾਂ ਗੱਲੋਂ ਉਛਾਲਿਆ ਜਾ ਰਿਹਾ ਹੈ, ਜਦੋਂ ਕਿ ਉਹ ਇਸ ਮਾਮਲੇ ਵਿੱਚ ਸ਼ਾਮਲ ਨਹੀਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਆਗੂ ਸੁੱਚਾ ਸਿੰਘ ਲੰਗਾਹ ਅਤੇ ਸੇਵਾ ਸਿੰਘ ਸੇਖਵਾਂ ਨੇ ਗਿਆਨੀ ਗੁਰਬਚਨ ਸਿੰਘ ਨੂੰ ਨਾਲ ਲੈ ਕੇ ਗੁਰਦੁਆਰੇ ’ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ ਸੰਗਤ ਨੇ ਅਸਫ਼ਲ ਬਣਾ ਦਿੱਤਾ। ਭਾਈ ਧਿਆਨ ਸਿੰਘ ਮੰਡ ਅਤੇ ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਅੱਜ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੁਰਦੁਆਰੇ ਵਿਚ



ਮੀਡੀਆ ਨਾਲ ਗੱਲਬਾਤ ਕਰਦੇ ਹੋਏ ਭਾਈ ਧਿਆਨ ਸਿੰਘ ਮੰਡ ਤੇ ਬਲਜੀਤ ਸਿੰਘ ਦਾਦੂਵਾਲ।

ਵਾਪਰੀ ਬਦ-ਇਖਲਾਕੀ ਦੀ ਘਟਨਾ ਨਿੰਦਣਯੋਗ ਹੈ। ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਸੁਰਜੀਤ ਸਿੰਘ ਕਾਲਾਬੂਲਾ, ਭਾਈ ਸੁਰਜੀਤ ਸਿੰਘ ਕਾਲਾ ਤੁਗਲਵਾਲ ਤੇ ਬਾਬਾ ਪਰਦੀਪ ਸਿੰਘ ਚਾਂਦਪੁਰੀ ਆਧਾਰਤ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ 30 ਅਗਸਤ ਤੱਕ ਰਿਪੋਰਟ ਪੇਸ਼ ਕਰੇਗੀ। ਰਿਪੋਰਟ ਆਉਣ ’ਤੇ ਸਾਰਾ ਸੱਚ ਸਾਹਮਣੇ ਆ ਜਾਵੇਗਾ। ਉਨ੍ਹਾਂ ਕਿਹਾ ਕਿ ਸੰਗਤ ਦੀ ਮੰਗ ਅਨੁਸਾਰ ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ ਤੇ ਸਾਥੀਆਂ ਨੂੰ ਅਕਾਲ ਤਖ਼ਤ ’ਤੇ ਤਲਬ ਕੀਤਾ ਜਾ ਸਕਦਾ ਹੈ। ਜੇਕਰ ਟਰੱਸਟ ਦੇ ਪ੍ਰਧਾਨ ਮਾਸਟਰ ਜੌਹਲ ਸਿੰਘ ਵੀ ਕਸੂਰਵਾਰ ਹੋਏ ਤਾਂ ਉਨ੍ਹਾਂ ਨੂੰ ਵੀ ਤਲਬ ਕੀਤਾ ਜਾਵੇਗਾ। ਉਨ੍ਹਾਂ ਡੇਰਾ ਵਿਵਾਦ ਬਾਰੇ ਕਿਹਾ ਕਿ ਇਹ ਮਾਮਲਾ ਅਦਾਲਤ ਤੇ ਡੇਰਾ ਮੁਖੀ ਵਿਚਾਲੇ ਹੈ, ਸਿੱਖਾਂ ਨੂੰ ਇਸ ਵਿੱਚ ਨਹੀਂ ਆਉਣਾ ਚਾਹੀਦਾ ਪਰ ਸਿੱਖ ਸੁਚੇਤ ਜ਼ਰੂਰ ਰਹਿਣ। ਇਸ ਮੌਕੇ ਭਾਈ ਜਰਨੈਲ ਸਿੰਘ ਸਖੀਰਾ ਤੇ ਹਰਬੀਰ ਸਿੰਘ ਸੰਧੂ ਵੀ ਸ਼ਾਮਲ ਸਨ।

**ਕਾਹਨੂੰਵਾਨ :** ਮੁਤਵਾਜ਼ੀ ਜਥੇਦਾਰ ਭਾਈ ਬਲਜੀਤ ਸਿੰਘ ਦਾਦੂਵਾਲ ਆਪਣੇ ਸਾਥੀਆਂ ਸਮੇਤ ਗੁਰਦੁਆਰਾ ਘੱਲੂਘਾਰਾ ਸਾਹਿਬ ਪੁੱਜੇ। ਉਨ੍ਹਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਟਰੱਸਟ ਦੇ ਮੈਂਬਰਾਂ ਨਾਲ ਵਿਚਾਰਾਂ ਕੀਤੀਆਂ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਜਥੇਦਾਰ ਗੁਰਦੁਆਰਿਆਂ ਵਿੱਚ ਵਾਪਰੀਆਂ ਘਟਨਾਵਾਂ ਲਈ ਦੋਹਰੇ ਮਾਪਦੰਡ ਅਪਨਾ ਰਹੇ ਹਨ।

## ਹੁਣ ਗੁਰਦੁਆਰਾ ਛੋਟਾ ਘੱਲੂਘਾਰਾ ’ਚ ਅਸ਼ਲੀਲ ਟੁਆਇਲਟ ਸੀਟ ਕਾਰਨ ਮਾਮਲਾ ਭਖਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਅਨੈਤਿਕ ਕਾਰਵਾਈ ਦੇ ਪ੍ਰਗਟਾਵੇ ਬਾਅਦ ਅਕਾਲੀਆਂ ਅਤੇ ਕਾਂਗਰਸੀਆਂ ਦੀ ਰਾਜਸੀ ਰੱਸਾਕਸ਼ੀ ਕਾਰਨ ਚਰਚਾ ਵਿੱਚ ਆਏ ਜ਼ਿਲ੍ਹਾ ਗੁਰਦਾਸਪੁਰ ਵਿੱਚ ਪੈਂਦੇ ਗੁਰਦੁਆਰਾ ਛੋਟਾ ਘੱਲੂਘਾਰਾ ਵਿੱਚ ਅਸ਼ਲੀਲ ਟਾਇਲੈੱਟ ਸੀਟ ਨੇ ਇੱਕ ਵਾਰ ਫਿਰ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ ਹੈ। ਪਿਛਲੇ ਪੰਦਰਾਂ ਦਿਨ ਤੋਂ ਵਿਗੜੇ ਹਾਲਾਤ ਕਾਰਨ ਸ਼ਰਧਾਲੂ ਗੁਰਦੁਆਰੇ ਵਿੱਚ ਮੱਥਾ ਟੇਕਣ ਤੋਂ ਵੀ ਬੇਵਸ ਹਨ ਪਰ ਰਾਜਸੀ ਆਗੂ ਹਰ ਸਮੇਂ ਲਾਹਾ ਲੈਣ ਦੀ ਤਾਕ ਵਿੱਚ ਹਨ।



ਤਾਜ਼ਾ ਵਿਵਾਦ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਦੇ ਦਫਤਰ ਦੇ ਨਾਲ ਬਣਾਏ ਪਖਾਨੇ ਵਿੱਚ ਲੱਗੀ ਅਸ਼ਲੀਲ ਟਾਇਲਟ ਸੀਟ ਨੂੰ ਲੈ ਕੇ ਭੜਕਿਆ ਹੈ। 11 ਅਗਸਤ ਨੂੰ ਇੱਕ ਸ਼ਰਧਾਲੂ ਵੱਲੋਂ ਬਣਾਈ ਵੀਡੀਓ ਰੁਕ-ਰੁਕ ਕੇ ਅੱਗ ਲਾ ਰਹੀ ਹੈ। ਸ਼ਰਧਾਲੂ ਵੱਲੋਂ ਕੀਤੇ ਸਟਿੰਗ ਅਪਰੇਸ਼ਨ ਵਿੱਚ ਕਿ ਕਿਵੇਂ ਔਰਤ ਨੂੰ ਗੁਰਦੁਆਰੇ ਦੇ ਪ੍ਰਬੰਧਕਾਂ ਵਾਲੇ ਰਿਹਾਇਸ਼ੀ ਖੇਤਰ ਵਿੱਚ ਲਿਆਂਦਾ ਗਿਆ, ਦਿਖਾਇਆ ਗਿਆ ਹੈ। ਸੰਗਤ ਵੱਲੋਂ ਪ੍ਰਬੰਧਕ ਕਮੇਟੀ ਦਾ ਇੱਕ ਮੁੱਖ ਆਗੂ ਬੂਟਾ ਸਿੰਘ ਫੜਿਆ ਗਿਆ। ਇਸ ਨੂੰ ਬਾਅਦ ਵਿੱਚ ਔਰਤ ਸਣੇ ਪੁਲੀਸ ਨੇ ਉਸ ਨੂੰ ਗ੍ਰਿਫ਼ਤਾਰ ਵੀ ਕਰ ਲਿਆ। ਬਾਅਦ ਵਿੱਚ ਹੁਣ ਤਾਜ਼ਾ ਵਿਵਾਦ ਦਾ ਧੁਰਾ ਬਣੀ ਟਾਇਲੈੱਟ ਸੀਟ ਨੂੰ ਵੀ ਹਟਾ ਦਿੱਤਾ ਗਿਆ ਹੈ। ਜਦੋਂ ਇਸ ਗੁਰਦੁਆਰੇ ਵਿੱਚ ਰਾਜਨੀਤੀ ਦਾ ਅਖਾੜਾ ਭਖਣ ਲੱਗਾ ਤਾਂ ਇਲਾਕੇ ਦੇ ਦੋ ਸ਼੍ਰੋਮਣੀ ਕਮੇਟੀ ਮੈਂਬਰਾਂ ਸੇਵਾ ਸਿੰਘ ਸੇਖਵਾਂ ਅਤੇ ਸੁੱਚਾ ਸਿੰਘ ਲੰਗਾਹ ਨੇ ਪਸਚਾਤਾਪ ਵੱਲੋਂ ਅਖੰਡ ਪਾਠ ਰੱਖਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਬੁਲਾ ਲਿਆ। ਪਾਠ ਸ਼ੁਰੂ ਹੋ ਗਏ ਪਰ ਰਾਜ ਸਭਾ ਦੇ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਨਜ਼ਦੀਕੀ ਦੱਸੇ ਜਾਂਦੇ ਕਾਂਗਰਸ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭਿੰਦਾ ਨੇ ਆਪਣੇ ਹਮਾਇਤੀਆਂ ਨਾਲ ਉੱਥੋਂ ਸ਼੍ਰੋਮਣੀ ਕਮੇਟੀ ਦੇ ਪਾਠੀਆਂ ਨੂੰ ਖਦੇੜ ਦਿੱਤਾ ਅਤੇ ਪਾਠ ਰੋਕ ਦਿੱਤੇ। ਇਸ ਦੌਰਾਨ ਗੱਲਬਾਤ ਕਰਦਿਆਂ ਜਥੇਦਾਰ ਲੰਗਾਹ ਅਤੇ ਸੇਖਵਾਂ ਨੇ ਗੁਰਦੁਆਰੇ ਉੱਤੇ ਕਬਜ਼ੇ ਦੀ ਕਿਸੇ ਪ੍ਰਕਾਰ ਦੀ ਕੋਸ਼ਿਸ਼ ਤੋਂ ਇਨਕਾਰ ਕੀਤਾ ਹੈ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਨੇ ਗੁਰਦੁਆਰੇ ਉੱਤੇ ਕਬਜ਼ੇ ਦੀ ਕੋਈ ਕੋਸ਼ਿਸ਼ ਨਹੀਂ ਕੀਤੀ।

## ਘੱਲੂਘਾਰਾ ਵਿਵਾਦ: ਗ੍ਰਿਫ਼ਤਾਰੀ ਦੇ ਡਰੋਂ ਕਈ ਆਗੂ ਰੂਪੋਸ਼ ਹੋਏ

**ਕਾਹਨੂੰਵਾਨ/ਬਿਊਰੋ ਨਿਊਜ਼ :** ਗੁਰਦੁਆਰਾ ਛੋਟਾ ਘੱਲੂਘਾਰਾ ਵਿਖੇ ਚੱਲ ਰਹੇ ਵਿਵਾਦ ਨੂੰ ਲੈ ਕੇ ਪੈਦਾ ਹੋਏ ਨਾਜ਼ੁਕ ਹਾਲਾਤ ਨੂੰ ਦੇਖਦੇ ਹੋਏ 20 ਅਗਸਤ ਨੂੰ ਜ਼ਿਲ੍ਹਾ ਪੁਲੀਸ ਵੱਲੋਂ ਵੱਖ ਵੱਖ ਥਾਵਾਂ ਉੱਤੇ ਲਾਏ ਗਏ ਨਾਕਿਆਂ ਅਤੇ ਰੋਕਾਂ ਨੂੰ ਤੋੜਦਿਆਂ ਗੁਰਦੁਆਰੇ ਅੰਦਰ ਦਾਖਲ ਹੋਏ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਅਤੇ ਐਸਜੀਪੀਸੀ ਦੇ ਮੈਂਬਰਾਂ ਸਮੇਤ ਕਰੀਬ 280 ਜਣਿਆਂ ਨੂੰ ਨਾਮਜ਼ਦ ਕੀਤਾ ਗਿਆ ਸੀ। ਪੁਲੀਸ ਵੱਲੋਂ ਥਾਣਾ ਭੈਣੀ ਮੀਆਂ ਖਾਂ ਵਿੱਚ 250 ਅਣਪਛਾਤੇ ਵਿਅਕਤੀਆਂ ਸਮੇਤ 280 ਵਿਅਕਤੀਆਂ ’ਤੇ ਕੇਸ ਦਰਜ ਕਰਨ ਤੋਂ ਇਲਾਵਾ ਥਾਣਾ ਦੀਨਾਨਗਰ ਦੇ ਮੁਖੀ ਬਲਦੇਵ ਰਾਜ ਸ਼ਰਮਾ ਦੇ ਬਿਆਨਾਂ ਦੇ ਆਧਾਰ ਉੱਤੇ ਥਾਣਾ ਤਿਬੜ ਵਿੱਚ ਵੱਖ ਵੱਖ ਸਿਆਸੀ ਪਾਰਟੀਆਂ ਦੇ ਸੱਤ ਪ੍ਰਮੁੱਖ ਆਗੂਆਂ ਅਤੇ 250 ਅਣਪਛਾਣਿਆਂ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਪੁਲੀਸ ਵੱਲੋਂ ਦੋਹਾਂ ਥਾਣਿਆਂ ਵਿੱਚ ਧਾਰਾ 448, 511, 454, 427, 148, 149 ਤੋਂ ਇਲਾਵਾ ਥਾਣਾ ਤਿਬੜ ਵਿੱਚ ਲੋਕਾਂ ਨੂੰ ਭੜਕਾਉਣ ਦੇ ਦੋਸ਼ਾਂ ਹੇਠ ਧਾਰਾ 332 ਤਹਿਤ ਕੇਸ ਦਰਜ ਕੀਤਾ ਗਿਆ ਸੀ ਪਰ ਕੇਸ ਦਰਜ ਹੋਣ ਮਗਰੋਂ ਅਕਾਲੀ ਆਗੂ ਅਤੇ ਐਸਜੀਪੀਸੀ ਮੈਂਬਰ ਜਥੇਦਾਰ ਸੇਵਾ ਸਿੰਘ ਸੇਖਵਾਂ, ਸੁੱਚਾ ਸਿੰਘ ਲੰਗਾਹ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਪਰਮਵੀਰ ਸਿੰਘ ਲਾਡੀ, ਸੁਖਬੀਰ ਸਿੰਘ ਵਾਹਲਾ, ਗੁਰਿੰਦਰ ਸਿੰਘ ਗੋਰਾ ਅਤੇ ‘ਆਪ’ ਦੇ ਮਾਝਾ ਜ਼ੋਨ ਦੇ ਪ੍ਰਧਾਨ ਕੰਵਲਪ੍ਰੀਤ ਸਿੰਘ ਕਾਕੀ ਸਮੇਤ ਹੋਰ ਅਣਪਛਾਤੇ ਵਿਅਕਤੀ ਰੂਪੋਸ਼ ਹੋ ਗਏ ਹਨ, ਜਿਨ੍ਹਾਂ ਦੀ ਗ੍ਰਿਫ਼ਤਾਰੀ ਜ਼ਿਲ੍ਹਾ ਪੁਲੀਸ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਜ਼ਿਆਦਾਤਰ ਆਗੂ ਆਪਣੀ ਗ੍ਰਿਫ਼ਤਾਰੀ ਦੇ ਡਰੋਂ ਪੰਜਾਬ ਤੋਂ ਬਾਹਰ ਚਲੇ ਗਏ ਹਨ। ਲਿਹਾਜ਼ਾ ਕਿਸੇ ਅਣਸੁਖਾਵੀਂ ਘਟਨਾ ਨੂੰ ਲੈ ਕੇ ਗੁਰਦੁਆਰੇ ਨੂੰ ਜਾਂਦੇ ਸਾਰੇ ਰਸਤਿਆਂ ਅਤੇ ਗੁਰਦੁਆਰਾ ਕੰਪਲੈਕਸ ਅੰਦਰ ਵੱਡੀ ਗਿਣਤੀ ਵਿੱਚ ਪੁਲੀਸ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਤਾਇਨਾਤ ਕੀਤਾ ਹੋਇਆ ਹੈ ਪਰ ਫ਼ਿਲਹਾਲ ਨਾਮਜ਼ਦ ਆਗੂਆਂ ਦੀ ਗ੍ਰਿਫ਼ਤਾਰੀ ਦਾ ਮਾਮਲਾ ਪੁਲੀਸ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਜ਼ਿਲ੍ਹਾ ਪੁਲੀਸ ਮੁਖੀ ਭੁਪਿੰਦਰਜੀਤ ਸਿੰਘ ਵਿਰਕ ਨੇ ਕਿਹਾ ਕਿ ਇਸ ਸਬੰਧੀ ਜਾਂਚ ਚੱਲ ਰਹੀ ਹੈ। ਇਸ ਮਸਲੇ ਵਿੱਚ ਜ਼ਿਲ੍ਹੇ ਦੀ ਕਾਨੂੰਨ ਵਿਵਸਥਾ ਨੂੰ ਬਣਾਈ ਰੱਖਣ ਲਈ ਪੁਲੀਸ ਹਰ ਤਰ੍ਹਾਂ ਮੁਸਤੈਦ ਰਹੇਗੀ।

## ਛੇੜਛਾੜ ਦੇ ਦੋਸ਼ਾਂ ’ਚ ਘਿਰੇ ਗ੍ਰੰਥੀ ਨੇ ਕੀਤੀ ਖ਼ੁਦਕੁਸ਼ੀ

**ਨਡਾਲਾ/ਬਿਊਰੋ ਨਿਊਜ਼ :** ਥਾਣਾ ਭੁਲੱਥ ਅਧੀਨ ਆਉਂਦੇ ਪਿੰਡ ਖਲੀਲ ਦੇ ਗੁਰਦੁਆਰੇ ਦੇ ਗ੍ਰੰਥੀ ਭਾਈ ਜੋਗਿੰਦਰ ਸਿੰਘ (50 ਸਾਲ) ਪੁੱਤਰ ਸ਼ੰਗਾਰਾ ਸਿੰਘ ਨੇ ਆਪਣੇ ਘਰ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਗ੍ਰੰਥੀ ਨੇ ਪਿੰਡ ਦੀ ਇੱਕ ਔਰਤ ਵੱਲੋਂ ਲਾਏ ਛੇੜਛਾੜ ਦੇ ਦੋਸ਼ਾਂ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਇਹ ਗੱਲ ਖ਼ੁਦਕੁਸ਼ੀ ਨੋਟ ਤੋਂ ਸਾਹਮਣੇ ਆਈ ਹੈ।

ਗ੍ਰੰਥੀ ਜੋਗਿੰਦਰ ਸਿੰਘ ਨੇ ਖ਼ੁਦਕੁਸ਼ੀ ਨੋਟ ਵਿੱਚ ਲਿਖਿਆ ਕਿ ਪਿੰਡ ਦੀ ਇੱਕ ਔਰਤ ਨੇ ਉਸ ਨੂੰ ਕਿਸੇ ਬਹਾਨੇ ਘਰ ਬੁਲਾਇਆ ਅਤੇ ਛੇੜਛਾੜ ਦੇ ਦੋਸ਼ ਲਾਏ, ਇਸ ਕਾਰਨ ਉਹ ਖ਼ੁਦਕੁਸ਼ੀ ਕਰਨ ਲੱਗਿਆ ਹੈ। ਗ੍ਰੰਥੀ ਨੇ ਖ਼ੁਦਕੁਸ਼ੀ ਨੋਟ ਵਿੱਚ ਔਰਤ ਦੇ ਨਾਮ ਦਾ ਵੀ ਜ਼ਿਕਰ ਕੀਤਾ ਹੈ। ਗ੍ਰੰਥੀ ਜੋਗਿੰਦਰ ਸਿੰਘ ਪਿੰਡ ਬਾਗਵਾਨਪੁਰ ਦਾ ਰਹਿਣ ਵਾਲਾ ਸੀ ਤੇ ਪਿਛਲੇ ਦਸ ਸਾਲਾਂ ਤੋਂ ਪਿੰਡ ਖਲੀਲ ਵਿੱਚ ਗ੍ਰੰਥੀ ਵਜੋਂ ਸੇਵਾ ਕਰ ਰਿਹਾ ਸੀ।

ਖ਼ੁਦਕੁਸ਼ੀ ਦੀ ਘਟਨਾ ਦੀ ਸੂਚਨਾ ਮਿਲਦੇ ਹੀ ਏਐਸਪੀ ਭੁਲੱਥ ਗੌਰਵ ਤੂਰਾ ਤੇ ਭੁਲੱਥ ਦੇ ਥਾਣਾ ਮੁਖੀ ਅਮਰ ਨਾਥ ਮੌਕੇ ’ਤੇ ਪੁੱਜੇ। ਉਨ੍ਹਾਂ ਲਾਸ਼ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤੀ ਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਏਐਸਪੀ ਨੇ ਕਿਹਾ ਕਿ ਖ਼ੁਦਕੁਸ਼ੀ ਨੋਟ ਤੇ ਹੋਰ ਸਬੂਤਾਂ ਦੇ ਆਧਾਰ ’ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## ਗੁਰਦੁਆਰਾ ਛੋਟਾ ਘੱਲੂਘਾਰਾ ਦੀ ਪ੍ਰਬੰਧਕੀ ਕਮੇਟੀ ਵਲੋਂ ਜਥੇਦਾਰ ਨੂੰ ਮਾਨਤਾ ਦੇਣ ਤੋਂ ਇਨਕਾਰ

**ਅੰਮ੍ਰਿਤਸਰ/ਬਿਊਰੋ ਨਿਊਜ਼:** ਜ਼ਿਲ੍ਹਾ ਗੁਰਦਾਸਪਰ ਦੇ ਗੁਰਦੁਆਰਾ ਛੋਟਾ ਘੱਲੂਘਾਰਾ ਦੀ ਪ੍ਰਬੰਧਕੀ ਕਮੇਟੀ ਦੇ ਆਗੂਆਂ ਨੇ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਨੂੰ ਮਾਨਤਾ ਦੇਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਉਹ ਪਿਛਲੇ ਦਿਨੀਂ ਵਾਪਰੀ ਘਟਨਾ ਸਬੰਧੀ ਕੋਈ ਸਪਸ਼ਟੀਕਰਨ ਨਹੀਂ ਦੇਣਗੇ। ਉਹ ਇਸ ਸਬੰਧੀ ਮੁਤਵਾਜ਼ੀ ਜਥੇਦਾਰਾਂ ਕੋਲ ਪੇਸ਼ ਹੋਣ ਅਤੇ ਉਨ੍ਹਾਂ ਵੱਲੋਂ ਦਿੱਤਾ ਜਾਣ ਵਾਲਾ ਫ਼ੈਸਲਾ ਮੰਨਣ ਨੂੰ ਤਿਆਰ ਹਨ।

ਗੁਰਦੁਆਰਾ ਪ੍ਰਬੰਧਕੀ ਕਮੇਟੀ ਦੇ ਆਗੂ ਮਾਸਟਰ ਜੌਹਰ ਸਿੰਘ ਨੇ ਦੋਸ਼ ਲਾਇਆ ਕਿ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਕਥਿਤ ਤੌਰ ’ਤੇ ਇੱਕ ਧਿਰ ਦਾ ਸਿਆਸੀ ਹਿੱਤਾਂ ਲਈ ਸਾਥ ਦੇ ਰਹੇ ਹਨ, ਜਿਸ ਕਾਰਨ ਤਣਾਅ ਵਧਿਆ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖ਼ਤ ’ਤੇ ਪੇਸ਼ ਹੋਣ ਅਤੇ ਸਪਸ਼ਟੀਕਰਨ ਦੇਣ ਦੀ ਮਿਤੀ ਅੱਗੇ ਪਾ ਕੇ 4 ਸਤੰਬਰ ਤੈਅ ਕੀਤੀ ਗਈ ਹੈ ਪਰ ਉਹ ਗਿਆਨੀ ਗੁਰਬਚਨ ਸਿੰਘ ਅੱਗੇ ਪੇਸ਼ ਨਹੀਂ ਹੋਣਗੇ। ਉਨ੍ਹਾਂ ਸਪਸ਼ਟ ਕੀਤਾ ਕਿ ਉਹ ਅਕਾਲ ਤਖ਼ਤ ਨੂੰ ਸਮਰਪਿਤ ਹਨ ਪਰ ਗਿਆਨੀ ਗੁਰਬਚਨ ਸਿੰਘ ਨੂੰ ਮਾਨਤਾ ਨਹੀਂ ਦਿੰਦੇ। ਉਹ ਮੁਤਵਾਜ਼ੀ ਜਥੇਦਾਰਾਂ ਵੱਲੋਂ ਬਣਾਈ ਜਾਂਚ ਕਮੇਟੀ ਕੋਲ ਪੇਸ਼ ਹੋਣਗੇ ਅਤੇ ਉਸ ਵੱਲੋਂ ਦਿੱਤੇ ਫ਼ੈਸਲੇ ਨੂੰ ਮੰਨਣਗੇ। ਇਸ ਦੌਰਾਨ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ, ਸੇਵਾ ਸਿੰਘ ਸੇਖਵਾਂ, ਗੁਲਜ਼ਾਰ ਸਿੰਘ ਰਣੀਕੇ ਤੇ ਹੋਰਨਾਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰ ਕੇ ਮੰਗ ਕੀਤੀ ਹੈ ਕਿ ਗੁਰਦੁਆਰਾ ਛੋਟਾ ਘੱਲੂਘਾਰਾ ਦੇ ਪ੍ਰਬੰਧਕਾਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਚਾਰ ਮੈਂਬਰੀ ਜਾਂਚ ਕਮੇਟੀ ਦੀ ਰਿਪੋਰਟ ਆਉਣ ਮਗਰੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

## ਗਿਆਨੀ ਮੱਲ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ’ਚ ਲਾਈ ਜਾਵੇਗੀ

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਨਮਿਤ ਅੰਤਿਮ ਅਰਦਾਸ ਤੇ ਗੁਰਮਤਿ ਸਮਾਗਮ ਤਖ਼ਤ ਕੇਸਗੜ੍ਹ ਸਾਹਿਬ ਦੇ ਦਸਮੇਸ਼ ਦੀਵਾਨ ਹਾਲ ਵਿਖੇ ਹੋਇਆ, ਜਿਸ ਵਿੱਚ ਪੰਥਕ ਜਥੇਬੰਦੀਆਂ ਦੇ ਨੁਮਾਇੰਦੇ, ਸਮਾਜਿਕ ਤੇ ਰਾਜਨੀਤਿਕ ਸ਼ਖ਼ਸੀਅਤਾਂ ਪੁੱਜੀਆਂ। ਸਮਾਗਮ ਵਿੱਚ ਭਾਈ ਰਵਿੰਦਰ ਸਿੰਘ, ਭਾਈ ਜਸਬੀਰ ਸਿੰਘ ਪਾਉਂਟਾ ਸਾਹਿਬ, ਭਾਈ ਕਰਨੈਲ ਸਿੰਘ, ਭਾਈ ਰਸ਼ਪਾਲ ਸਿੰਘ ਤੇ ਭਾਈ ਸਿਮਰਪ੍ਰੀਤ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਗਿਆਨੀ ਮੱਲ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਈ ਜਾਵੇਗੀ ਤੇ ਉਨ੍ਹਾਂ ਦੁਆਰਾ ਲਿਖੀਆਂ ਪੁਸਤਕਾਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ ਕਰਕੇ ਸੰਗਤ ਨੂੰ ਵੰਡੀਆਂ ਜਾਣਗੀਆਂ। ਇਸ ਮੌਕੇ ਅਕਾਲ



ਗਿਆਨੀ ਮੱਲ ਸਿੰਘ ਦੀ ਅੰਤਿਮ ਅਰਦਾਸ ਮੌਕੇ ਉਨ੍ਹਾਂ ਦੇ ਪੁੱਤਰ ਗਿਆਨੀ ਅਮਰਜੀਤ ਸਿੰਘ ਨੂੰ ਦਸਤਾਰ ਭੇਟ ਕੀਤੇ ਜਾਣ ਦਾ ਦ੍ਰਿਸ਼।

ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਸੰਬੋਧਨ ਕੀਤਾ। ਗੁਰਮਤਿ ਸਮਾਗਮ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਪੰਜਾਬ ਕਾਂਗਰਸ ਦੇ ਕੁਝ ਵਿਧਾਇਕਾਂ ਵੱਲੋਂ ਪ੍ਰੋ. ਬਡੂੰਗਰ ਨੂੰ ਅਕਾਲੀ ਦਲ ਦੇ ਬੁਲਾਰੇ ਵਾਂਗ ਕੰਮ ਨਾ ਕਰਨ ਦੀ ਦਿੱਤੀ ਨਸੀਹਤ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਕਿਸੇ ਗੁਰਦੁਆਰੇ ਵਿਖੇ ਅਖੰਡ ਪਾਠ ਵਿਚ ਵਿਘਨ ਪਾਉਣਾ, ਅਕਾਲ ਤਖ਼ਤ ਦੇ ਜਥੇਦਾਰ ਨੂੰ ਆਉਣ ਤੋਂ ਰੋਕਣਾ ਕੌਮ ਦੇ ਮਸਲੇ ਹਨ ਤੇ ਕੌਮ ਦੀ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਹੋਣ ਦੇ ਨਾਤੇ ਉਨ੍ਹਾਂ ਦਾ ਫ਼ਰਜ਼ ਹੈ ਕਿ ਉਹ ਇਨ੍ਹਾਂ ਮਸਲਿਆਂ ਵਿੱਚ ਸਖ਼ਤ ਕਾਰਵਾਈ ਲਈ ਚਾਰਾਜੋਈ ਕਰਨ। ਉਨ੍ਹਾਂ ਕਿਹਾ ਕਿ ਉਹ ਅਕਾਲੀ ਦਲ ਦੇ ਨਹੀਂ, ਬਲਕਿ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਹਨ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਛੇਤੀ ਹੀ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਨਾਲ ਲੈ ਕੇ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਬਾਰੇ ਬੈਠਕ ਕੀਤੀ ਜਾਵੇਗੀ, ਜਿੱਥੇ ਨਿਰਮਲੇ ਸੰਤਾਂ, ਨਿਹੰਗ ਸਿੰਘ ਜਥੇਬੰਦੀਆਂ ਸਣੇ ਹੋਰ ਸਾਰੀਆਂ ਸੰਪਰਦਾਵਾਂ ਦੇ ਮੁਖੀਆਂ ਨੂੰ ਬੁਲਾਇਆ ਜਾਵੇਗਾ। ਡੇਰਾ ਸਿਰਸਾ ਮਾਮਲੇ ’ਤੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਅਦਾਲਤ ਦੇ ਵਿਚਾਰਅਧੀਨ ਹੈ ਤੇ ਇਸ ਬਾਰੇ ਟਿੱਪਣੀ ਕਰਨਾ ਕਾਨੂੰਨੀ ਤੌਰ ’ਤੇ ਗ਼ਲਤ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਦਾ ਇਸ ਮਾਮਲੇ ਨਾਲ ਕੋਈ ਸਬੰਧ ਨਹੀਂ ਹੈ। ਇਸ ਮੌਕੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਚਾਵਲਾ, ਪ੍ਰਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸੁੱਖਦਵ ਸਿੰਘ ਭੂਰਾ ਕੋਹਨਾ, ਮੈਨੇਜਰ ਰਣਜੀਤ ਸਿੰਘ ਤੇ ਸੂਚਨਾ ਅਫ਼ਸਰ ਹਰਦੇਵ ਸਿੰਘ ਹੈਪੀ ਵੀ ਹਾਜ਼ਰ ਸਨ। ਅੱਜ ਸ਼ਰਧਾਂਜਲੀ ਸਮਾਗਮ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ, ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਸਾਬਕਾ ਕੈਬਨਿਟ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਗਿਆਨੀ ਮੱਲ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਤਖ਼ਤ ਕੇਸਗੜ੍ਹ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਰਘੂਬੀਰ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸਣੇ ਪੰਥਕ ਜਥੇਬੰਦੀਆਂ ਤੇ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤੇ ਗਏ। ਪ੍ਰੋ. ਬਡੂੰਗਰ ਨੇ ਗਿਆਨੀ ਰਘੂਵੀਰ ਸਿੰਘ ਦੀ ਨਿਯੁਕਤੀ ਬਾਰੇ ਕਿਹਾ ਕਿ ਅੰਤ੍ਰਿੰਗ ਕਮੇਟੀ ਦੇ ਫ਼ੈਸਲੇ ਅਨੁਸਾਰ ਇਹ ਨਿਯੁਕਤੀ ਕੀਤੀ ਗਈ ਹੈ।


GLOBAL CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP 646-520-6706
HARBHAJAN SINGH 201-281-4889

**ਇੱਕ ਪੁਰਾਣਾ ਸਬੂਤ :** ਸਰਕਾਰੀ ਜਥੇਦਾਰਾਂ ਵਲੋਂ ਸੌਦਾ ਸਾਧ ਨੂੰ ਮਾਫ਼ੀ ਦੇਣ ਸਬੰਧੀ ਉਸ ਵੇਲੇ ਸਿੱਖ ਸਿਆਸਤ ਵਿੱਚ ਛਪੀ ਖ਼ਬਰ ਅਸੀਂ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਦੀ ਜਾਣਕਾਰੀ ਹਿੱਤ ਦੁਬਾਰਾ ਛਾਪ ਰਹੇ ਹਾਂ-ਸੰਪਾਦਕ

# ਪੰਜ ਸਿੰਘ ਸਾਹਿਬਾਨ ਨੇ ਸੌਦਾ ਸਾਧ ਨੂੰ ਮਾਫ ਕਰਨ ਦਾ ਐਲਾਨ ਕੀਤਾ; ਸਿੱਖ ਸੰਗਤ ਹੈਰਾਨ ਅਤੇ ਪਰੇਸ਼ਾਨ

**ਅੰਮ੍ਰਿਤਸਰ/ ਸਿੱਖ ਸਿਆਸਤ ਬਿਊਰੋ:** ਪੰਜ ਸਿੰਘ ਸਾਹਿਬਾਨ ਦੀ ਅੰਮ੍ਰਿਤਸਰ ਵਿਖੇ ਹੋਈ ਇੱਕ ਇਕਤਰਤਾ ਨੇ ਵਿਚ ਡੇਰਾ ਸਿਰਸਾ ਦੇ ਵਿਵਾਦਤ ਮੁਖੀ ਗੁਰਮੀਤ ਰਾਮ ਰਹੀਮ ਨੂੰ ਮਾਫ' ਕਰਨ ਦਾ ਐਲਾਨ ਕੀਤਾ ਗਿਆ। ਸਿੰਘ ਸਾਹਿਬਾਨ ਕਿਹਾ ਕਿ ਡੇਰਾ ਮੁੱਖੀ ਵਲੋਂ ਭੇਜੀ ਗਈ "ਖਿਮਾਂ ਯਾਚਨਾ" ਨੂੰ ਪ੍ਰਵਾਨ ਕਰ ਲਿਆ ਗਿਆ ਹੈ ਕਿਉਂਕਿ ਵਿਵਾਦ ਕਾਰਨ ਜੋ ਪਰਿਵਾਰਕ ਅਤੇ ਭਾਈਚਾਰਕ ਸਾਂਝਾਂ ਟੁੱਟੀਆਂ ਸਨ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਨੇ ਬੜੀ ਹਲੀਮੀ ਤੇ ਨਿਮਰਤਾ ਨਾਲ 2007 ਦੀ ਘਟਨਾ ਬਾਰੇ ਸਪਸ਼ਟੀਕਰਨ ਦਿੱਤਾ ਹੈ ਜਿਸ ਵਿਚ ਉਸ ਨੇ ਗੁਰੂ ਸਾਹਿਬਾਨ ਅਤੇ ਅੰਮ੍ਰਿਤ ਸੰਸਕਾਰ ਰਚਣ ਦੀ ਭੁੱਲ ਕੀਤੀ ਸੀ।

ਇਥੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਕਤਰੇਤ ਵਿਖੇ ਅਚਨਚੇਤ ਬੁਲਾਈ ਗਈ ਪੰਜ ਸਿੰਘ ਸਾਹਿਬਾਨ ਦੀ ਇਕਤਰਤਾ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ,ਤਖਤ ਸ੍ਰੀ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਗੁਰਮੁਖ ਸਿੰਘ,ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ੍ਹ ਸਿੰਘ,ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਤਖਤ ਸ੍ਰੀ ਅਬਚਲਨਗਰ ਹਜ਼ੂਰ ਸਾਹਿਬ ਤੋਂ ਮੀਤ ਗ੍ਰੰਥੀ ਗਿਆਨੀ ਰਾਮ ਸਿੰਘ ਸ਼ਾਮਿਲ ਹੋਏ।

ਇਥੇ ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਅਪ੍ਰੈਲ 2007 ਵਿਚ ਡੇਰਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਾਹੀਮ ਨੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਅਤੇ ਅੰਮ੍ਰਿਤ ਸੰਸਕਾਰ' ਦੀ ਨਕਲ ਕਰਨ ਦੀ ਕੋਝੀ ਹਰਕਤ ਕੀਤੀ ਸੀ, ਜਿਸ ਤੋਂ ਪੰਥ ਵਿਚ ਡੇਰਾ ਸਿਰਸਾ ਤੇ ਡੇਰਾ ਮੁਖੀ ਵਿਰੁਧ ਭਾਰੀ ਰੋਹ ਪਰਗਟ ਤੇ ਲਾਮਬੰਦ ਹੋਇਆ ਸੀ। ਪੰਥਕ ਵੇਗ ਦੇ ਮੱਦੇ-ਨਜ਼ਰ ਸਿੰਘ ਸਾਹਿਬਾਨ ਵਲੋਂ 17 ਅਪ੍ਰੈਲ, 2007 ਨੂੰ ਦਮਦਮਾ ਸਾਹਿਬ ਤੋਂ ਡੇਰੇ ਵਿਰੁਧ ਹੁਕਮਨਾਮਾ ਜਾਰੀ ਕੀਤਾ ਗਿਆ ਸੀ। ਡੇਰਾ ਮੁਖੀ ਦੀ ਗ੍ਰਿਫਤਾਰੀ ਲਈ ਚੱਲੇ ਸੰਘਰਸ਼ ਦੌਰਾਨ ਸੈਂਕੜੇ ਸਿੱਖਾਂ ਦੀ ਗ੍ਰਿਫਤਾਰੀਆਂ ਹੋਈਆਂ ਸਨ ਤੇ ਡੇਰਾ ਪੈਰੋਕਾਰਾਂ ਨੇ ਭਾਈ ਕਮਲਜੀਤ ਸਿੰਘ ਸੁਨਾਮ ਤੇ ਭਾਈ ਹਰਮਿੰਦਰ ਸਿੰਘ ਡੱਬਵਾਲੀ ਸਮੇਤ ਤਿੰਨ ਸਿੰਘਾਂ ਨੂੰ ਕਤਲ ਕਰ ਦਿੱਤਾ ਸੀ, ਜਿਸ ਬਾਰੇ ਸਾਰੇ ਦੋਸ਼ੀ ਡੇਰਾ ਪ੍ਰੇਮੀ ਬਰੀ ਹੋ ਚੁੱਕੇ ਹਨ।

ਇਹ ਵੀ ਦੱਸਣਯੋਗ ਹੈ ਕਿ ਡੇਰਾ ਮੁਖੀ ਨੇ ਦੋ ਸਿੱਖ ਪੰਥ ਵੱਲ ਦੋ ਕਥਿਤ ਮਾਫੀਨਾਮੇ ਭੇਜੇ ਸਨ ਪਰ ਉਨ੍ਹਾਂ ਦੀ ਕਪਟਪੂਰਨ ਭਾਸ਼ਾ ਨੂੰ ਪਛਾਣਦਿਆਂ ਪੰਥ ਨੇ ਇਹ ਮਾਫੀਨਾਮੇ ਰੱਦ ਕਰ ਦਿੱਤੇ ਸਨ। ਜਾਣਕਾਰਾਂ ਦਾ ਮੰਨਣਾ ਹੈ ਕਿ ਉਸ ਸਮੇਂ ਦੌਰਾਨ ਪੰਥਕ ਵੇਗ ਲਾਮਬੰਦ ਹੋਣ ਕਾਰਨ ਜਥੇਦਾਰ ਡੋਲਵਾਂ ਫੈਸਲਾ ਨਹੀਂ ਸਨ ਲੈ ਸਕੇ ਪਰ ਹੁਣ ਪੰਥਕ ਵੇਗ ਦੇ ਮੱਠਾ ਪੈ ਜਾਣ ਕਰਕੇ ਜਥੇਦਾਰਾਂ ਨੇ ਪੰਜਾਬ ਸਰਕਾਰ ਦੀਆਂ ਹਿਦਾਇਤਾਂ ਉੱਪਰ ਇਹ ਫੈਸਲਾ ਲਿਆ ਹੈ।

ਸਿੱਖ ਸਿਆਸਤ ਵਲੋਂ ਸੌਦਾ ਸਾਧ ਗੁਰਮੀਤ ਰਾਮ ਰਹੀਮ ਵਲੋਂ ਭੇਜੇ ਗਏ ਨਵੇਂ ਪੱਤਰ ਨੂੰ ਵੀ ਘੋਖਿਆ ਗਿਆ ਹੈ ਤੇ ਇਹ ਕਿਸੇ ਵੀ ਤਰ੍ਹਾਂ ਪਹਿਲੇ ਕਥਿਤ ਮਾਫੀਨਾਮਿਆਂ ਤੋਂ ਵੱਖ ਨਹੀਂ ਹੈ (ਇਸ ਪੱਤਰ ਦੀ ਨਕਲ ਹੇਠਾਂ ਛਾਪੀ ਜਾ ਰਹੀ ਹੈ)। ਸੌਧਾ ਸਾਧ ਨੇ ਪੂਰੇ ਪੱਤਰ ਵਿਚ ਇਕ ਹੀ ਗੱਲ ਦਹੁਰਾਈ ਹੈ ਕਿ ਉਸ ਨੇ ਗੁਰੂ ਗੋਬਿੰਦ ਸਿੰਘ ਮਹਾਂਰਾਜ ਦਾ ਸਵਾਂਗ ਨਹੀਂ ਰਚਿਆ। ਪੂਰੇ ਪੱਤਰ ਵਿਚ ਕਿਸੇ ਵੀ ਤਰ੍ਹਾਂ ਦੀ ਮਾਫੀ ਦੀ ਕੋਈ ਗੱਲ ਨਹੀਂ ਹੈ ਤੇ ਸਿਰਫ ਪੱਤਰ ਦੇ ਅਖੀਰ ਵਿਚ "ਖਿਮਾ ਦਾ ਜਾਚਕ" ਲਫਜ਼ਾਂ ਦੀ ਵਰਤੋਂ ਕੀਤੀ ਗਈ ਹੈ ਜਿਸ ਉੱਤੇ ਸੌਦਾ ਸਾਧ ਵਲੋਂ ਦਸਤਖਤ ਕੀਤੇ ਗਏ ਦੱਸੇ ਜਾਂਦੇ ਹਨ। ਇਹ



ਸਿੰਘ ਸਾਹਿਬਾਨ ਦੀ ਇਕੱਤਰਤਾ ਦੀ ਇਕ ਪੁਰਾਣੀ ਤਸਵੀਰ

ਪੱਤਰ ਸਾਦੇ ਕਾਗਜ਼ ਉੱਤੇ ਹੈ ਤੇ ਦਸਤਖਤਾਂ ਦੇ ਹੇਠਾਂ ਹੱਥ ਨਾਲ ਸੌਧਾ ਸਾਧ ਦਾ ਨਾਮ ਅਤੇ ਡੇਰੇ ਦਾ ਨਾਮ ਲਿਖਿਆ ਹੋਇਆ ਹੈ। ਪੱਤਰ ਉੱਤੇ ਕੋਈ ਵੀ ਮਿਤੀ ਨਹੀਂ ਹੈ।

ਦੂਜੇ ਪਾਸੇ ਸ਼੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਤੋਂ ਜਾਰੀ ਕੀਤੇ ਗਏ ਬਿਆਨ ਵਿਚ ਦਾਅਵਾ ਕੀਤਾ ਗਿਆ ਹੈ ਕਿ "ਸ਼੍ਰੀ ਅਕਾਲ ਤਖਤ ਸਾਹਿਬ ਜੀ ਦੀ ਸਰਵ-ਉੱਚਤਾ ਪ੍ਰਵਾਨਦਿਆਂ ਡੇਰਾ ਸਰਸਾ ਮੁਖੀ ਨੇ ਮੰਗੀ ਮੁਆਫੀ"। ਬਿਆਨ ਵਿਚ ਸੌਦਾ ਸਾਧ ਦੇ ਪੱਤਰ ਵਾਲੀਆਂ ਗੱਲਾਂ ਹੀ ਦਹੁਰਾਈਆਂ ਗਈ ਅਤੇ ਦਾਅਵਾ ਕੀਤਾ ਗਿਆ ਹੈ ਕਿ ਪੰਜ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਵਲੋਂ ਪੰਥਕ ਰਵਾਇਤਾਂ ਅਨੁਸਾਰ ਗੁਰਮਤਿ ਦੀ ਰੌਸ਼ਨੀ ਵਿਚ ਬੜੀ ਦੀਰਘ ਵਿਚਾਰ ਕਰਨ ਉਪਰੰਤ ਭੇਜੇ ਗਏ ਖਿਮਾਂ ਯਾਚਨਾ ਪੱਤਰ ਅਤੇ ਸਪੱਸ਼ਟੀਕਰਨ ਨੂੰ ਪਰਵਾਨ ਕਰ ਲਿਆ ਗਿਆ ਹੈ। ਇਸ ਬਿਆਨ ਦੀਆਂ ਜੋ ਨਕਲਾਂ ਪੱਤਰ-ਕਾਰਾਂ ਨੂੰ ਦਿੱਤੀਆਂ ਗਈਆਂ ਹਨ ਉਨ੍ਹਾਂ ਉੱਤੇ ਕਿਸੇ ਦੇ ਵੀ ਦਸਤਖਤ ਨਹੀਂ ਹਨ ਅਤੇ ਇਹ ਬਿਆਨ ਵੀ ਸਾਦੇ ਕਾਗਜ਼ ਉੱਤੇ ਹੀ ਛਪਿਆ ਹੋਇਆ ਹੈ। ਮੂਢਲੇ ਪ੍ਰਤੀਕਰਮ ਦੇ ਤੌਰ ਉੱਤੇ ਸਿੱਖ ਸੰਗਤਾਂ ਜਿਥੇ ਸਿੰਘ ਸਾਹਿਬਾਨ ਦੇ ਇਸ ਫੈਸਲੇ ਉੱਤੇ ਹੈਰਾਨੀ ਦਾ ਪ੍ਰਗਟਾਵਾ ਕਰ ਰਹੀਆਂ ਹਨ ਉੱਥੇ ਹੀ ਇਸ ਫੈਸਲੇ ਵਿਰੁਧ ਵੀ ਅਵਾਜ਼ਾਂ ਉੱਠ ਰਹੀਆਂ ਹਨ। ਮੁਢਲਾਂ ਪ੍ਰਤੀਕਰਮ ਦੇਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਫੈਸਲਾ ਨਾ ਤਾਂ ਪੰਥਕ ਰਵਾਇਤਾਂ ਅਨੁਸਾਰ ਹੈ ਤੇ ਨਾ ਹੀ ਇਹ ਪੰਥਕ ਭਾਵਨਾ ਦੇ ਅਨੁਸਾਰ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਜਥੇਦਾਰ ਸਾਹਿਬਾਨ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਿਆਸੀ ਗਿਣਤੀਆਂ-ਮਿਣਤੀਆਂ ਵਿਚੋਂ ਨਿਕਲੀਆਂ ਹਦਾਇਤਾਂ ਅੱਗੇ ਗੋਡੇ ਟੇਕਦਿਆ ਇਹ ਫੈਸਲਾ ਲਿਆ ਹੈ।

# ਪੰਜ ਸਿੰਘ ਸਾਹਿਬਾਨਾਂ ਕੋਲ ਪੇਸ਼ ਹੋ ਕੇ ਸਜਾ ਲਵਾਉਣ ਬਾਅਦ ਅਪਣੇ ਘਰੀਂ ਬੈਠਣ ਸਰਕਾਰੀ ਜਥੇਦਾਰ : ਕੋਆਰਡੀਨੇਸ਼ਨ ਕਮੇਟੀ

## *ਸੌਦਾ ਸਾਧ ਨੂੰ ਮਾਫ਼ੀ ਦੇਣ ਵਾਲੇ ਜਥੇਦਾਰਾਂ ਨੂੰ ਦੋਸ਼ ਕਬੂਲ ਕੇ ਸਜਾ ਲਵਾਉਣੀ ਜ਼ਰੂਰੀ : ਕੇਵਲ ਸਿੰਘ ਸਿੱਧੂ*

**ਨਿਊਯਾਰਕ/ਬਿਊਰੋ ਨਿਊਜ਼:** ਅਮਰੀਕਾ ਦੀਆਂ ਗੁਰਦੁਆਰਾ ਕਮੇਟੀਆਂ ਤੇ ਸਿੱਖ ਜਥੇਬੰਦੀਆਂ ਵੱਲੋਂ ਸਿੱਖ ਮਸਲਿਆਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਬਣਾਈ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਨੇ ਕਿਹਾ ਹੈ ਕਿ ਡੇਰਾ ਸੌਦਾ ਸਾਧ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ 'ਤੇ ਕਬਜ਼ਾ ਕਰੀਂ ਬੈਠੇ ਸਰਕਾਰੀ ਜਥੇਦਾਰਾਂ ਨੇ ਮਾਫ਼ ਕਰਕੇ ਸਿੱਖ ਕੌਮ ਨੂੰ ਭੰਬਲਭੂਸੇ ਵਿਚ ਪਾਉਣ ਦੀ ਬਜਰ ਗ਼ਲਤੀ ਕੀਤੀ ਸੀ ਜਿਸ ਲਈ ਇਹ ਗੁਨਾਹਗਾਰ ਹਨ, ਇਨਾਂ ਨੂੰ ਪੰਜ ਸਿੰਘ ਸਾਹਿਬਾਨਾਂ (ਪੰਜ ਪਿਆਰੇ) ਕੋਲ ਪੇਸ਼ ਹੋਕੇ ਆਪਣੀ ਗ਼ਲਤੀ ਦੀ ਮਾਫ਼ੀ ਮੰਗਣੀ ਚਾਹੀਦੀ ਹੈ ਤੇ ਸਜਾ ਲਵਾ ਕੇ ਸ੍ਰੀ ਅਕਾਲ ਤਖਤ ਸਾਹਿਬ ਦੀ ਜਥੇਦਾਰੀ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ ਤਾਂ ਕਿ ਸਿੱਖ ਕੌਮ ਵਿਚ ਤਸੱਲੀ ਪੈਦਾ ਹੋ ਸਕੇ।

ਕੋਆਰਡੀਨੇਸ਼ਨ ਕਮੇਟੀ ਵੱਲੋਂ ਇਕ ਵਿਸ਼ੇਸ਼ ਹੰਗਾਮੀ ਇਕੱਤਰਤਾ ਬਾਅਦ ਜਾਰੀ ਲਿਖਤੀ ਪ੍ਰੈਸ ਬਿਆਨ ਵਿੱਚ ਕਿਹਾ ਗਿਆ ਕਿ ਜਿਹੜੇ ਜਥੇਦਾਰ ਸ੍ਰੀ ਅਕਾਲ ਤਖਤ ਉੱਤੇ ਬਿਠਾਏ ਗਏ ਹਨ ਉਹ ਅਸਲ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਹੱਥਾਂ ਵਿਚ ਖੇਡਦੇ ਹੋਏ ਸਿੱਖੀ ਸਿਧਾਂਤਾਂ ਤੋਂ ਕੌਮ ਨੂੰ ਭਟਕਾਉਣ ਦਾ ਕੰਮ ਹੀ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜਥੇਦਾਰ ਜੋਗਿੰਦਰ ਸਿੰਘ ਵੇਦਾਂਤੀ ਨੇ ਵੀ ਹੁਸ਼ਿਆਰਪੁਰ ਦੇ ਡੇਰੇ ਦੇ ਇਕ ਮਹੰਤ ਨੂੰ ਬਲਾਤਕਾਰ ਦੇ ਦੋਸ਼ਾਂ ਵਿਚ ਮਾਮੂਲੀ ਸਜਾ ਦੇ ਕੇ ਮਾਫ਼ ਕੀਤਾ ਸੀ ਪਰ ਬਾਅਦ ਵਿਚ ਉਸ ਮਹੰਤ ਨੂੰ ਅਦਾਲਤ ਨੇ ਸਜਾ ਸੁਣਾਈ ਸੀ। ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਸ. ਹਿੰਮਤ ਸਿੰਘ, ਕੇਵਲ ਸਿੰਘ ਸਿੱਧੂ, ਹਰਜਿੰਦਰ ਸਿੰਘ ਪਾਈਨਹਿੱਲ, ਵੀਰ ਸਿੰਘ



ਹੰਗਾਮੀ ਮੀਟਿੰਗ ਕਰਦੇ ਹੋਏ ਕੋਆਰਡੀਨੇਸ਼ਨ ਕਮੇਟੀ ਦੇ ਮੈਂਬਰ।

ਮਾਂਗਟ ਅਤੇ ਦਵਿੰਦਰ ਸਿੰਘ ਦਿਓ ਕਿਹਾ ਹੈ ਕਿ ਹੁਣ 2015 ਵਿਚ ਸਰਬਤ ਖ਼ਾਲਸਾ ਵਿਚ ਥਾਪੇ ਗਏ ਜਥੇਦਾਰਾਂ ਨੂੰ ਕੌਮੀ ਜਥੇਦਾਰ ਜਗਤਾਰ ਸਿੰਘ ਹਵਾਰਾ ਦੀ ਰਾਏ ਲੈ ਕੇ ਕੌਮ ਨੂੰ ਸੰਦੇਸ਼ ਦੇ ਕੇ ਸੇਵਾ ਸੰਭਾਲਣ ਦੀ ਲੋੜ ਹੈ ਤਾਂ ਕਿ ਬਾਦਲ ਦਲੀਆਂ ਵੱਲੋਂ ਕੌਮ ਵਿਚ ਪੈਦਾ ਕੀਤੀਆਂ ਆਰਐਸਐਸ ਦੀਆਂ ਰਵਾਇਤਾਂ ਨੂੰ ਖ਼ਤਮ ਕੀਤਾ ਜਾ ਸਕੇ। ਸੌਦਾ ਸਾਧ ਨੂੰ ਮਾਫ਼ੀ ਦੇਣ ਵਾਲੇ ਜਥੇਦਾਰ ਦੋਸ਼ੀ ਹਨ ਕਿਉਂਕਿ ਜਿਸ ਸੌਦਾ ਸਾਧ ਨੂੰ ਉਹ ਮਾਫ਼ ਕਰ ਰਹੇ ਸਨ, ਉਸ ਨੂੰ ਭਾਰਤੀ ਨਿਆਂ ਪ੍ਰਣਾਲੀ ਨੇ ਵੀ ਸਾਬਤ ਕਰਕੇ ਸਾਧਵੀਆਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿਚ ਸਖ਼ਤ ਸਜਾ ਸੁਣਾਈ ਹੈ, ਅਜੇ ਤੱਕ ਸਿੱਖ ਕੌਮ ਸੌਦਾ ਸਾਧ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਵਾਂਗ ਰਚਾਉਣ ਦੇ ਮਾਮਲੇ ਵਿਚ ਵੀ ਨਹੀਂ ਭੁਲੀ ਨਾ ਹੀ ਉਸ ਨੂੰ ਮਾਫ਼ ਕੀਤਾ ਹੈ, ਉਸੇ ਤਰਾਂ ਸ੍ਰੀ ਅਕਾਲ ਤਖਤ ਦੇ ਜਥੇਦਾਰਾਂ ਨੂੰ ਵੀ ਸਿੱਖ ਕੌਮ ਨੂੰ ਭਟਕਾਉਣ ਲਈ ਜ਼ਿੰਮੇਵਾਰੀ ਕਬੂਲ ਕੇ ਸਜਾ ਲਵਾਉਣੀ ਚਾਹੀਦੀ ਹੈ। ਹਰਜਿੰਦਰ ਸਿੰਘ ਪਾਇਨਹਿੱਲ ਤੇ ਕੇਵਲ ਸਿੰਘ ਸਿੱਧੂ ਨੇ ਕਿਹਾ ਕਿ ਸਾਰੀ ਸਿੱਖ ਕੌਮ ਹੁਣ ਇੱਕਮੁੱਠ ਹੋਕੇ ਸਰਕਾਰੀ ਜਥੇਦਾਰਾਂ ਨੂੰ ਕੌਮ ਤੇ ਮੁੱਖ ਸੇਵਾਦਾਰੀ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ। ਸ. ਹਿੰਮਤ ਸਿੰਘ ਨੇ ਕਿਹਾ ਕਿ ਜੇਕਰ ਜਥੇਦਾਰ ਇਸ ਤਰ੍ਹਾਂ ਨਹੀਂ ਕਰਦੇ ਤਾਂ ਉਹ ਇਨਾਂ ਖ਼ਿਲਾਫ਼ ਮੁਹਿੰਮ ਚਲਾਉਣਗੇ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਅਜਿਹੇ ਮੌਕਾ ਪ੍ਰਸਤ ਲੋਕਾਂ ਤੋਂ ਆਜ਼ਾਦ ਕਰਾਇਆ ਜਾ ਸਕੇ।

# ਸਤਲੋਕ ਆਸ਼ਰਮ ਮੁਖੀ ਰਾਮਪਾਲ ਦੋ ਫ਼ੌਜਦਾਰੀ ਕੇਸਾਂ 'ਚੋਂ ਬਰੀ; ਪਰ ਹੋਰਨਾਂ ਮਾਮਲਿਆਂ 'ਚ ਅਜੇ ਰਹੇਗਾ ਜੇਲ੍ਹ ਵਿੱਚ

**ਹਿਸਾਰ/ਬਿਊਰੋ ਨਿਊਜ਼ :** ਸਤਲੋਕ ਆਸ਼ਰਮ, ਬਰਵਾਲਾ ਦੇ ਮੁਖੀ ਰਾਮਪਾਲ ਨੂੰ ਹਿਸਾਰ ਦੀ ਇਕ ਅਦਾਲਤ ਨੇ ਦੋ ਅਪਰਾਧਕ ਕੇਸਾਂ ਵਿਚੋਂ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਹੈ। ਹਿਸਾਰ ਦੇ ਜੁਡੀਸ਼ਲ ਮੈਜਿਸਟਰੇਟ ਮੁਕੇਸ਼ ਕੁਮਾਰ ਨੇ ਰਾਮਪਾਲ ਤੇ ਉਸ ਦੇ ਪੈਰੋਕਾਰਾਂ ਨੂੰ ਬਰੀ ਕਰਨ ਦਾ ਫ਼ੈਸਲਾ ਸੁਣਾਇਆ। ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਬਲਾਤਕਾਰ ਦਾ ਦੋਸ਼ੀ ਠਹਿਰਾਏ ਜਾਣ ਬਾਅਦ ਸੂਬੇ ਵਿੱਚ ਵਿਗੜੇ ਹਾਲਾਤ ਦੇ ਮੱਦੇਨਜ਼ਰ ਜੱਜ ਨੇ ਇਸ ਕੇਸ ਦੀ ਸੁਣਵਾਈ 24 ਤੋਂ ਟਾਲ ਕੇ 29 ਅਗਸਤ 'ਤੇ ਪਾ ਦਿੱਤੀ ਸੀ। ਜਾਣਕਾਰੀ ਮੁਤਾਬਕ ਰਾਮਪਾਲ ਅਜੇ ਜੇਲ੍ਹ ਹੀ ਰਹੇਗਾ ਕਿਉਂਕਿ ਉਹ ਦੇਸ਼ਧ੍ਰੋਹ ਸਮੇਤ ਹੋਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਰਾਮਪਾਲ ਦੇ ਵਕੀਲ ਏਪੀ ਸਿੰਘ ਨੇ ਦੱਸਿਆ, 'ਅਦਾਲਤ ਨੇ ਰਾਮਪਾਲ ਨੂੰ ਦੋ ਕੇਸਾਂ ਵਿੱਚੋਂ ਬਰੀ ਕਰ ਦਿੱਤਾ ਹੈ।' ਦੱਸਣਯੋਗ ਹੈ ਕਿ 17 ਨਵੰਬਰ, 2014 ਨੂੰ ਰਾਮਪਾਲ ਤੇ ਉਸ ਦੇ ਪੈਰੋਕਾਰਾਂ ਖ਼ਿਲਾਫ਼ ਆਈਪੀਸੀ ਦੀ ਧਾਰਾ 186, 332, 353 ਤਹਿਤ ਕੇਸ ਦਰਜ ਕੀਤਾ ਸੀ। ਰਤੀਆ ਦੇ ਸੁਖਦੇਵ ਸਿੰਘ ਦੀ ਸ਼ਿਕਾਇਤ ਉਤੇ 18 ਨਵੰਬਰ, 2014 ਨੂੰ ਰਾਮਪਾਲ ਤੇ ਉਸ ਦੇ ਪੈਰੋਕਾਰ ਪੁਰਸ਼ੋਤਮ ਦਾਸ, ਰਾਜ ਕੁਮਾਰ, ਮੋਹਿੰਦਰ ਸਿੰਘ, ਰਜਿੰਦਰ ਸਿੰਘ, ਰਾਹੁਲ ਅਤੇ



30-40 ਹੋਰ ਵਿਅਕਤੀਆਂ ਖ਼ਿਲਾਫ਼ ਦੰਗਾ ਕਰਨ, ਗ਼ੈਰਕਾਨੂੰਨੀ ਇਕੱਤਰਤਾ, ਕਾਨੂੰਨ ਦੀ ਅਵੱਗਿਆ ਅਤੇ ਅਗਵਾ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਆਸ਼ਰਮ ਵਿੱਚ ਪੈਰੋਕਾਰਾਂ ਦੀ ਆੜ ਲਈ ਬੈਠੇ ਰਾਮਪਾਲ ਨੂੰ ਪੁਲੀਸ ਨੇ ਕਾਫ਼ੀ ਜੱਦੋ-ਜ਼ਹਿਦ ਬਾਅਦ ਗ੍ਰਿਫ਼ਤਾਰ ਕੀਤਾ ਸੀ ਅਤੇ ਕਰੀਬ 15 ਹਜ਼ਾਰ ਪੈਰੋਕਾਰ ਆਸ਼ਰਮ ਵਿਚੋਂ ਕੱਢੇ ਸਨ। ਇਸ ਦੌਰਾਨ ਹੋਈ ਹਿੰਸਾ ਵਿਚ ਪੰਜ ਜਣੇ ਮਾਰੇ ਗਏ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਮਪਾਲ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਸਨ। ਅਦਾਲਤੀ ਤੌਹੀਨ ਦੇ ਦੋਸ਼ਾਂ ਦਾ ਜਵਾਬ ਦੇਣ ਲਈ ਉਸ ਨੇ ਅਦਾਲਤ ਵਿੱਚ ਪੇਸ਼ ਹੋਣ ਤੋਂ ਵੀ ਇਨਕਾਰ ਕਰ ਦਿੱਤਾ ਸੀ ਅਤੇ ਬਰਵਾਲਾ (ਹਿਸਾਰ) ਆਸ਼ਰਮ ਵਿੱਚ ਵੜ ਗਿਆ ਸੀ।

# ਜਬਰ ਜਨਾਹ ਮਾਮਲੇ 'ਚ ਆਈ.ਜੀ. ਤੇ ਡੀ.ਐਸ.ਪੀ. ਸਮੇਤ 8 ਪੁਲੀਸ ਕਰਮਚਾਰੀ ਗ੍ਰਿਫ਼ਤਾਰ

**ਸ਼ਿਮਲਾ/ਬਿਊਰੋ ਨਿਊਜ਼ :**

ਹਿਮਾਚਲ ਪ੍ਰਦੇਸ਼ ਦਾ ਬਹੁ-ਚਰਚਿਤ ਕੋਟਖ਼ਾਈ ਨਾਬਾਲਗ ਵਿਦਿਆਰਥਣ ਨਾਲ ਜਬਰ ਜਨਾਹ ਤੇ ਹੱਤਿਆ ਦਾ ਮਾਮਲਾ ਅਤੇ ਦੋਸ਼ੀ ਸੂਰਜ ਦੀ ਪੁਲੀਸ ਹਿਰਾਸਤ ਵਿਚ ਹੋਈ ਹੱਤਿਆ ਦੇ ਦੋਸ਼ ਵਿਚ ਸੀ.ਬੀ.ਆਈ. ਨੇ ਵੱਡੀ ਕਾਰਵਾਈ ਕਰਦਿਆਂ ਹੋਇਆ ਹਿਮਾਚਲ ਪ੍ਰਦੇਸ਼ ਪੁਲੀਸ ਦੇ ਆਈ.ਜੀ. ਜ਼ਹੂਰ ਹੈਦਰ ਜ਼ੈਦੀ ਅਤੇ ਡੀ.ਐਸ.ਪੀ. ਸਮੇਤ 8 ਪੁਲੀਸ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਸੀ. ਬੀ. ਆਈ. ਨੇ ਮੰਗਲਵਾਰ ਸਵੇਰੇ ਪੁਲੀਸ ਦੀ ਐਸ.ਆਈ.ਟੀ. ਨੂੰ ਪੁੱਛਗਿੱਛ ਲਈ ਸ਼ਿਮਲਾ ਦੇ ਸੀ.ਬੀ.ਆਈ. ਦਫ਼ਤਰ ਬੁਲਾਇਆ ਸੀ ਅਤੇ ਦੇਰ ਸ਼ਾਮ ਤੱਕ ਪੁੱਛਗਿੱਛ ਕਰਨ ਦੇ ਬਾਅਦ ਆਈ.ਜੀ. ਸਮੇਤ 8 ਪੁਲੀਸ ਕਰਮਚਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਪੁਲੀਸ ਅਧਿਕਾਰੀਆਂ ਵਿਚ 1994 ਬੈਚ ਦੇ ਆਈ.ਪੀ.ਐਸ. ਅਧਿਕਾਰੀ ਆਈ.ਜੀ. ਜ਼ਹੂਰ ਜ਼ੈਦੀ ਤੋਂ ਇਲਾਵਾ ਡੀ.ਐਸ.ਪੀ. ਮਨੋਜ ਜੋਸ਼ੀ, ਸਾਬਕਾ ਥਾਣਾ ਮੁਖੀ ਰਾਜੇਂਦਰ, ਏ.ਐਸ.ਆਈ. ਦੀਪ ਚੰਦ, ਹੈਡ ਕਾਂਸਟੇਬਲ ਸੂਰਤ ਸਿੰਘ, ਮੋਹਨ ਲਾਲ, ਰਫ਼ੀਕ ਅਲੀ ਅਤੇ ਕਾਂਸਟੇਬਲ ਰਣਜੀਤ ਸਿੰਘ ਸ਼ਾਮਲ ਹਨ। ਇਹ ਸਾਰੇ ਪੁਲੀਸ ਵੱਲੋਂ ਗੁਡੀਆ ਜਬਰ ਜਨਾਹ ਮਾਮਲੇ ਦੀ ਜਾਂਚ ਲਈ ਬਣਾਈ ਗਈ ਵਿਸ਼ੇਸ਼ ਜਾਂਚ ਟੀਮ (ਐਸ. ਆਈ.ਟੀ.) ਦੇ ਮੈਂਬਰ ਹਨ। ਗੁਡੀਆ ਮਾਮਲੇ 'ਚ ਝਾੜ ਪੈਣ ਤੋਂ ਬਾਅਦ ਰਾਜ ਸਰਕਾਰ ਨੇ ਜ਼ਹੂਰ ਜ਼ੈਦੀ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾ ਕੇ ਪੁਲੀਸ ਹੈਡਕੁਆਰਟਰ ਸ਼ਿਮਲਾ ਵਿਚ ਕਲਿਆਣ ਅਤੇ ਪ੍ਰਸ਼ਾਸਨ ਦਾ ਆਈ. ਜੀ. ਨਿਯੁਕਤ ਕੀਤਾ ਸੀ। ਗ੍ਰਿਫ਼ਤਾਰ ਕੀਤੇ ਗਏ ਉਕਤ ਪੁਲੀਸ ਕਰਮਚਾਰੀਆਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਨ੍ਹਾਂ ਨੂੰ 4 ਸਤੰਬਰ ਤੱਕ 6 ਦਿਨ ਦੇ ਸੀ.ਬੀ.ਆਈ. ਰਿਮਾਂਡ 'ਤੇ ਭੇਜ ਦਿੱਤਾ।

ਪੁਲੀਸ ਐਸ.ਆਈ.ਟੀ. 'ਚ ਦੋ ਹੋਰਨਾਂ ਮੈਂਬਰਾਂ ਡੀ.ਐਸ.ਪੀ. ਭਜਨ ਸਿੰਘ ਨੇਗੀ ਅਤੇ ਡੀ.ਐਸ.ਪੀ. ਰਤਨ ਸਿੰਘ ਨੇਗੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਹਾਲਾਂਕਿ ਉਨ੍ਹਾਂ ਤੋਂ ਵੀ ਪੁੱਛਗਿੱਛ ਕੀਤੀ ਗਈ ਹੈ। ਦੱਸਣਯੋਗ ਹੈ ਕਿ ਸੂਰਜ ਨੂੰ ਗੁਡੀਆ ਜਬਰ ਜਨਾਹ ਅਤੇ ਹੱਤਿਆ ਦੇ ਮਾਮਲੇ ਵਿਚ ਪੁਲੀਸ ਦੀ ਐਸ.ਆਈ.ਟੀ. ਨੇ ਗ੍ਰਿਫ਼ਤਾਰ ਕੀਤਾ ਸੀ। 18 ਜੁਲਾਈ ਨੂੰ ਸੂਰਜ ਦੀ ਕੋਟਖ਼ਾਈ ਪੁਲੀਸ ਥਾਣੇ ਦੀ ਜੇਲ੍ਹ ਵਿਚ ਹੱਤਿਆ ਹੋ ਗਈ ਸੀ। ਪੁਲੀਸ ਮੁਤਾਬਕ ਸੂਰਜ ਦੀ ਇਕ ਹੋਰ ਦੋਸ਼ੀ ਰਾਜੂ ਨੇ ਹੱਤਿਆ ਕੀਤੀ ਸੀ। ਉਸ ਦੇ ਖ਼ਿਲਾਫ਼ ਪੁਲੀਸ ਨੇ ਹੱਤਿਆ ਦਾ ਮਾਮਲਾ ਵੀ ਦਰਜ ਕੀਤਾ ਹੈ, ਪ੍ਰੰਤੂ ਸੀ.ਬੀ.ਆਈ. ਇਸ ਦਾਅਵੇ ਤੋਂ ਸੰਤੁਸ਼ਟ ਨਹੀਂ ਸੀ। ਸੀ.ਬੀ.ਆਈ. ਨੇ ਗੁਡੀਆ ਮਾਮਲੇ 'ਚ ਪੁਲੀਸ ਦੀ ਜਾਂਚ 'ਤੇ ਉਠਾਏ ਗਏ ਸਵਾਲਾਂ ਦਾ ਜ਼ਿਕਰ ਅਦਾਲਤ 'ਚ ਆਪਣੀ ਸਟੇਟਸ ਰਿਪੋਰਟ 'ਚ ਵੀ ਕੀਤਾ ਸੀ।

# ਗਿਆਨੀ ਗੁਰਬਚਨ ਸਿੰਘ ਨੇ ਡੇਰਾ ਪ੍ਰੇਮੀਆਂ ਨੂੰ ਘਰ ਵਾਪਸੀ ਦਾ ਸੱਦਾ ਦਿੱਤਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਆਪਣੀਆਂ ਦੋ ਚੇਲੀਆਂ ਨਾਲ ਬਲਾਤਕਾਰ ਦੇ ਦੋਸ਼ ਵਿੱਚ ਅਦਾਲਤ ਵਲੋਂ ਸਜ਼ਾ ਸੁਣਾਏ ਜਾਣ ਬਾਅਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਡੇਰੇ ਨਾਲ ਜੁੜੇ 'ਭੁਲੜ' ਸਿੱਖਾਂ ਨੂੰ ਘਰ ਵਾਪਸੀ ਦਾ ਸੱਦਾ ਦਿੱਤਾ ਹੈ। ਉਨ੍ਹਾਂ ਆਖਿਆ ਕਿ ਅਜਿਹੇ ਭੁੱਲੜ ਸਿੱਖਾਂ ਨੂੰ ਘਰ ਵਾਪਸੀ ਉੱਤੇ 'ਜੀ ਆਇਆਂ ਨੂੰ' ਆਖਿਆ ਜਾਵੇਗਾ। ਇੱਥੇ ਸੱਦੇ ਮੀਡੀਆ ਸੰਮੇਲਨ ਦੌਰਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਅਦਾਲਤ ਦੇ ਫੈਸਲੇ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਇਸ ਫੈਸਲੇ ਨਾਲ ਲੋਕਾਂ ਨੂੰ ਅਤੇ ਖਾਸ ਕਰਕੇ ਸਿੱਖਾਂ ਨੂੰ ਸਕੂਨ ਮਿਲਿਆ ਹੈ। ਡੇਰਾ ਮੁਖੀ ਇੱਕ ਵਿਵਾਦਤ ਸਖਸ਼ੀਅਤ ਸੀ, ਜਿਸ ਨੇ ਧੀਆਂ ਦੀ ਉਮਰ ਦੀਆਂ ਸਾਧਵੀਆਂ ਨਾਲ ਬਲਾਤਕਾਰ ਕੀਤਾ। ਉਨ੍ਹਾਂ ਭੁਲੜ ਲੋਕਾਂ ਦੀ ਪੰਥ ਵਿੱਚ ਵਾਪਸੀ ਲਈ ਸ਼੍ਰੋਮਣੀ ਕਮੇਟੀ ਨੂੰ ਵੀ ਆਖਿਆ ਕਿ ਉਹ ਮਾਲਵਾ ਪੱਟੀ ਦੇ ਜ਼ਿਲ੍ਹਿਆਂ ਵਿੱਚ ਵਿਸ਼ੇਸ਼ ਪ੍ਰਚਾਰ ਮੁਹਿੰਮ ਅਰੰਭੇ ਅਤੇ ਸਿੱਖਾਂ ਦੀ ਘਰ ਵਾਪਸੀ ਲਈ ਉਚਿਤ ਪ੍ਰਬੰਧ ਕਰੇ। ਇੱਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਮਾਲਵਾ ਸਮੇਤ ਹੋਰ ਇਲਾਕਿਆਂ ਵਿੱਚ ਜਿੱਥੇ ਡੇਰਿਆਂ ਦਾ ਜ਼ੋਰ ਹੈ, ਉਥੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਣ ਲਈ ਵਿਸ਼ੇਸ਼ ਪ੍ਰਚਾਰ ਮੁਹਿੰਮ ਆਰੰਭੀ ਜਾਵੇਗੀ ਅਤੇ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨਾਲ ਵਿਚਾਰ ਚਰਚਾ ਵੀ ਕੀਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਨੇ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਵੀ ਅਪੀਲ ਕੀਤੀ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਸੁਝਾਅ ਵੀ ਦਿੱਤਾ ਕਿ ਸਿੱਖ ਨੌਜਵਾਨਾਂ ਨੂੰ ਧਰਮ ਨਾਲ ਜੋੜਣ ਅਤੇ ਰੁਜ਼ਗਾਰ ਮੁਹਈਆ ਕਰਾਉਣ ਲਈ ਸੰਸਥਾ ਆਪਣੇ ਕਾਰਖਾਨੇ ਸ਼ੁਰੂ ਕਰੇ। ਪਿਛਲੇ ਵਰ੍ਹੇ ਸਤੰਬਰ ਮਹੀਨੇ ਵਿੱਚ ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ ਕਰਨ ਅਤੇ ਮੁੜ ਮੁਆਫੀ ਰੱਦ ਕਰਨ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਇਹ ਫੈਸਲਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਕੀਤਾ ਸੀ। ਉਨ੍ਹਾਂ ਕਿਹਾ ਕਿ ਉਸ ਵੇਲੇ ਡੇਰਾ ਮੁਖੀ ਨੇ ਪੱਤਰ ਭੇਜਿਆ ਸੀ, ਜਿਸ ਨੂੰ ਪ੍ਰਵਾਨ ਕੀਤਾ ਸੀ ਪਰ ਸੰਗਤ ਦੇ ਰੋਸ ਕਾਰਨ ਪੱਤਰ ਰੱਦ ਕਰ ਦਿੱਤਾ ਸੀ। ਗੁਰਦੁਆਰਾ ਛੋਟਾ ਘੱਲੂਘਾਰਾ ਕਾਹਨੂੰਵਾਨ ਦੀ ਘਟਨਾ ਸਬੰਧੀ ਉਨ੍ਹਾਂ ਆਖਿਆ ਕਿ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਾਸਟਰ ਜੌਹਰ ਸਿੰਘ ਨੂੰ 28 ਅਗਸਤ ਨੂੰ ਸਪਸ਼ਟੀਕਰਨ ਲਈ ਸੱਦਿਆ ਸੀ ਪਰ ਉਹ ਹਾਜ਼ਰ ਨਹੀਂ ਹੋਏ। ਹੁਣ ਉਨ੍ਹਾਂ ਨੂੰ 7 ਸਤੰਬਰ ਦਾ ਸਮਾਂ ਦਿੱਤਾ ਹੈ। ਜੇ ਉਹ ਹਾਜ਼ਰ ਨਹੀਂ ਹੁੰਦੇ ਤਾਂ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਇਸ ਸਬੰਧੀ ਠੋਸ ਫੈਸਲਾ ਲਿਆ ਜਾਵੇਗਾ। ਉਨ੍ਹਾਂ ਆਖਿਆ ਕਿ ਇਸ ਦੌਰਾਨ ਸ਼੍ਰੋਮਣੀ ਕਮੇਟੀ ਵਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਵੀ ਆ ਜਾਵੇਗੀ।



**ਸਿੱਖ ਧਰਮ 'ਚ ਵਾਪਸੀ ਚਾਹੁੰਦੇ ਹਨ ਪ੍ਰੇਮੀ :**

ਬਠਿੰਡਾ : ਡੇਰਾ ਪੈਰੋਕਾਰ ਆਪਣੀ ਸਿੱਖ ਪੰਥ ਵਿੱਚ ਵਾਪਸੀ ਲਈ ਜਥੇਦਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰਾਂ ਤੱਕ ਪਹੁੰਚ ਕਰਨ ਲੱਗੇ ਹਨ। ਤਖਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਗੁੰਮਰਾਹ ਹੋਏ ਲੋਕਾਂ ਨੂੰ ਸੱਦਾ ਦਿੱਤਾ ਹੈ ਕਿ ਜੇ ਉਹ ਪੰਥ ਵਿੱਚ ਵਾਪਸੀ ਕਰਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਨੇ ਭੁੱਲੜ ਲੋਕਾਂ ਨੂੰ ਸ਼ਬਦ ਗੁਰੂ ਨਾਲ ਜੁੜਨ, ਸਿਮਰਨ ਕਰਨ ਤੇ ਗੁਰੂ ਘਰਾਂ ਵਿੱਚ ਮੱਥਾ ਟੇਕਣ ਦੀ ਅਪੀਲ ਕੀਤੀ। ਜਥੇਦਾਰ ਨੇ ਦੱਸਿਆ ਕਿ ਬਹੁਤ ਸਾਰੇ ਪ੍ਰੇਮੀਆਂ ਦੇ ਫੋਨ ਆਉਣ ਲੱਗੇ ਹਨ, ਜੋ ਪੰਥ ਵਿੱਚ ਵਾਪਸ ਆਉਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਉਹ ਭਟਕੇ ਹੋਏ ਲੋਕਾਂ ਨੂੰ ਸਿੱਖੀ ਨਾਲ ਜੋੜਨ ਲਈ ਉਪਰਾਲੇ ਵੀ ਕਰਨਗੇ।

ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਭਾਈ ਗੁਰਦੀਪ ਸਿੰਘ ਬਠਿੰਡਾ ਨੇ ਵੀ ਇਹੋ ਅਪੀਲ ਕੀਤੀ ਹੈ ਕਿ ਭੁਲੱੜ ਪ੍ਰੇਮੀਆਂ ਨੂੰ ਜ਼ਲੀਲ ਕਰਨ ਦੀ ਥਾਂ ਗੁਰੂ ਘਰ ਨਾਲ ਜੋੜਿਆ ਜਾਵੇ।

**ਸਿਮਰਨਜੀਤ ਸਿੰਘ ਮਾਨ ਵੱਲੋਂ ਡੇਰਾ ਪ੍ਰੇਮੀ ਬੇਕਸੂਰ ਕਰਾਰ :**

ਫਤਹਿਗੜ੍ਹ ਸਾਹਿਬ : ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਇੱਥੇ ਕਿਹਾ ਕਿ ਪੰਚਕੂਲਾ ਹਿੰਸਾ ਦੌਰਾਨ ਜਾਨ ਗਵਾਉਣ ਵਾਲੇ ਅਤੇ ਜ਼ਖ਼ਮੀ ਹੋਣ ਵਾਲਿਆਂ ਦੇ ਪਰਿਵਾਰ ਮੁਆਵਜ਼ੇ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਤੇ ਕੇਂਦਰ ਸਰਕਾਰ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦਾ ਪ੍ਰਬੰਧ ਕਰੇ। ਉਨ੍ਹਾਂ ਕਿਹਾ ਕਿ ਡੇਰਾ ਸ਼ਰਧਾਲੂ ਜਜ਼ਬਾਤੀ ਹੋ ਕੇ ਡੇਰਾ ਪ੍ਰਬੰਧਕਾਂ ਦੇ ਬਹਿਕਾਵੇ ਵਿੱਚ ਆ ਗਏ, ਪਰ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਸੂਰ ਡੇਰਾ ਮੁਖੀ ਦਾ ਹੈ, ਜਿਸ ਨੇ ਸ਼ਰਧਾਲੂਆਂ ਨੂੰ ਗੁੰਮਰਾਹ ਕੀਤਾ। ਉਨ੍ਹਾਂ ਡੇਰਾ ਸ਼ਰਧਾਲੂਆਂ ਨੂੰ ਸਿੱਖ ਧਰਮ ਨਾਲ ਜੁੜਨ ਦੀ ਅਪੀਲ ਕੀਤੀ।

**ਫਾਰ.ਗ ਪੰਜ ਪਿਆਰਿਆਂ ਵਲੋਂ ਅਦਾਲਤੀ ਫ਼ੈਸਲੇ ਦੀ ਸ਼ਲਾਘਾ :**

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਫਾਰ.ਗ ਕੀਤੇ ਪੰਜ ਪਿਆਰਿਆਂ ਨੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਮੁੜ ਆਖਿਆ ਕਿ ਤਖ਼ਤਾਂ ਦੇ ਜਥੇਦਾਰਾਂ ਨੇ ਆਪਣੇ 'ਸਿਆਸੀ ਹਾਕਮਾਂ' ਦੇ ਹੁਕਮ ਮੁਤਾਬਕ ਡੇਰਾ ਮੁਖੀ ਨੂੰ ਬਿਨਾਂ ਪੇਸ਼ੀ ਅਤੇ ਬਿਨਾਂ ਮੁਆਫ਼ੀ ਮੰਗੇ ਮੁਆਫ਼ੀ ਦੇ ਕੇ ਅਕਾਲ ਤਖ਼ਤ ਦੀ ਮਾਣ-ਮਰਿਆਦਾ ਨੂੰ ਢਾਹ ਲਾਈ ਸੀ।

ਅੱਜ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਭਾਈ ਸਤਨਾਮ ਸਿੰਘ ਖੰਡਾ, ਮੇਜਰ ਸਿੰਘ, ਮੰਗਲ ਸਿੰਘ, ਤਰਲੋਕ ਸਿੰਘ ਤੇ ਸਤਨਾਮ ਸਿੰਘ ਖ਼ਾਲਸਾ ਨੇ ਆਖਿਆ ਕਿ ਡੇਰਾ ਮੁਖੀ ਜਬਰ-ਜਨਾਹ ਦੇ ਮਾਮਲੇ ਵਿੱਚ ਦੋਸ਼ੀ ਸਾਬਿਤ ਹੋਇਆ ਹੈ ਤੇ ਅਦਾਲਤ ਵੱਲੋਂ ਦਿੱਤੀ ਸਜ਼ਾ ਇੱਕ ਇਤਿਹਾਸਕ ਫ਼ੈਸਲਾ ਹੈ। ਉਨ੍ਹਾਂ ਅਦਾਲਤੀ ਫ਼ੈਸਲੇ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੂਜੇ ਪਾਸੇ ਤਖ਼ਤਾਂ ਦੇ ਜਥੇਦਾਰਾਂ ਨੇ ਡੇਰਾ ਮੁਖੀ ਨੂੰ ਬਿਨਾਂ ਪੇਸ਼ੀ ਤੇ ਬਿਨਾਂ ਮੁਆਫ਼ੀ ਮੰਗਿਆਂ ਹੀ ਮੁਆਫ਼ ਕਰ ਦਿੱਤਾ ਸੀ, ਜਿਸ ਨਾਲ ਤਖ਼ਤਾਂ ਦੀ ਮਰਿਆਦਾ ਨੂੰ ਢਾਹ ਲੱਗੀ ਹੈ।

ਉਨ੍ਹਾਂ ਗੁਰਦੁਆਰਾ ਨਾਨਕ ਮੱਤਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਬੀਤੇ ਦਿਨ ਉਥੇ ਸੰਗਤ ਨੇ ਜਥੇਦਾਰਾਂ ਨੂੰ ਸੰਬੋਧਨ ਕਰਨ ਦੀ ਪ੍ਰਵਾਨਗੀ ਨਹੀਂ ਦਿੱਤੀ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਅਕਾਲ ਤਖ਼ਤ ਦੀ ਸਰਵਉੱਚਤਾ ਤੇ ਮੀਰੀ-ਪੀਰੀ ਦੇ ਸਿਧਾਂਤ ਨੂੰ ਕਾਇਮ ਰੱਖਣ ਲਈ ਸਮੁੱਚਾ ਪੰਥ ਇੱਕ ਮੰਚ 'ਤੇ ਇਕੱਠਾ ਹੋਵੇ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਸ਼੍ਰੋਮਣੀ ਕਮੇਟੀ ਦੀ ਨੌਕਰੀ ਮੁੜ ਕਰਨ ਤੋਂ ਨਾਂਹ ਕਰ ਦਿੱਤੀ ਹੈ।

**'ਇਸ਼ਤਿਹਾਰੀ ਖ਼ਰਚਿਆਂ ਦੀ ਵਸੂਲੀ ਬਾਦਲਾਂ ਤੋਂ ਹੋਵੇ' :**

ਜਲੰਧਰ : ਯੂਨਾਈਟਿਡ ਅਕਾਲੀ ਦਲ ਨੇ ਡੇਰਾ ਸਿਰਸਾ ਦੇ ਮਾਮਲੇ ਵਿੱਚ ਬਾਦਲਾਂ ਨੂੰ ਘੇਰਦਿਆਂ ਮੰਗ ਕੀਤੀ ਹੈ ਕਿ ਡੇਰਾ ਮੁਖੀ ਨੂੰ ਅਕਾਲ ਤਖ਼ਤ ਵੱਲੋਂ ਮੁਆਫ਼ੀ ਦਿੱਤੇ ਜਾਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੇ 95 ਲੱਖ ਦੇ ਇਸ਼ਤਿਹਾਰਾਂ ਦੀ ਵਸੂਲੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨਿੱਜੀ ਖਾਤਿਆਂ ਵਿੱਚੋਂ ਕੀਤੀ ਜਾਵੇ। ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਭਾਈ ਮੋਹਕਮ ਸਿੰਘ, ਸੀਨੀਅਰ ਮੀਤ ਪ੍ਰਧਾਨ ਵੱਸਣ ਸਿੰਘ ਜੱਫਰਵਾਲ, ਜਨਰਲ ਸਕੱਤਰ ਸਤਨਾਮ ਸਿੰਘ ਮਨਾਵਾ ਤੇ ਮੀਤ ਪ੍ਰਧਾਨ ਗਿਆਨੀ ਦਵਿੰਦਰ ਸਿੰਘ ਬਟਾਲਾ ਨੇ ਕਿਹਾ ਕਿ ਡੇਰਾ ਸਿਰਸਾ ਦੇ ਮੁਖੀ ਵਿਰੁੱਧ ਬਲਾਤਕਾਰ ਦੇ ਦੋਸ਼ 2002 ਵਿੱਚ ਲੱਗੇ ਸਨ, ਇਸ ਦੇ ਬਾਵਜੂਦ ਬਾਦਲਾਂ ਵੱਲੋਂ ਡੇਰਾ ਮੁਖੀ ਦੀ ਪੁਸ਼ਤ-ਪਨਾਹੀ ਕੀਤੀ ਜਾਂਦੀ ਰਹੀ। ਇਸ ਮਗਰੋਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਸਿੰਘ ਸਾਹਿਬਾਨ ਨੇ ਡੇਰਾ ਮੁਖੀ ਨੂੰ ਬਿਨਾਂ ਮੰਗਿਆਂ ਹੀ ਮੁਆਫ਼ੀ ਦੇ ਦਿੱਤੀ। ਉਨ੍ਹਾਂ ਕਿਹਾ ਕਿ ਡੇਰਾ ਮੁਖੀ ਬਾਰੇ ਕੀਤੇ ਫ਼ੈਸਲੇ ਨੂੰ ਸਹੀ ਠਹਿਰਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ 95 ਲੱਖ ਰੁਪਏ ਦੇ ਇਸ਼ਤਿਹਾਰ ਦਿੱਤੇ ਗਏ ਸਨ, ਜਿਸ ਦੀ ਵਸੂਲੀ ਬਾਦਲਾਂ ਦੇ ਖਾਤਿਆਂ ਵਿਚੋਂ ਕੀਤੀ ਜਾਵੇ। ਉਨ੍ਹਾਂ ਡੇਰਾ ਪ੍ਰੇਮੀਆਂ ਨੂੰ ਆਪੋ-ਆਪਣੇ ਧਰਮਾਂ ਵੱਲ ਵਾਪਸ ਮੁੜਨ ਦੀ ਅਪੀਲ ਕੀਤੀ।

# ਭੰਗ ਦੇ ਭਾੜੇ ਚਲੀ ਗਈ ਅੰਮ੍ਰਿਤਧਾਰੀ ਪਰਿਵਾਰ ਦੇ ਬੱਚੇ ਦੀ ਜਾਨ

**ਬਠਿੰਡਾ/ਬਿਊਰੋ ਨਿਊਜ਼ :** ਪੰਚਕੂਲਾ ਹਿੰਸਾ ਨੇ ਮਾਂ ਸੰਦੀਪ ਕੌਰ ਨੂੰ ਬਿਨਾਂ ਕਸੂਰੋਂ ਸਜ਼ਾ ਦੇ ਦਿੱਤੀ। ਜ਼ਿੰਦਗੀ ਭਰ ਇਹ ਹਿੰਸਾ ਇਸ ਮਾਂ ਦਾ ਦਮ ਘੁੱਟੇਗੀ। 15 ਵਰ੍ਹਿਆਂ ਦੇ ਫੌਤ ਹੋਏ ਬੱਚੇ ਲਵਪ੍ਰੀਤ ਸਿੰਘ ਨੂੰ ਨਾ 'ਇੰਸਾਂ' ਦੇ ਮਾਅਨੇ ਪਤਾ ਸਨ ਤੇ ਨਾ 'ਹਿੰਸਾ' ਦੇ। ਲਵਪ੍ਰੀਤ ਦੇ ਮਾਪੇ ਅੰਮ੍ਰਿਤਧਾਰੀ ਹਨ ਅਤੇ ਉਹ ਕਦੇ ਕਿਸੇ ਡੇਰੇ ਨਹੀਂ ਗਏ। ਲਵਪ੍ਰੀਤ ਆਪਣੀ ਭੂਆ ਕੋਲ ਰਾਜਸਥਾਨ ਗਿਆ ਹੋਇਆ ਸੀ, ਜਿੱਥੋਂ ਉਹ ਸੰਗਤ ਵਿੱਚ ਬੈਠ ਕੇ ਪੰਚਕੂਲਾ ਚਲਾ ਗਿਆ। ਮੁਕਤਸਰ ਦੇ ਪਿੰਡ ਥੇੜੀ ਭਾਈਕਾ ਦੇ ਗਰੀਬ ਪਰਿਵਾਰ ਦਾ ਕਾਕਾ ਸਿੰਘ ਦਿਹਾੜੀ ਕਰ ਕੇ ਆਪਣੀ ਜ਼ਿੰਦਗੀ ਤੋਰ ਰਿਹਾ ਹੈ। ਜਦੋਂ ਘਰ ਦੇ ਵਸੀਲੇ ਛੋਟੇ ਪੈ ਗਏ ਤਾਂ ਲਵਪ੍ਰੀਤ ਨੂੰ ਛੇਵੀਂ ਜਮਾਤ ਵਿੱਚੋਂ ਹੀ ਹਟਾਉਣਾ ਪੈ ਗਿਆ। ਗੁਰਸਿੱਖ ਪਿਤਾ ਕਾਕਾ ਸਿੰਘ ਆਖਦਾ ਹੈ ਕਿ ਲਵਪ੍ਰੀਤ ਆਪਣੀ ਮਾਂ ਸੰਦੀਪ ਕੌਰ ਨਾਲ ਰਾਜਸਥਾਨ ਗਿਆ ਸੀ, ਜਿੱਥੋਂ ਉਸ ਦੀ ਮਾਂ ਤਾਂ ਵਾਪਸ ਆ ਗਈ ਪਰ ਲਵਪ੍ਰੀਤ ਨੇ ਦੋ ਦਿਨਾਂ ਮਗਰੋਂ ਪਿੰਡ ਆਉਣ ਦੀ ਗੱਲ ਆਖੀ। ਹੁਣ ਉਹ ਕਦੇ ਪਿੰਡ ਨਹੀਂ ਆ ਸਕੇਗਾ। ਅੱਜ ਉਸ ਦੀ ਲਾਸ਼ ਪਿੰਡ ਪੁੱਜੀ। ਲਟ ਲਟ ਬਦਲੇ ਸਿਵੇ ਵਿੱਚ ਹੀ ਇਸ ਗਰੀਬ ਪਰਿਵਾਰ ਦੇ ਅਰਮਾਨ ਦਫ਼ਨ ਹੋ ਗਏ। ਬਾਪ ਆਖਦਾ ਹੈ ਕਿ ਉਸ ਦੀ ਬਰਾਬਰ ਦੀ ਬਾਂਹ ਟੁੱਟ ਗਈ ਹੈ। ਭੂਆ ਰਾਜਦੀਪ ਕੌਰ ਦੱਸਦੀ ਹੈ ਕਿ ਉਸ ਦਾ ਭਤੀਜਾ ਲਵਪ੍ਰੀਤ ਉਸ ਤੋਂ ਰੋਟੀ ਖਾ ਕੇ ਪਿੰਡ ਵਿੱਚ ਚਲਾ ਗਿਆ, ਜਿੱਥੋਂ ਉਹ ਪਿੰਡ ਦੀ ਸੰਗਤ ਨਾਲ ਪੰਚਕੂਲਾ ਚਲਾ ਗਿਆ। ਭੂਆ ਨੂੰ ਵੀ ਉਲਾਂਭੇ ਦੀ ਪੰਡ ਜ਼ਿੰਦਗੀ



ਭਰ ਚੁੱਕਣੀ ਪਵੇਗੀ। ਲਵਪ੍ਰੀਤ ਦੇ ਮਾਪੇ ਕਦੇ ਡੇਰਾ ਸਿਰਸਾ ਨਹੀਂ ਗਏ। ਪੰਚਕੂਲਾ ਅਦਾਲਤ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਕੀਤੇ ਦੀ ਸਜ਼ਾ ਦੇ ਦਿੱਤੀ ਹੈ ਪਰ ਜਿਨ੍ਹਾਂ ਪਰਿਵਾਰਾਂ ਦੇ ਜੀਅ ਹਿੰਸਾ ਵਿੱਚ ਚਲੇ ਗਏ, ਉਨ੍ਹਾਂ ਦੀ ਤਾਂ ਕਿਤੇ ਅਪੀਲ ਵੀ ਨਹੀਂ ਹੋ ਸਕੇਗੀ। ਡੇਰਾ ਸਿਰਸਾ ਦੇ ਹਿੰਸਾ ਫੈਲਾਉਣ ਵਾਲਿਆਂ ਨੂੰ ਤਾਂ ਕਾਨੂੰਨ ਸਬਕ ਸਿਖਾਏਗਾ। ਗੱਲ ਸਾਹਮਣੇ ਆਈ ਹੈ ਕਿ ਬਹੁਤੇ ਪੈਰੋਕਾਰਾਂ ਨੂੰ ਤਾਂ ਡੇਰਾ ਪ੍ਰਬੰਧਕ ਪੰਚਕੂਲਾ ਵਿੱਚ ਸਤਿਸੰਗ ਹੋਣ ਦੀ ਗੱਲ ਆਖ ਕੇ ਲੈ ਗਏ ਸਨ। ਬਰਨਾਲਾ ਦੇ ਪਿੰਡ ਬਡਬਰ ਦਾ ਜਗਰੂਪ ਸਿੰਘ ਸਤਿਸੰਗ ਕਰ ਕੇ ਹੀ ਪੰਚਕੂਲਾ ਗਿਆ ਸੀ, ਜਿੱਥੇ ਉਹ ਹਿੰਸਾ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਜੋ ਡੇਰਾ ਸਿਰਸਾ ਵਿੱਚ ਜ਼ਿੰਦਗੀ ਦੀ ਤਲਾਸ਼ ਵਿੱਚ ਜਾਂਦੇ ਸਨ, ਉਨ੍ਹਾਂ ਵਿੱਚੋਂ ਕੁਝ ਪਰਿਵਾਰ ਆਪਣੇ ਕਮਾਊ ਜੀਅ ਗੁਆ ਬੈਠੇ ਹਨ। ਲਹਿਰਾਗਾਗਾ ਦੇ ਰਿਕਸ਼ਾ ਚਾਲਕ ਮੱਘਰ ਸਿੰਘ ਦਾ 22 ਵਰ੍ਹਿਆਂ ਦਾ ਲੜਕਾ ਰਣਜੀਤ ਸਿੰਘ ਵੀ ਪੰਚਕੂਲਾ ਹਿੰਸਾ ਦੀ ਭੇਟ ਚੜ੍ਹ ਗਿਆ ਹੈ। ਇਵੇਂ ਹੀ ਸੰਗਰੂਰ ਦੇ ਪਿੰਡ ਡੂਡੀਆ ਦਾ ਖੇਤੀ ਕਰਨ ਵਾਲਾ ਉਗਰਸੈਨ ਵੀ ਪੰਚਕੂਲਾ ਹਿੰਸਾ ਦਾ ਸ਼ਿਕਾਰ ਹੋ ਗਿਆ। ਪੰਚਕੂਲਾ ਹਿੰਸਾ ਉਨ੍ਹਾਂ ਨੂੰ ਕਦੇ ਨਹੀਂ ਭੁੱਲੇਗੀ। ਹੁਣ ਤੱਕ ਇਸ ਹਿੰਸਾ ਵਿੱਚ 38 ਵਿਅਕਤੀ ਜਾਨ ਗੁਆ ਚੁੱਕੇ ਹਨ। ਡੇਰਾ ਮੁਖੀ ਨੂੰ ਬਚਾਉਣ ਦੇ ਚੱਕਰ ਵਿੱਚ ਡੇਰਾ ਪੈਰੋਕਾਰਾਂ ਨੇ ਸਮਾਜਿਕ ਭਾਈਚਾਰੇ ਨੂੰ ਵੀ ਤਾਰ ਤਾਰ ਕਰ ਦਿੱਤਾ। ਇਹ ਦਾਗ ਵੀ ਪੈਰੋਕਾਰਾਂ ਦੇ ਮੱਥੇ ਤੋਂ ਕਦੇ ਮਿਟ ਨਹੀਂ ਸਕੇਗਾ।

## ਬੱਚੇ ਦੀਆਂ ਅੰਤਿਮ ਰਸਮਾਂ ਲਈ ਪਾਵਨ ਸਰੂਪ ਵਾਸਤੇ ਤਰਲੇ ਕਰਦੇ ਰਹੇ ਅੰਮ੍ਰਿਤਧਾਰੀ ਮਾਪੇ

**ਗਿੱਦੜਬਾਹਾ/ਬਿਊਰੋ ਨਿਊਜ਼ :** ਪਿੰਡ ਥੇੜ੍ਹੀ ਭਾਈਕਾ ਦੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਪੰਚਕੂਲਾ ਹਿੰਸਾ ਦੀ ਭੇਟ ਚੜ੍ਹੇ ਬੱਚੇ ਲਵਪ੍ਰੀਤ ਸਿੰਘ ਦੇ ਮਾਪਿਆਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ, ਜਿਸ ਕਰ ਕੇ ਲਵਪ੍ਰੀਤ ਸਿੰਘ ਦੇ ਗੁਰਸਿੱਖ ਮਾਪੇ ਦੋ ਦਿਨ ਪ੍ਰਬੰਧਕਾਂ ਕੋਲ ਤਰਲੇ ਪਾਉਂਦੇ ਰਹੇ। ਜਦੋਂ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਦਫ਼ਤਰ ਪੁੱਜਿਆ ਤਾਂ ਪਿੰਡ ਥੇੜ੍ਹੀ ਭਾਈਕਾ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਿੱਤੇ। ਮ੍ਰਿਤਕ ਬੱਚੇ ਦੇ ਅੰਮ੍ਰਿਤਧਾਰੀ ਪਿਤਾ ਕਾਕਾ ਸਿੰਘ ਦਾ ਕਹਿਣਾ ਸੀ ਕਿ ਉਹ ਦੋ ਦਿਨਾਂ ਮਗਰੋਂ ਪਾਠ ਦਾ ਪ੍ਰਕਾਸ਼ ਕਰਾ ਸਕੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦਾ ਡੇਰਾ ਸਿਰਸਾ ਨਾਲ ਕੋਈ ਸਬੰਧ ਨਹੀਂ ਹੈ। ਮ੍ਰਿਤਕ ਬੱਚੇ ਦੀ ਮਾਂ ਸੰਦੀਪ ਕੌਰ ਦਾ ਕਹਿਣਾ ਸੀ ਕਿ ਉਹ ਲਵਪ੍ਰੀਤ ਨਮਿਤ ਪਾਠ ਦਾ ਭੋਗ ਵੀ ਸਮੇਂ ਸਿਰ ਨਹੀਂ ਪਾ ਸਕੇ, ਕਿਉਂਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਡੇਰਾ ਪ੍ਰੇਮੀ ਸਮਝ ਕੇ ਦੋ ਦਿਨ ਸਰੂਪ ਨਹੀਂ ਦਿੱਤੇ। ਬਾਪ ਕਾਕਾ ਸਿੰਘ ਦਾ ਕਹਿਣਾ ਸੀ ਕਿ ਜਿਸ ਦਿਨ ਉਨ੍ਹਾਂ ਦੇ ਬੱਚੇ ਦਾ ਸਸਕਾਰ ਸੀ, ਪਿੰਡ ਦੇ ਗੁਰਦੁਆਰੇ ਦੇ ਗ੍ਰੰਥੀ ਨੇ ਸਸਕਾਰ ਦਾ ਹੋਕਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ, ਜਦੋਂਕਿ ਅੱਜ ਇਕ ਡੇਰਾ ਪੈਰੋਕਾਰ ਦੀ ਮੌਤ ਬਾਰੇ ਗ੍ਰੰਥੀ ਨੇ ਹੋਕਾ ਦੇ ਦਿੱਤਾ। ਉਨ੍ਹਾਂ ਆਖਿਆ ਕਿ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਉਨ੍ਹਾਂ ਦੇ ਪਰਿਵਾਰ ਨਾਲ ਵਿਤਕਰਾ ਕੀਤਾ ਹੈ।

**ਗੁਰਦੁਆਰੇ ਦੇ ਮੈਨੇਜਰ ਨੇ ਦੋਸ਼ ਨਕਾਰੇ :**

ਗੁਰਦੁਆਰਾ ਥੇੜ੍ਹੀ ਸਾਹਿਬ ਦੇ ਮੈਨੇਜਰ ਦਰਸ਼ਨ ਸਿੰਘ ਦਾ ਕਹਿਣਾ ਸੀ ਕਿ ਬੱਚੇ ਦੀ ਮੌਤ ਹੋਣ ਕਰ ਕੇ ਉਸ ਦਾ ਪਿਤਾ ਕਾਕਾ ਸਿੰਘ ਅਸ਼ਾਂਤ ਹੋ ਗਿਆ ਹੈ, ਜਦੋਂਕਿ ਸਰੂਪ ਨਾ ਦੇਣ ਜਿਹੀ ਕੋਈ ਗੱਲ ਨਹੀਂ ਹੈ। ਉਨ੍ਹਾਂ ਆਖਿਆ ਕਿ ਕਾਕਾ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਿੱਤੇ ਗਏ ਹਨ ਅਤੇ ਪਾਠ ਪ੍ਰਕਾਸ਼ ਹੋ ਚੁੱਕਾ ਹੈ। ਉਨ੍ਹਾਂ ਆਖਿਆ ਕਿ ਬੱਚੇ ਦੇ ਸਸਕਾਰ ਮੌਕੇ ਇਸ ਕਰ ਕੇ ਹੋਕਾ ਨਹੀਂ ਦਿੱਤਾ ਸੀ ਕਿ ਕਿਉਂਕਿ ਧਾਰਾ 144 ਲੱਗੀ ਹੋਈ ਸੀ ਅਤੇ ਹੋਕੇ ਕਾਰਨ ਇਕੱਠ ਹੋਣ ਦਾ ਡਰ ਸੀ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਗੁਰਪਾਲ ਸਿੰਘ ਗੋਰਾ ਨੇ ਕਿਹਾ ਕਿ ਉਨ੍ਹਾਂ ਨੂੰ ਹੁਕਮ ਹਨ ਕਿ ਕਿਸੇ ਡੇਰਾ ਪ੍ਰੇਮੀ ਨੂੰ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਨਾ ਦਿੱਤੀ ਜਾਵੇ ਤੇ ਕਾਕਾ ਸਿੰਘ ਦੇ ਪਰਿਵਾਰ ਦੀ ਪੁੱਛਗਿੱਛ ਮਗਰੋਂ ਉਨ੍ਹਾਂ ਦਾ ਡੇਰੇ ਨਾਲ ਕੋਈ ਸਬੰਧ ਨਾ ਹੋਣ ਕਰ ਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਦੇ ਦਿੱਤਾ ਗਿਆ ਹੈ।

## ਹਾਈ ਕੋਰਟ ਨੇ ਹੁੱਲੜਬਾਜ਼ਾਂ ਖ਼ਿਲਾ.ਫ ਸ.ਖਤੀ ਨੂੰ ਜਾਇਜ਼ ਠਹਿਰਾਇਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਡੇਰਾ ਮੁਖੀ ਰਾਮ ਰਹੀਮ ਗੁਰਮੀਤ ਸਿੰਘ ਨੂੰ ਪੰਚਕੂਲਾ ਸਥਿਤ ਵਿਸ਼ੇਸ਼ ਸੀਬੀਆਈ ਅਦਾਲਤ ਵੱਲੋਂ ਦੋਸ਼ੀ ਗਰਦਾਨੇ ਜਾਣ ਬਾਅਦ ਭੜਕੀ ਹਿੰਸਾ ਦੌਰਾਨ ਪੁਲੀਸ ਫਾਇਰਿੰਗ ਬਾਰੇ ਕਿੰਤੂ ਕਰਦੀ ਕੁੱਝ ਵਕੀਲਾਂ ਵੱਲੋਂ ਦਾਇਰ ਪਟੀਸ਼ਨ ਨੂੰ ਦਰਕਿਨਾਰ ਕਰਦਿਆਂ ਹਾਈਕੋਰਟ ਨੇ ਕਿਹਾ ਕਿ ਇਹ ਜੰਗ ਵਰਗੀ ਸਥਿਤੀ ਸੀ ਅਤੇ ਇੱਕ ਜੰਗ ਦੀ ਤਰ੍ਹਾਂ ਹੀ ਲੜਨ ਦੀ ਲੋੜ ਸੀ। ਕੁੱਝ ਵਕੀਲਾਂ ਵੱਲੋਂ ਦਾਇਰ ਪਟੀਸ਼ਨ ਕਿ ਭੀੜ ਨੂੰ ਖਿਡਾਉਣ ਲਈ ਸਿੱਧੀ ਗੋਲੀ ਚਲਾਉਣ ਦੀ ਥਾਂ ਪੈਲੇਟ ਗੰਨਾਂ ਦੀ ਵਰਤੋਂ ਕੀਤੀ ਜਾ ਸਕਦੀ ਸੀ, ਨੂੰ ਸੁਣਵਾਈ ਲਈ ਸਵੀਕਾਰ ਨਾ ਕਰਦਿਆਂ ਹਾਈਕੋਰਟ ਦੇ ਪੂਰਾ ਬੈਂਚ ਨੇ ਇੱਕਸੁਰ ਹੋ ਕੇ ਗਰਜਿਆ, 'ਤੁਸੀਂ ਚਾਹੁੰਦੇ ਹੋ ਕਿ ਪੁਲੀਸ ਨਰਮ ਰਹੇ। ਜੇ ਲੋਕ ਬਦਅਮਨੀ ਫੈਲਾਉਂਦੇ ਦੇਖੇ ਜਾਂਦੇ ਨੇ ਤਾਂ ਉਨ੍ਹਾਂ ਨੂੰ ਗੋਲੀ ਮਾਰੀ ਜਾ ਸਕਦੀ ਹੈ।' ਕਾਰਜਕਾਰੀ ਚੀਫ ਜਸਟਿਸ ਐੱਸ ਐੱਸ ਸਾਰੋਂ ਦੀ ਅਗਵਾਈ ਵਾਲੇ ਫੁਲ ਬੈਂਚ, ਜਿਸ ਵਿੱਚ ਜਸਟਿਸ ਸੂਰਿਆ ਕਾਂਤ, ਜਸਟਿਸ ਅਵਨੀਸ਼ ਝਿੰਗਨ ਸ਼ਾਮਲ ਸਨ, ਨੇ ਕਿਹਾ ਕਿ ਸਥਿਤੀ ਵਿੱਚ ਦੰਗਾਕਾਰੀਆਂ ਦਾ ਹੱਥ ਕਿਤੇ ਉਪਰ ਸੀ ਅਤੇ ਪੁਲੀਸ ਪੀੜਤ ਧਿਰ ਸੀ। ਬੈਂਚ ਨੇ ਕਿਹਾ, 'ਦੰਗਿਆਂ ਦੀ ਸਥਿਤੀ ਵਿੱਚ ਸਖਤ ਹੋਣਾ ਪੈਂਦਾ ਹੈ। ਜਦੋਂ ਲੋਕ ਪੈਟਰੋਲ ਬੰਬਾਂ, ਲਾਠੀਆਂ ਤੇ ਹੋਰ ਹਥਿਆਰਾਂ ਨਾਲ ਲੈਸ ਹੋ ਕੇ ਆਉਣ ਤਾਂ ਇਸ ਨੂੰ ਸੰਗਠਤ ਅਪਰਾਧ ਮੰਨਿਆ ਜਾਂਦਾ ਹੈ। ਜੇ ਲੋਕ ਅੱਗਾਂ ਲਾਉਣ, ਦੰਗੇ ਭੜਕਾਉਣ ਅਤੇ ਭੰਨਤੋੜ ਕਰਦੇ ਹਨ ਤਾਂ ਫਿਰ ਸਖਤ ਹੋਣ ਦੀ ਲੋੜ ਹੈ।

# ਬਲਾਤਕਾਰੀ ਰਾਮ ਰਹੀਮ ਦੇ ਬੋਲ ਪਗਾਉਂਦੇ ਰਹੇ ਕੈਪਟਨ ਤੇ ਬਾਦਲ

- **ਕੈਪਟਨ ਨੇ ਪਿੰਡ ਕੈਲੇ ਵਾਂਦਰ ਦਾ ਨਾਂ ਰਾਮ ਰਹੀਮ ਦੀ ਮਾਂ ਦੇ ਨਾਂ 'ਤੇ ਨਸੀਬਪੁਰਾ ਰੱਖਿਆ**
- **ਬਾਦਲ ਨੇ ਪਿੰਡ ਕੋਟਲੀ ਖੁਰਦ ਦਾ ਨਾਂ ਬਦਲ ਕੇ ਪ੍ਰੇਮ ਕੋਟਲੀ ਰੱਖਿਆ**

ਬਠਿੰਡਾ/ਚਰਨਜੀਤ ਭੁੱਲਰ : ਪੰਜਾਬ ਵਿਚ ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਹਕੂਮਤ ਸਮੇਂ ਸਮੇਂ 'ਤੇ ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਦੇ ਬੋਲ ਪੁਗਾਉਂਦੀ ਰਹੀ ਹੈ। ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਡੇਰਾ ਮੁਖੀ ਨੂੰ ਖੁਸ਼ ਕਰਨ ਲਈ ਪਿੰਡ ਕੈਲੇ ਵਾਂਦਰ ਦਾ ਨਾਂ ਬਦਲ ਕੇ ਨਸੀਬਪੁਰਾ ਰੱਖਿਆ ਅਤੇ ਮਗਰੋਂ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਡੇਰਾ ਪ੍ਰੇਮੀਆਂ ਦੀ ਬਹੁਗਿਣਤੀ ਵਾਲੇ ਪਿੰਡ ਕੋਟਲੀ ਖੁਰਦ ਦਾ ਨਾਂ ਬਦਲ ਕੇ ਪ੍ਰੇਮ ਕੋਟਲੀ ਰੱਖ ਦਿੱਤਾ ਸੀ।

ਕੈਪਟਨ ਸਰਕਾਰ ਨੇ ਸਾਲ 2004-05 ਦੌਰਾਨ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੈਲੇ ਵਾਂਦਰ ਦਾ ਨਾਂ ਡੇਰਾ ਮੁਖੀ ਦੀ ਮਾਤਾ ਨਸੀਬ ਕੌਰ ਦੇ ਨਾਂ 'ਤੇ ਨਸੀਬਪੁਰਾ ਰੱਖਿਆ ਸੀ। ਇਸ ਬਾਰੇ ਨੋਟੀਫਿਕੇਸ਼ਨ ਕਾਂਗਰਸ ਹੂਕਮਤ ਸਮੇਂ ਜਾਰੀ ਹੋਇਆ ਸੀ। ਪਿੰਡ ਨਸੀਬਪੁਰਾ ਦੇ ਮੌਜੂਦਾ ਸਰਪੰਚ ਗੁਰਤੇਜ ਸਿੰਘ ਨੇ ਕਿਹਾ ਕਿ ਪਿੰਡ ਦੇ ਨਾਂ ਦੇ ਪਿਛੋਕੜ ਬਾਰੇ ਉਹ ਕੁਝ ਨਹੀਂ ਜਾਣਦੇ ਪਰ ਏਨਾ ਜ਼ਰੂਰ ਪਤਾ ਹੈ ਕਿ ਜਦੋਂ ਪਿੰਡ ਦਾ ਨਾਂ ਬਦਲਿਆ ਜਾ ਰਿਹਾ ਸੀ ਤਾਂ ਉਦੋਂ ਪਿੰਡ ਦੇ ਵਾਂਦਰ ਗੋਤ ਦੇ ਬਾਸ਼ਿੰਦਿਆਂ ਨੇ ਇਤਰਾਜ਼ ਕੀਤਾ ਸੀ। ਦੱਸਣਯੋਗ ਹੈ ਕਿ ਇਸ ਪਿੰਡ ਵਿੱਚ ਨਾਮ ਚਰਚਾ ਘਰ ਵੀ ਬਣਿਆ ਹੋਇਆ ਹੈ ਤੇ ਪਿੰਡ ਦੀ ਵੋਟ ਕਰੀਬ 3150 ਹੈ। ਇਸ ਪਿੰਡ ਵਿੱਚ 70 ਫ਼ੀਸਦ ਡੇਰਾ ਪ੍ਰੇਮੀ ਹਨ। ਸੂਤਰਾਂ ਮੁਤਾਬਕ ਪੰਚਾਇਤੀ ਵੋਟਾਂ ਦੇ ਲਾਹੇ ਲਈ ਤਤਕਾਲੀ ਆਗੂਆਂ ਨੇ ਪੰਚਾਇਤੀ ਮਤਾ ਪਾਸ ਕਰ ਦਿੱਤਾ ਸੀ, ਜਿਸ 'ਤੇ ਕਾਂਗਰਸ ਸਰਕਾਰ ਨੇ ਮੋਹਰ ਲਾ ਦਿੱਤੀ ਸੀ। ਪਿੰਡ ਦੀ ਤਤਕਾਲੀ ਸਰਪੰਚ ਮਲਕੀਤ ਕੌਰ ਨੇ ਦੱਸਿਆ ਕਿ ਪਿੰਡ ਦੇ ਪ੍ਰੇਮੀ ਡੇਰਾ ਸਿਰਸਾ ਤੋਂ ਪਿੰਡ ਦਾ ਨਾਂ ਕਢਵਾ ਕੇ ਲਿਆਏ ਸਨ ਕਿਉਂਕਿ ਪਹਿਲਾਂ ਪਿੰਡ ਦਾ ਨਾਂ ਠੀਕ ਨਹੀਂ ਸੀ। ਇਸ ਕਰਕੇ ਬਹੁ-ਗਿਣਤੀ ਲੋਕਾਂ ਦੀ ਮੰਗ ਉਤੇ ਪਿੰਡ ਦਾ ਨਾਂ ਬਦਲਣ ਵਾਸਤੇ ਮਤਾ ਪਾਇਆ ਸੀ। ਇਸ ਪਿੰਡ ਦੇ ਡੇਰਾ ਪ੍ਰੇਮੀ ਨਸੀਬ ਸਿੰਘ ਨੇ ਕਿਹਾ ਕਿ ਪੁਰਾਣੇ ਸਮਿਆਂ ਵਿਚ ਪਿੰਡ ਵਿੱਚ ਛੱਪੜ ਕਿਨਾਰੇ ਬੈਠੇ ਸਾਧੂ 'ਤੇ ਔਰਤਾਂ ਨੇ ਇਲਜ਼ਾਮ ਲਾ ਦਿੱਤੇ ਸਨ, ਜਿਸ ਕਾਰਨ ਉਸ ਸਾਧੂ ਨੇ ਪਿੰਡ ਨੂੰ ਸਰਾਪ ਦਿੱਤਾ ਸੀ। ਪਿੰਡ ਵਿਚ ਕਾਫ਼ੀ ਸਮਾਂ ਪਹਿਲਾਂ ਜਦੋਂ ਸ਼ਾਹ ਸਤਨਾਮ ਆਇਆ ਸੀ ਤਾਂ ਲੋਕਾਂ ਨੇ ਬੇਨਤੀ ਕੀਤੀ ਕਿ ਉਨ੍ਹਾਂ ਦੇ ਪਿੰਡ ਦਾ ਕੋਈ ਕੰਮ-ਕਾਰ ਨਹੀਂ ਹੋ ਰਿਹਾ ਹੈ। ਸ਼ਾਹ ਸਤਨਾਮ ਨੇ ਉਦੋਂ ਵਰ ਦਿੱਤਾ ਸੀ ਕਿ ਇਹ ਨਸੀਬਾਂ ਵਾਲਾ ਪਿੰਡ ਹੋਵੇਗਾ, ਜਿਸ ਕਰ ਕੇ ਪਿੰਡ ਦਾ ਨਾਂ ਨਸੀਬਪੁਰਾ ਪਿਆ ਹੈ। ਕਈ ਲੋਕਾਂ ਦਾ ਕਹਿਣਾ ਹੈ ਕਿ ਡੇਰਾ ਮੁਖੀ ਦੀ ਮਾਤਾ ਨਸੀਬ ਕੌਰ ਦੇ ਨਾਂ 'ਤੇ ਪਿੰਡ ਦਾ ਨਾਂ ਨਸੀਬਪੁਰਾ ਰੱਖਿਆ ਗਿਆ ਸੀ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਡੇਢ-ਦੋ ਸਾਲ ਪਹਿਲਾਂ ਬਠਿੰਡਾ ਦੇ ਪਿੰਡ ਕੋਟਲੀ ਖੁਰਦ ਦਾ ਨਾਂ ਤਬਦੀਲ ਕਰਕੇ ਪ੍ਰੇਮ ਕੋਟਲੀ ਰੱਖ ਦਿੱਤਾ ਸੀ। ਲੋਕਾਂ ਨੇ ਦੱਸਿਆ ਕਿ ਕਾਫ਼ੀ ਅਰਸਾ ਪਹਿਲਾਂ ਡੇਰਾ ਸਿਰਸਾ ਦੇ ਤਤਕਾਲੀ ਮੁਖੀ ਸ਼ਾਹ ਸਤਨਾਮ ਪਿੰਡ ਕੋਟਲੀ ਖੁਰਦ ਆਇਆ ਸੀ, ਜਿਸ ਨੇ ਪਿੰਡ ਵਿੱਚ ਪ੍ਰੇਮੀਆਂ ਦੀ ਗਿਣਤੀ ਜ਼ਿਆਦਾ ਹੋਣ ਕਰ ਕੇ ਆਖਿਆ ਸੀ ਕਿ ਇਸ ਪਿੰਡ ਦਾ ਨਾਂ ਪ੍ਰੇਮ ਕੋਟਲੀ ਹੋਣਾ ਚਾਹੀਦਾ ਹੈ। ਪੰਚਾਇਤੀ ਮਤਾ ਪੈਣ ਮਗਰੋਂ ਗੱਠਜੋੜ ਸਰਕਾਰ ਨੇ ਇਸ ਪਿੰਡ ਦਾ ਨਾਂ ਹੱਥੋ-ਹੱਥੀ ਤਬਦੀਲ ਕਰ ਦਿੱਤਾ ਸੀ।

## ਆਸਾਰਾਮ ਮਾਮਲੇ 'ਚ ਦੇਰੀ ਲਈ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਪਾਈ ਝਾੜ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸੁਪਰੀਮ ਕੋਰਟ ਨੇ ਆਸਾਰਾਮ ਬਾਪੂ ਦੀ ਸ਼ਮੂਲੀਅਤ ਵਾਲੇ ਬਲਾਤਕਾਰ ਮਾਮਲੇ ਦੀ ਸੁਸਤ ਰਫ਼ਤਾਰ ਸੁਣਵਾਈ ਨੂੰ ਲੈ ਕੇ ਗੁਜਰਾਤ ਸਰਕਾਰ ਦੀ ਖਿਚਾਈ ਕਰਦਿਆਂ ਹਲਫ਼ਨਾਮਾ ਦਰਜ ਕਰਨ ਲਈ ਕਿਹਾ ਹੈ। ਕੇਸ ਦੀ ਅਗਲੀ ਸੁਣਵਾਈ ਦੀਵਾਲੀ ਮਗਰੋਂ ਹੋਵੇਗੀ।

ਜਸਟਿਸ ਐਨ.ਵੀ.ਰਾਮੰਨਾ ਤੇ ਜਸਟਿਸ ਅਮਿਤਵਾ ਰੌਇ ਦੀ ਅਗਵਾਈ ਵਾਲੇ ਬੈਂਚ ਨੇ ਸਰਕਾਰ ਨੂੰ ਪੁੱਛਿਆ ਹੈ ਕਿ ਮਾਮਲੇ ਦੀ ਸੁਣਵਾਈ ਕਰ ਰਹੀ ਟਰਾਇਲ ਕੋਰਟ ਵੱਲੋਂ ਅਜੇ ਤਕ ਬਲਾਤਾਕਾਰ ਪੀੜਤਾਂ ਤੋਂ ਕੋਈ ਪੁੱਛ ਪੜਤਾਲ ਕਿਉਂ ਨਹੀਂ ਕੀਤੀ ਗਈ। ਸਿਖਰਲੀ ਅਦਾਲਤ ਨੇ ਲੰਘੀ 12 ਅਪ੍ਰੈਲ ਨੂੰ ਟਰਾਇਲ ਕੋਰਟ ਨੂੰ ਸੂਰਤ ਆਧਾਰਤ ਦੋ ਭੈਣਾਂ ਨਾਲ ਆਸਾਰਾਮ ਬਾਪੂ ਵੱਲੋਂ ਕੀਤੇ ਜਿਨਸੀ ਸ਼ੋਸ਼ਣ ਮਾਮਲੇ ਵਿਚ ਪ੍ਰੌਸੀਕਿਊਸ਼ਨ ਦੇ ਦੋ ਗਵਾਹਾਂ ਦੇ ਬਿਆਨ ਦਰਜ ਕਰਨ ਲਈ ਵੀ ਕਿਹਾ ਸੀ।

ਅਦਾਲਤ ਨੇ ਬਲਾਤਕਾਰ ਪੀੜਤ ਦੋਵੇਂ ਭੈਣਾਂ ਸਮੇਤ ਮੁਕੱਦਮੇ ਨਾਲ ਸਬੰਧਤ ਬਾਕੀ ਰਹਿੰਦੇ 46 ਗਵਾਹਾਂ ਦੇ ਬਿਆਨ ਰਿਕਾਰਡ ਕਰਨ ਦੀ ਹਦਾਇਤ ਕੀਤੀ ਹੈ। ਇਸ ਤੋਂ ਪਹਿਲਾਂ ਸਿਖਰਲੀ ਅਦਾਲਤ ਆਸਾਰਾਮ ਖ਼ਿਲਾਫ਼ ਰਾਜਸਥਾਨ ਤੇ ਗੁਜਰਾਤ ਵਿੱਚ ਦਰਜ ਜਿਨਸੀ ਸ਼ੋਸ਼ਣ ਦੇ ਦੋ ਵੱਖੋ ਵੱਖਰੇ ਕੇਸਾਂ ਵਿਚ ਸਿਹਤ ਨਾਸਾਜ਼ ਰਹਿਣ ਦਾ ਹਵਾਲਾ ਦੇ ਕੇ ਮੰਗੀ ਜ਼ਮਾਨਤ ਦੀ ਅਰਜ਼ੀ ਰੱਦ ਕਰ ਚੁੱਕੀ ਹੈ। ਯਾਦ ਰਹੇ ਕਿ ਸੂਰਤ ਅਧਾਰਤ ਦੋ ਭੈਣਾਂ ਨੇ ਆਸਾਰਾਮ ਤੇ ਉਸ ਦੇ ਪੁੱਤਰ ਨਰਾਇਣ ਸਾਈ ਖ਼ਿਲਾਫ਼ ਬਲਾਤਕਾਰ ਤੇ ਨਾਜਾਇਜ਼ ਹਿਰਾਸਤ ਵਿੱਚ ਰੱਖਣ ਦੇ ਦੋਸ਼ਾਂ ਤਹਿਤ ਵੱਖੋ ਵੱਖਰੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਸਨ। ਜੋਧਪੁਰ ਪੁਲੀਸ ਨੇ ਆਸਾਰਾਮ ਨੂੰ 31 ਅਗਸਤ 2013 ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਦੋਂ ਤੋਂ ਉਹ ਜੇਲ੍ਹ ਵਿੱਚ ਹੈ।

# ਮੋਦੀ ਸਰਕਾਰ ਨੂੰ ਸੁਪਰੀਮ ਕੋਰਟ ਦਾ ਝਟਕਾ, ਨਿੱਜਤਾ ਮੌਲਿਕ ਅਧਿਕਾਰ ਕਰਾਰ

**ਨਵੀਂ ਦਿੱਲੀ/ਬਿਊਰੋ ਨਿਊਜ਼ :**

ਮੋਦੀ ਸਰਕਾਰ ਨੂੰ ਝਟਕਾ ਦਿੰਦਿਆਂ ਸਾਰੇ ਭਾਰਤੀਆਂ ਦੇ ਜੀਵਨ ਉਤੇ ਅਸਰ ਪਾਉਣ ਵਾਲੇ ਮਿਸਾਲੀ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਸਰਬਸੰਮਤੀ ਨਾਲ ਐਲਾਨ ਕੀਤਾ ਕਿ ਨਿੱਜਤਾ ਦਾ ਅਧਿਕਾਰ ਸੰਵਿਧਾਨ ਅਧੀਨ ਮੌਲਿਕ ਅਧਿਕਾਰ ਹੈ।

ਚੀਫ ਜਸਟਿਸ ਜੇ.ਐਸ. ਖੇਹਰ ਦੀ ਅਗਵਾਈ ਵਾਲੇ ਨੌਂ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕਿਹਾ ਕਿ ਨਿੱਜਤਾ ਦਾ ਅਧਿਕਾਰ, ਸੰਵਿਧਾਨ ਦੇ ਸਮੁੱਚੇ ਭਾਗ 3 ਅਤੇ ਧਾਰਾ 21 ਅਧੀਨ ਮਿਲੇ 'ਜੀਣ ਦਾ ਅਧਿਕਾਰ ਤੇ ਸ਼ਖ਼ਸੀ ਆਜ਼ਾਦੀ' ਦਾ ਮੂਲ ਤੱਤ ਹੈ। ਇਸ ਬੇਹੱਦ ਵਿਵਾਦੀ ਮੁੱਦੇ ਉਤੇ ਫੈਸਲੇ ਉਨ੍ਹਾਂ ਪਟੀਸ਼ਨਾਂ ਦੇ ਪੁਲੰਦੇ ਉਪਰ ਸੁਣਵਾਈ ਦੌਰਾਨ ਆਇਆ, ਜਿਨ੍ਹਾਂ ਵਿੱਚ ਵੱਖ ਵੱਖ ਸਮਾਜ ਭਲਾਈ ਸਕੀਮਾਂ ਦੀ ਪ੍ਰਾਪਤੀ ਲਈ ਕੇਂਦਰ ਸਰਕਾਰ ਵੱਲੋਂ ਆਧਾਰ ਨੂੰ ਲਾਜ਼ਮੀ ਕਰਨ ਦੇ ਕਦਮ ਨੂੰ ਚੁਣੌਤੀ ਦਿੱਤੀ ਗਈ ਸੀ। ਕੇਂਦਰ ਸਰਕਾਰ ਨੇ ਦਲੀਲ ਦਿੱਤੀ ਕਿ ਨਿੱਜਤਾ ਦਾ ਅਧਿਕਾਰ 'ਮੌਲਿਕ ਅਧਿਕਾਰ' ਨਹੀਂ ਹੈ, ਜਦੋਂ ਕਿ ਪਟੀਸ਼ਨਰਾਂ ਦਾ ਤਰਕ ਸੀ ਕਿ ਜਦੋਂ ਕੋਈ ਨਾਗਰਿਕ ਆਪਣਾ ਬਾਇਓਮੈਟਰਿਕਸ ਤੇ ਹੋਰ ਨਿੱਜੀ ਵੇਰਵਾ ਸਰਕਾਰ ਨੂੰ ਦਿੰਦਾ ਹੈ ਅਤੇ ਇਸ ਦੀ ਵਰਤੋਂ ਵਪਾਰਕ ਆਰਗੇਨਾਈਜੇਸ਼ਨਾਂ ਵੱਲੋਂ ਕੀਤੀ ਜਾਂਦੀ ਹੈ ਤਾਂ ਇਹ ਨਿੱਜਤਾ ਦੀ ਉਲੰਘਣਾ ਹੈ। ਇਸ ਕੇਸ ਦਾ ਫੈਸਲਾ ਨਿੱਜਤਾ ਦੇ ਅਧਿਕਾਰ ਦੇ ਮਸਲੇ ਤੱਕ ਸੀਮਤ ਸੀ ਅਤੇ ਆਧਾਰ ਨਾਲ ਨਿੱਜਤਾ ਦੇ ਅਧਿਕਾਰ ਦੀ ਉਲੰਘਣਾ ਦੇ ਸਵਾਲ ਨਾਲ ਪੰਜ ਜੱਜਾਂ ਦਾ ਬੈਂਚ ਸਿੱਝੇਗਾ, ਜੋ 2015 ਤੋਂ ਇਨ੍ਹਾਂ ਪਟੀਸ਼ਨਾਂ ਦੀ ਸੁਣਵਾਈ ਕਰ ਰਿਹਾ ਹੈ। ਫੈਸਲਾ ਕਰਨ ਵਾਲੇ ਬੈਂਚ ਦੇ ਹੋਰ ਮੈਂਬਰਾਂ ਜਸਟਿਸ ਜੇ ਚੇਲਾਮੇਸ਼ਵਰ, ਐਸ.ਏ. ਬੋਬੜੇ, ਆਰ.ਕੇ. ਅਗਰਵਾਲ, ਆਰ. ਐਫ. ਨਾਰੀਮਨ, ਏ.ਐਮ. ਸਪਰੇ, ਡੀ.ਵਾਈ. ਚੰਦਰਚੂੜ, ਐਸ.ਕੇ. ਕੌਲ ਅਤੇ ਐਸ. ਅਬਦੂਲ ਨਜ਼ੀਰ ਦਾ ਵੀ ਇਹੀ ਨਜ਼ਰੀਆ ਸੀ। ਨੌਂ ਜੱਜਾਂ ਨੇ ਸਰਬਸੰਮਤੀ ਨਾਲ ਸੁਪਰੀਮ ਕੋਰਟ ਦੇ ਉਨ੍ਹਾਂ ਦੋ ਪੁਰਾਣੇ ਫੈਸਲਿਆਂ ਨੂੰ ਪਲਟ ਦਿੱਤਾ, ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਨਿੱਜਤਾ ਦੇ ਅਧਿਕਾਰ ਨੂੰ ਸੰਵਿਧਾਨ ਅਧੀਨ ਕੋਈ ਸੁਰੱਖਿਆ ਨਹੀਂ ਹੈ।



ਬੈਂਚ ਨੇ ਐਮ.ਪੀ. ਸ਼ਰਮਾ ਦੇ ਕੇਸ ਵਿੱਚ 1950 ਅਤੇ ਖੜਕ ਸਿੰਘ ਦੇ ਕੇਸ ਵਿੱਚ 1960 ਵਿੱਚ ਆਇਆ ਫੈਸਲਾ ਪਲਟਿਆ। ਖੜਕ ਸਿੰਘ ਕੇਸ ਦੇ ਫੈਸਲੇ ਵਿੱਚ ਛੇ ਜੱਜਾਂ ਅਤੇ ਐਮ.ਪੀ. ਸ਼ਰਮਾ ਦੇ ਕੇਸ ਵਿੱਚ ਅੱਠ ਜੱਜਾਂ ਨੇ ਫੈਸਲਾ ਸੁਣਾਇਆ ਸੀ। ਫੈਸਲੇ ਦਾ ਮੁੱਖ ਭਾਗ ਪੜ੍ਹਨ ਵਾਲੇ ਜਸਟਿਸ ਖੇਹਰ ਨੇ ਕਿਹਾ ਕਿ ਐਮ.ਪੀ. ਸ਼ਰਮਾ ਅਤੇ ਖੜਕ ਸਿੰਘ ਕੇਸਾਂ ਮਗਰੋਂ ਆਏ ਫੈਸਲਿਆਂ ਵਿੱਚ ਇਸ ਕਾਨੂੰਨ ਨੂੰ ਸਹੀ ਸੰਦਰਭ ਵਿੱਚ ਰੱਖਿਆ ਗਿਆ ਹੈ।

ਫੈਸਲਾ ਸੁਣਾਉਣ ਤੋਂ ਪਹਿਲਾਂ ਚੀਫ਼ ਜਸਟਿਸ ਨੇ ਕਿਹਾ ਕਿ ਨੌਂ ਜੱਜਾਂ ਵਿੱਚੋਂ ਕੁੱਝ ਨੇ ਆਪਣੇ ਹੁਕਮ ਵੱਖ ਵੱਖ ਲਿਖਾਏ। ਛੇ ਦਿਨ ਲੰਮੀ ਚੱਲੀ ਜਿਰ੍ਹਾ ਮਗਰੋਂ ਇਸ ਕੇਸ ਦਾ ਫੈਸਲਾ ਰਾਖਵਾਂ ਰੱਖਿਆ ਗਿਆ ਸੀ। ਮੁੱਢਲੇ ਤੌਰ ਉਤੇ 7 ਜੁਲਾਈ ਨੂੰ ਤਿੰਨ ਜੱਜਾਂ ਦੇ ਬੈਂਚ ਨੇ ਕਿਹਾ ਸੀ ਕਿ ਆਧਾਰ ਨਾਲ ਸਬੰਧਤ ਉਪਜੇ ਸਾਰੇ ਮਸਲਿਆਂ ਬਾਰੇ ਵਡੇਰੇ ਬੈਂਚ ਨੂੰ ਫੈਸਲਾ ਕਰਨਾ ਚਾਹੀਦਾ ਹੈ ਅਤੇ ਸੰਵਿਧਾਨਕ ਬੈਂਚ ਦੇ ਗਠਨ ਦਾ ਮਾਮਲਾ ਚੀਫ ਜਸਟਿਸ ਉਤੇ ਛੱਡਿਆ ਸੀ। ਹਾਲਾਂਕਿ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ 18 ਜੁਲਾਈ ਨੂੰ ਨੌਂ ਜੱਜਾਂ ਦੇ ਬੈਂਚ ਦਾ ਗਠਨ ਕਰਨ ਦਾ ਫੈਸਲਾ ਕੀਤਾ ਸੀ।

ਇਸ ਫੈਸਲੇ ਦਾ ਸਵਾਗਤ ਕਰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਿਹਾ ਕਿ ਸੁਪਰੀਮ ਕੋਰਟ ਦਾ ਫੈਸਲਾ ਸ਼ਖ਼ਸੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੇ ਨਵੇਂ ਦੌਰ ਦਾ ਸੂਚਕ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਇਹ ਫੈਸਲਾ ਫਾਸ਼ੀਵਾਦੀ ਤਾਕਤਾਂ ਲਈ ਵੱਡਾ ਝਟਕਾ ਹੈ ਅਤੇ ਨਿਗਰਾਨੀ ਰਾਹੀਂ ਦਬਾਉਣ ਦੀ ਭਾਜਪਾ ਦੀ ਵਿਚਾਰਧਾਰਾ ਨੂੰ ਰੱਦ ਕਰਨ ਦੇ ਬਰਾਬਰ ਹੈ। ਵੱਖਰਾ ਆਦੇਸ਼ ਲਿਖਾਉਣ ਵਾਲੇ ਜਸਟਿਸ ਸੰਜੈ ਕਿਸ਼ਨ ਕੌਲ ਨੇ ਕਿਹਾ ਕਿ ਨਿੱਜਤਾ ਦੇ ਅਧਿਕਾਰ ਦੀ ਰਾਜਕੀ ਤੇ ਗੈਰ ਰਾਜਕੀ ਦੋਵਾਂ ਤਰ੍ਹਾਂ ਦੇ ਤੱਤਾਂ ਤੋਂ ਸੁਰੱਖਿਆ ਯਕੀਨੀ ਬਣਾਉਣੀ ਪਵੇਗੀ। ਉਨ੍ਹਾਂ ਕਿਹਾ ਕਿ ਡਿਜੀਟਲ ਦੌਰ ਵਿੱਚ ਬੱਚਿਆਂ ਦੀ ਨਿੱਜਤਾ ਲਈ ਵਿਸ਼ੇਸ਼ ਸੁਰੱਖਿਆ ਦੀ ਲੋੜ ਹੈ। ਜਸਟਿਸ ਡੀ.ਵਾਈ. ਚੰਦਰਚੂੜ ਨੇ ਡੇਟਾ ਸੁਰੱਖਿਆ ਯਕੀਨੀ ਬਣਾਉਣ ਲਈ ਸਰਕਾਰ ਨੂੰ ਮਜ਼ਬੂਤ ਪ੍ਰਣਾਲੀ ਕਾਇਮ ਕਰਨ ਲਈ ਕਿਹਾ। ਅਦਾਲਤ ਨੇ ਕਿਹਾ ਕਿ ਖੁਸਰਿਆਂ ਤੇ ਸਮਲਿੰਗੀਆਂ ਨੂੰ ਨਿੱਜਤਾ ਦੇ ਅਧਿਕਾਰ ਤੋਂ ਸਿਰਫ਼ ਇਸ ਲਈ ਨਾਂਹ ਨਹੀਂ ਕੀਤੀ ਜਾ ਸਕਦੀ ਕਿ ਉਨ੍ਹਾਂ ਦਾ ਜਿਨਸੀ ਰੁਝਾਨ ਗ਼ੈਰ ਰਵਾਇਤੀ ਹੈ।

### ਜੇਤਲੀ ਨੇ ਯੂ.ਪੀ.ਏ. ਸਰਕਾਰ ਨੂੰ ਦੋਸ਼ੀ ਠਹਿਰਾਇਆ

ਨਵੀਂ ਦਿੱਲੀ : ਵਿੱਤ ਮੰਤਰੀ ਅਰੁਣ ਜੇਤਲੀ ਨੇ ਕਾਨੂੰਨ ਜਾਂ ਸੁਰੱਖਿਆ ਮਾਪਦੰਡਾਂ ਤੋਂ ਬਗ਼ੈਰ ਬਾਇਓਮੀਟਰਿਕ ਆਈਡੀ ਕਾਰਡ ਪ੍ਰੋਗਰਾਮ ਆਧਾਰ ਪੇਸ਼ ਕਰਨ ਦਾ ਦੋਸ਼ ਪਿਛਲੀ ਯੂਪੀਏ ਸਰਕਾਰ ਸਿਰ ਮੜ੍ਹਿਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਨੇ ਇਸ ਬਾਇਓਮੀਟਰਿਕ ਪਛਾਣ ਦੀ ਵਰਤੋਂ ਲਈ ਕਾਨੂੰਨ ਬਣਾਉਂਦਿਆਂ ਸਾਰੇ ਸੁਰੱਖਿਆ ਮਾਪਦੰਡਾਂ ਅਤੇ ਨਿੱਜਤਾ ਦਾ ਮੌਲਿਕ ਅਧਿਕਾਰ ਵਜੋਂ ਸਤਿਕਾਰ ਕੀਤਾ ਹੈ। ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦਿਆਂ ਉਨ੍ਹਾਂ ਕਿਹਾ ਕਿ ਅਦਾਲਤ ਨੇ ਸਰਕਾਰ ਦੀ ਉਸ ਦਲੀਲ ਨੂੰ ਪ੍ਰਵਾਨ ਕੀਤਾ ਹੈ ਕਿ ਨਿੱਜਤਾ ਮੌਲਿਕ ਅਧਿਕਾਰ ਹੈ ਪਰ ਇਹ ਸੰਪੂਰਨ ਅਧਿਕਾਰ ਨਹੀਂ ਹੈ।

# *ਮੇਨਕਾ ਗਾਂਧੀ ਦਾ ਬਿਆਨ*-ਡੇਰਾ ਮਾਮਲਾ ਔਰਤਾਂ ਨਾਲ ਨਹੀਂ, ਸਿਆਸਤ ਨਾਲ ਸਬੰਧਤ

**ਜਲੰਧਰ/ਬਿਊਰੋ ਨਿਊਜ਼:**

ਪੰਚਕੂਲਾ ਵਿੱਚ ਹੋਈ ਸਾੜ-ਫੂਕ ਤੋਂ ਬਾਅਦ ਆਲੋਚਨਾ ਝੱਲ ਰਹੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਇੱਕ ਵਧੀਆ ਮੁੱਖ ਮੰਤਰੀ ਦੱਸਦਿਆਂ ਕੇਂਦਰੀ ਮਹਿਲਾ ਤੇ ਬਾਲ ਕਲਿਆਣ ਮੰਤਰੀ ਮੇਨਕਾ ਗਾਂਧੀ ਨੇ ਕਿਹਾ ਕਿ ਸ੍ਰੀ ਖੱਟਰ ਨੇ ਹਰਿਆਣਾ ਵਿੱਚ ਬੇਟੀ ਬਚਾਓ-ਬੇਟੀ ਪੜ੍ਹਾਓ ਮੁਹਿੰਮ ਨੂੰ ਸੁਚੱਜੇ ਢੰਗ ਨਾਲ ਲਾਗੂ ਕੀਤਾ ਹੈ। ਸ੍ਰੀਮਤੀ ਗਾਂਧੀ ਨੇ ਇਹ ਟਿੱਪਣੀ ਉਦੋਂ ਕੀਤੀ ਜਦੋਂ ਇੱਥੇ ਸਰਕਟ ਹਾਊਸ ਵਿੱਚ ਪੱਤਰਕਾਰਾਂ ਨੇ ਉਨ੍ਹਾਂ ਨੂੰ ਹਰਿਆਣਾ ਦੇ ਮੁੱਖ ਮੰਤਰੀ 'ਤੇ ਹਰ ਪਾਸਿਓਂ ਅਸਤੀਫ਼ੇ ਦੀ ਮੰਗ ਦੇ ਪੈ ਰਹੇ ਦਬਾਅ ਬਾਰੇ ਪੁੱਛਿਆ।

ਸ੍ਰੀਮਤੀ ਗਾਂਧੀ ਨੇ ਕਿਹਾ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਦਾ ਮਾਮਲਾ ਔਰਤਾਂ ਨਾਲ ਨਹੀਂ, ਸਗੋਂ ਰਾਜਨੀਤੀ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਵਿੱਚ ਭਾਜਪਾ ਦੇ ਹੀ ਨਹੀਂ ਸਗੋਂ



ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਜਾਂਦੇ ਸਨ। ਡੇਰਾ ਮੁਖੀ ਨੂੰ ਬਲਾਤਕਾਰ ਦਾ ਦੋਸ਼ੀ ਕਰਾਰ ਦਿੱਤੇ ਜਾਣ ਸਬੰਧੀ ਸਵਾਲ ਉਨ੍ਹਾਂ ਨੇ ਟਾਲ ਦਿੱਤੇ। ਸ੍ਰੀਮਤੀ ਗਾਂਧੀ ਨੇ ਪੰਚਕੂਲਾ ਵਿਚ ਵਾਪਰੀਆਂ ਸਾੜ-ਫੂਕ ਦੀਆਂ ਘਟਨਾਵਾਂ ਬਾਰੇ ਖੱਟਰ ਸਰਕਾਰ ਦਾ ਪੱਖ ਪੂਰਦਿਆਂ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਵਰਤੀ 'ਮੁਸਤੈਦੀ' ਕਾਰਨ ਹੀ ਦੋਸ਼ੀਆਂ ਨੂੰ ਫੜਿਆ ਜਾ ਸਕਿਆ ਹੈ। ਪੰਜਾਬ ਵਿਚ ਲੋਕਾਂ ਦੀ ਵਿਗੜ ਰਹੀ ਸਿਹਤ 'ਤੇ ਟਿੱਪਣੀ ਕਰਦਿਆਂ ਕੇਂਦਰੀ ਮੰਤਰੀ ਨੇ ਕਿਹਾ ਕਿ ਅਜਿਹਾ ਕਿਸਾਨਾਂ ਵੱਲੋਂ ਖੇਤਾਂ ਵਿੱਚ ਵੱਧ ਖਾਦਾਂ ਅਤੇ ਕੀਟਨਾਸ਼ਕ ਪਾਉਣ ਕਾਰਨ ਹੋ ਰਿਹਾ ਹੈ। ਪੰਜਾਬ ਦੇ 90 ਫੀਸਦ ਲੋਕਾਂ ਦੀ ਸਿਹਤ ਖ਼ਰਾਬ ਹੋ ਰਹੀ ਹੈ। ਇਸ ਤੋਂ ਬਚਾਅ ਲਈ ਸੂਬੇ ਨੂੰ ਜੈਵਿਕ ਖੇਤੀ ਵੱਲ ਪਰਤਣਾ ਪਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਪੰਜਾਬ ਸਰਕਾਰ ਨੇ ਲਾਭ ਨਹੀਂ ਲਿਆ। ਕੇਂਦਰ ਦੀਆਂ ਜੈਵਿਕ ਖੇਤੀ ਸਬੰਧੀ ਸਕੀਮਾਂ ਲਈ ਪੰਜਾਬ ਨੇ ਕੋਈ ਸਿਆਸੀ ਇੱਛਾ ਨਹੀਂ ਦਿਖਾਈ। ਉਨ੍ਹਾਂ ਕਿਹਾ ਕਿ ਸਿੱਕਿਮ ਪਹਿਲਾਂ ਹੀ ਜੈਵਿਕ ਖੇਤੀ ਨੂੰ ਸਫ਼ਲਤਾਪੂਰਬਕ ਅਪਣਾ ਚੁੱਕਾ ਹੈ ਤੇ ਉਸ ਦੇ ਨਤੀਜੇ ਵੀ ਚੰਗੇ ਆ ਰਹੇ ਹਨ।

## 'ਬੇਟੀ ਬਚਾਓ-ਬੇਟੀ ਪੜ੍ਹਾਓ' ਦੇ ਨਾਅਰੇ ਵਾਲੀ ਖੱਟਰ ਸਰਕਾਰ ਬਲਾਤਾਕਾਰ ਪੀੜਤਾਂ ਨੂੰ ਮੁਆਵਜ਼ੇ ਬਾਰੇ ਚੁੱਪ

**ਬਠਿੰਡਾ/ਬਿਊਰੋ ਨਿਊਜ਼:** ਹਰਿਆਣਾ ਸਰਕਾਰ ਨੇ ਡੇਰਾ ਮੁਖੀ ਦੇ ਜਬਰ ਦਾ ਸ਼ਿਕਾਰ ਹੋਈਆਂ ਦੋਵਾਂ ਸਾਧਵੀਆਂ ਨੂੰ ਕੇਂਦਰ ਸਰਕਾਰ ਤੋਂ ਬਲਾਤਕਾਰ ਪੀੜਤਾਂ ਦੀ ਮਦਦ ਲਈ ਮੁਆਵਜ਼ੇ ਵਜੋਂ ਮਿਲਦੇ ਫੰਡ ਵਿਚੋਂ ਇਕ ਦੁਆਨੀ ਨਹੀਂ ਦਿੱਤੀ। ਕੇਂਦਰ ਸਰਕਾਰ ਨੇ ਕੌਮੀ ਰਾਜਧਾਨੀ ਵਿੱਚ ਦੋ ਸਾਲ ਪਹਿਲਾਂ ਵਾਪਰੇ ਨਿਰਭਯਾ ਬਲਾਤਕਾਰ ਕਾਂਡ ਮਗਰੋਂ 'ਕੇਂਦਰੀ ਪੀੜਤ ਮੁਆਵਜ਼ਾ ਫੰਡ' ਸਕੀਮ ਤਹਿਤ ਬਲਾਤਕਾਰ ਪੀੜਤ ਔਰਤਾਂ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੀ ਮਾਇਕ ਮਦਦ ਲਈ ਫੰਡ ਸਥਾਪਤ ਕੀਤਾ ਸੀ। ਕੇਂਦਰ ਵੱਲੋਂ ਇਸ ਸਕੀਮ ਤਹਿਤ ਸਾਲ 2016-17 ਦੌਰਾਨ 200 ਕਰੋੜ ਦੇ ਫੰਡਾਂ ਦੀ ਐਲੋਕੇਸ਼ਨ ਕੀਤੀ ਗਈ ਹੈ। ਇਸ ਰਾਸ਼ੀ ਵਿੱਚੋਂ ਹਰਿਆਣਾ ਲਈ ਸਾਢੇ ਪੰਜ ਕਰੋੜ ਰੁਪਏ ਰੱਖੇ ਗਏ ਹਨ। ਸੂਤਰਾਂ ਮੁਤਾਬਕ ਹਰਿਆਣਾ ਸਰਕਾਰ ਵੱਲੋਂ ਪੀੜਤ ਸਾਧਵੀਆਂ ਦੀ ਮਦਦ ਲਈ ਅਜੇ ਤੱਕ ਕਿਸੇ ਵੀ ਤਰ੍ਹਾਂ ਦੇ ਮੁਆਵਜ਼ੇ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਹੈ। ਉਧਰ ਹਰਿਆਣਾ ਦੇ ਸਾਬਕਾ ਡਿਪਟੀ ਐਡਵੋਕੇਟ ਜਨਰਲ ਸੁਖਰਾਜ ਸਿੰਘ ਬਰਾੜ ਅਤੇ ਸੀਨੀਅਰ ਐਡਵੋਕੇਟ ਰਾਜੇਸ਼ ਸ਼ਰਮਾ (ਬਠਿੰਡਾ) ਨੇ ਕਿਹਾ ਕਿ ਡੇਰਾ ਮੁਖੀ ਦੇ ਕੇਸ ਵਿਚ ਪੀੜਤ ਲੜਕੀਆਂ ਉਪਰੋਕਤ ਸਕੀਮ ਤਹਿਤ ਮੁਆਵਜ਼ਾ ਲੈਣ ਲਈ ਹੱਕਦਾਰ ਹਨ ਅਤੇ ਹਰਿਆਣਾ ਸਰਕਾਰ ਨੂੰ ਇਸ ਸਬੰਧੀ ਐਲਾਨ ਕਰਨਾ ਚਾਹੀਦਾ ਹੈ।

## ਹਾਈ ਕੋਰਟ ਵਲੋਂ ਦਾਭੋਲਕਰ ਤੇ ਪਨਸਾਰੇ ਦੇ ਕਤਲ ਸੋਚੀ ਸਮਝੀ ਸਾਜ਼ਿਸ਼ ਕਰਾਰ

**ਮੁੰਬਈ/ਬਿਊਰੋ ਨਿਊਜ਼ :**ਬੰਬਈ ਹਾਈਕੋਰਟ ਨੇ ਕਿਹਾ ਹੈ ਕਿ ਉੱਘੇ ਤਰਕਸ਼ੀਲਾਂ ਨਰਿੰਦਰ ਦਾਭੋਲਕਰ ਅਤੇ ਗੋਵਿੰਦ ਪਨਸਾਰੇ ਦੇ ਕਤਲ ਸੋਚੀ ਸਮਝੀ ਸਾਜ਼ਿਸ਼ ਸਨ ਅਤੇ ਸਾਜ਼ਿਸ਼ਘਾੜਿਆਂ ਨੂੰ ਜਥੇਬੰਦੀਆਂ ਦੀ ਹਮਾਇਤ ਹਾਸਲ ਹੈ। ਹਾਈਕੋਰਟ ਨੇ ਜਾਂਚਕਾਰਾਂ ਨੂੰ ਕਿਹਾ ਹੈ ਕਿ ਉਹ ਆਪਣੀ ਮੌਜੂਦਾ ਜਾਂਚ ਦਾ ਘੇਰਾ ਵਧਾ ਕੇ ਦੋਸ਼ੀਆਂ ਨੂੰ ਕਾਬੂ ਕਰਨ। ਜਸਟਿਸ ਐਸ.ਸੀ. ਧਰਮਅਧਿਕਾਰੀ ਅਤੇ ਵਿਭਾ ਕਨਕਨਵਾਡੀ ਦੇ ਬੈਂਚ ਨੇ ਕਿਹਾ ਕਿ ਦੋਵੇਂ ਤਰਕਸ਼ੀਲਾਂ ਦੇ ਕਤਲਾਂ ਦਾ ਆਪਸ ਵਿਚ ਸਬੰਧ ਹੈ। ਸੀਆਈਡੀ ਵੱਲੋਂ ਪਨਸਾਰੇ ਅਤੇ ਸੀਬੀਆਈ ਵੱਲੋਂ ਦਾਭੋਲਕਰ ਦੇ ਕਤਲਾਂ ਸਬੰਧੀ ਜਾਂਚ ਰਿਪੋਰਟਾਂ ਸੌਂਪੇ ਜਾਣ ਮਗਰੋਂ ਜਸਟਿਸ ਧਰਮਅਧਿਕਾਰੀ ਨੇ ਕਿਹਾ, "ਰਿਪੋਰਟਾਂ ਤੋਂ ਖ਼ੁਲਾਸਾ ਹੁੰਦਾ ਹੈ ਕਿ ਇਹ ਇਕ ਜਾਂ ਦੋ ਵਿਰਲੀਆਂ ਹੱਤਿਆਵਾਂ ਨਹੀਂ ਹਨ। ਕੁਝ ਖ਼ਾਸ ਜਥੇਬੰਦੀਆਂ ਉਨ੍ਹਾਂ (ਕਾਤਲਾਂ) ਨੂੰ ਹਮਾਇਤ ਅਤੇ ਵਿੱਤ ਪੱਖੋਂ ਸਹਾਇਤਾ ਦੇ ਰਹੀਆਂ ਹਨ।" ਉਨ੍ਹਾਂ ਕਿਹਾ ਕਿ ਕਾਤਲਾਂ ਦੀ ਭਾਲ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਚਾਰ ਜਾਂ ਪੰਜ ਸੂਬਿਆਂ ਦੀਆਂ ਹੱਦਾਂ ਇਕ-ਦੂਜੇ ਨਾਲ ਲਗਦੀਆਂ ਹਨ ਜਿਥੇ ਕਿ ਇਹ ਦੋਸ਼ੀ ਭੱਜੇ ਹੋਣਗੇ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਇੰਨੇ ਲੰਬੇ ਸਮੇਂ ਤਕ ਛਿਪੇ ਰਹਿਣਾ ਮੁਸ਼ਕਲ ਹੈ। ਬੈਂਚ ਨੇ ਜਾਂਚ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਉਹ ਦਿੱਤੇ ਗਏ ਸੁਝਾਵਾਂ 'ਤੇ ਚਲਣ ਅਤੇ 13 ਸਤੰਬਰ ਨੂੰ ਨਵੀਂ ਪ੍ਰਗਤੀ ਰਿਪੋਰਟ ਪੇਸ਼ ਕਰਨ। ਉਨ੍ਹਾਂ ਪਟੀਸ਼ਨਰਾਂ ਅਤੇ ਤਰਕਸ਼ੀਲਾਂ ਦੇ ਪਰਿਵਾਰਕ ਮੈਂਬਰਾਂ ਨੂੰ ਹਦਾਇਤ ਕੀਤੀ ਕਿ ਉਹ ਵੀ ਆਪਣੀਆਂ ਮੰਗਾਂ ਸਬੰਧੀ ਹਲਫ਼ਨਾਮਾ ਦਾਖ਼ਲ ਕਰਨ।

# ਲਾਲੂ ਦੀ ਰੈਲੀ ਵਿਚ ਭਾਜਪਾ ਵਿਰੋਧੀ ਧਿਰਾਂ ਨੇ ਕੀਤਾ ਸ਼ਕਤੀ ਪ੍ਰਦਰਸ਼ਨ

**ਪਟਨਾ/ਬਿਊਰੋ ਨਿਊਜ਼ :**

ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਯਾਦਵ ਨੇ ਇੱਥੇ ਪਾਰਟੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਪਹਿਲਾਂ ਹੀ ਭਾਜਪਾ ਨਾਲ ਸੌਦੇਬਾਜ਼ੀ ਕਰ ਲਈ ਸੀ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਦੇ ਘਰਾਂ ਵਿੱਚ ਸੀਬੀਆਈ ਦੇ ਛਾਪਿਆਂ ਬਾਰੇ ਉਸ ਨੂੰ ਪਤਾ ਸੀ। ਨਿਤੀਸ਼ ਉਨ੍ਹਾਂ ਤੋਂ ਦੂਰੀ ਬਣਾ ਰਿਹਾ ਸੀ, ਉਸ ਨੇ ਬਿਹਾਰ ਦੇ ਲੋਕਾਂ ਨਾਲ ਧੋਖਾ ਕੀਤਾ ਹੈ। ਬਿਹਾਰ ਦੇ ਲੋਕਾਂ ਨੇ ਉਨ੍ਹਾਂ ਦੇ ਮੂੰਹ ਨੂੰ ਗਠਜੋੜ ਨੂੰ ਵੋਟਾਂ ਪਾਈਆਂ ਸਨ ਪਰ ਉਨ੍ਹਾਂ ਨੇ ਰਾਸ਼ਟਰੀ ਜਨਤਾ ਦਲ (ਰਾਜਦ) ਜੋ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰਿਆ, ਦੇ ਦਾਅਵੇ ਨੂੰ ਦਰਕਿਨਾਰ ਕਰਦਿਆਂ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਬਣਾਇਆ। ਇੱਥੇ ਗਾਂਧੀ ਮੈਦਾਨ ਵਿੱਚ ਰਾਸ਼ਟਰੀ ਜਨਤਾ ਦਲ ਵੱਲੋਂ ਇੱਥੇ ਕੀਤੀ ਮਹਾਂਰੈਲੀ ਭੀੜ ਜੁਟਾਉਣ ਪੱਖੋਂ ਕਾਮਯਾਬ ਰਹੀ। ਰੈਲੀ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਵੀ ਸ਼ਾਮਲ ਹੋਏ। ਆਪਣੇ ਸੰਬੋਧਨ ਵਿੱਚ ਲਾਲੂ ਪ੍ਰਸਾਦ ਯਾਦਵ ਨੇ ਬਿਹਾਰ ਦੇ ਮੁੱਖ ਮੰਤਰੀ ਨੇ ਨਿਤੀਸ਼ ਕੁਮਾਰ ਉੱਤੇ ਤਿੱਖੇ ਹਮਲੇ ਕੀਤੇ। ਲਾਲੂ ਯਾਦਵ ਨੇ ਐਲਾਨ ਕੀਤਾ ਕਿ 'ਭਾਜਪਾ ਭਜਾਓ ਦੇਸ਼ ਬਚਾਓ' ਰੈਲੀ ਸਾਲ 2019 ਦੀਆਂ ਲੋਕ ਸਭਾ ਚੋਣਾਂ



ਵਿੱਚ ਭਾਜਪਾ ਦੀ ਹਾਰ ਦਾ ਮੁੱਢ ਬੰਨ੍ਹੇਗੀ। ਇਸ ਰੈਲੀ ਵਿੱਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ, ਜਨਤਾ ਦਲ (ਯੂਨਾਈਟਡ) ਦੇ ਸ਼ਰਦ ਯਾਦਵ, ਰਾਜ ਸਭਾ ਮੈਂਬਰ ਅਲੀ ਅਨਵਰ, ਕਾਂਗਰਸ ਦੇ ਗੁਲਾਮ ਨਬੀ ਆਜ਼ਾਦ, ਸੀਪੀ ਜੋਸ਼ੀ ਵੀ ਪੁੱਜੇ। ਇਨ੍ਹਾਂ ਤੋਂ ਇਲਾਵਾ ਲਾਲੂ ਪ੍ਰਸ਼ਾਦ ਦੀ ਪਤਨੀ ਅਤੇ ਬਿਹਾਰ ਦੀ ਸਾਬਕਾ ਮੁੱਖ ਮੰਤਰੀ ਰਾਬੜੀ ਦੇਵੀ, ਲਾਲੂ ਦੇ ਲੜਕੇ ਤੇਜਸਵੀ ਯਾਦਵ, ਤੇਜ ਪ੍ਰਤਾਪ ਯਾਦਵ, ਧੀ ਮੀਸ਼ਾ ਭਾਰਤੀ, ਸੀਪੀਆਈ ਦੇ ਡੀ ਰਾਜਾ, ਝਾਰਖੰਡ ਤੋਂ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ, ਬਾਬੂ ਲਾਲ ਮਰਾਂਡੀ, ਐਨਸੀਪੀ ਆਗੂ ਤਾਰਿਕ ਅਨਵਰ ਵੀ ਰੈਲੀ ਵਿੱਚ ਸ਼ਾਮਲ ਹੋਏ। ਇਸ ਤੋਂ ਪਹਿਲਾਂ ਰਘੂਵੰਸ਼ ਪ੍ਰਸਾਦ ਸਿੰਘ, ਸ਼ਿਵਾਨੰਦ ਤਿਵਾੜੀ ਅਤੇ ਹੋਰ ਬਹੁਤ ਸਾਰੇ ਆਗੂਆਂ ਨੇ ਸੂਬੇ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਰਗੜੇ ਲਾਏ। ਸਾਰੇ ਆਗੂਆਂ ਨੇ ਬਿਹਾਰ ਦੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੂੰ ਬਿਹਾਰ ਦਾ ਭਵਿੱਖ ਦਾ ਆਗੂ ਐਲਾਨਿਆ। ਰੈਲੀ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਵੱਖ ਵੱਖ ਥਾਵਾਂ ਉੱਤੇ 64 ਕੈਮਰੇ ਲਾਏ ਗਏ ਸਨ।

# ਗੁਰਦੁਆਰਾ ਗੁਰੂ ਡਾਂਗਮਾਰ ਮਾਮਲੇ 'ਚ ਸਿੱਕਿਮ ਹਾਈਕੋਰਟ ਨੇ ਦਿੱਤੀ ਸਟੇਅ

**ਸਿੱਕਿਮ/ਬਿਊਰੋ ਨਿਊਜ਼ :** ਸਿੱਕਿਮ ਵਿਚ ਭਾਰਤ-ਤਿੱਬਤ ਸਰਹੱਦ 'ਤੇ ਸਥਿਤ ਗੁਰਦੁਆਰਾ ਗੁਰੂ ਡਾਂਗਮਾਰ ਮਾਮਲੇ ਵਿਚ ਸਿੱਕਿਮ ਹਾਈਕੋਰਟ ਵੱਲੋਂ ਸਟੇਅ ਦੇ ਦਿੱਤਾ ਗਿਆ ਹੈ। ਕੁਝ ਸ਼ਰਾਰਤੀ ਅਨਸਰਾਂ ਨੇ ਇਸ ਗੁਰੂ ਘਰ ਤੋਂ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਾਮਾਨ ਬਾਹਰ ਕੱਢ ਕੇ ਕਬਜ਼ਾ ਕਰ ਲਿਆ ਸੀ। ਇਸ ਮਾਮਲੇ ਦੀ ਪੈਰਵਾਈ ਕਰ ਰਹੇ ਕਰਨਲ ਦਵਿੰਦਰ ਸਿੰਘ ਗਰੇਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਇਸ ਮਾਮਲੇ ਵਿਚ ਭੇਜੀ ਗਈ ਵਿਸ਼ੇਸ਼ ਕਮੇਟੀ ਦੇ ਮੈਂਬਰਾਂ ਨੇ ਸਾਰੇ ਹਾਲਾਤ ਦਾ ਜਾਇਜ਼ਾ ਲੈਣ ਤੋਂ ਬਾਅਦ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕੀਤੀ ਸੀ। ਉਨ੍ਹਾਂ ਦੱਸਿਆ ਕਿ ਹਾਈਕੋਰਟ ਨੇ ਫਿਲਹਾਲ ਇਸ ਮਾਮਲੇ ਵਿਚ ਸਟੇਅ ਦਿੰਦਿਆਂ ਅਗਲੀ ਸੁਣਵਾਈ 13 ਸਤੰਬਰ ਲਈ ਮਿਥੀ ਹੈ। ਕਰਨਲ ਗਰੇਵਾਲ ਨੇ ਸਿੱਖ ਵਿਦਵਾਨਾਂ ਤੇ ਸ਼ਰਧਾਲੂਆਂ ਨੂੰ ਅਪੀਲ ਕੀਤੀ ਹੈ ਕਿ ਇਸ ਗੁਰਘਰ ਦੇ ਸਬੰਧ ਵਿਚ ਜੇਕਰ ਕਿਸੇ ਕੋਲ ਕੋਈ ਦਸਤਾਵੇਜ਼ੀ ਸਬੂਤ, ਕੋਈ ਇਤਿਹਾਸਕ ਕਿਤਾਬ ਜਾਂ ਕੋਈ ਵੀ ਹੋਰ ਜਾਣਕਾਰੀ ਹੈ ਤਾਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਕੋਲ ਜਾਂ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਪਹੁੰਚਦੀ ਕਰਨ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਕੇਸ ਦੀ ਪੈਰਵਾਈ ਲਈ ਬੇਹੱਦ ਅਹਿਮ ਸਾਬਤ ਹੋ ਸਕਦੀ ਹੈ।

ਗੁਰਦੁਆਰਾ ਸਾਹਿਬ ਦੀ ਇਮਾਰਤ ਢਾਹੁਣ ਖ਼ਿਲਾਫ਼ ਸੁਣਵਾਈ ਲਈ ਸੁਪਰੀਮ ਕੋਰਟ ਰਾਜ਼ੀ :

ਸਿੱਕਿਮ 'ਚ ਇਕ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਮੁਰੰਮਤ ਦੀ ਆੜ 'ਚ ਢਾਹੁਣ ਦੇ ਖ਼ਿਲਾਫ਼ ਸਿੱਕਿਮ ਸਰਕਾਰ 'ਤੇ ਰੋਕ ਲਗਾਉਣ ਲਈ ਦਾਇਰ ਕੀਤੀ ਗਈ ਅਰਜ਼ੀ 'ਤੇ ਸੁਣਵਾਈ ਕਰਨ ਲਈ ਸੁਪਰੀਮ ਕੋਰਟ ਰਾਜ਼ੀ ਹੋ ਗਈ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਵਾਲੀ ਬੈਂਚ ਨੇ ਪਟੀਸ਼ਨਕਰਤਾ ਨੂੰ ਆਪਣੀ ਅਪੀਲ ਦੀ ਇਕ ਕਾਪੀ ਸਿੱਕਿਮ ਸਰਕਾਰ ਦੇ ਵਕੀਲ ਨੂੰ ਦੇਣ ਦਾ ਆਦੇਸ਼ ਦਿੱਤਾ ਹੈ। ਪਟੀਸ਼ਨਕਰਤਾ ਨੇ ਆਪਣੀ ਅਪੀਲ ਵਿਚ ਕਿਹਾ ਕਿ ਸਥਾਨਕ ਪ੍ਰਸ਼ਾਸਨ ਵੱਲੋਂ ਗਲਤ ਤਰੀਕੇ ਨਾਲ ਗੁਰਦੁਆਰਾ ਗੁਰੂਡਾਂਗਮਾਰ ਸਾਹਿਬ 'ਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਕੱਢ ਕੇ ਰੱਖਿਆ ਗਿਆ ਅਤੇ ਮੁਰੰਮਤ ਦੀ ਆੜ ਵਿਚ ਗੁਰਦੁਆਰੇ ਨੂੰ ਢਾਹ ਦਿੱਤਾ ਜਾਵੇਗਾ। ਬੈਂਚ ਜਿਸ ਵਿਚ ਜਸਟਿਸ ਪੀ.ਸੀ. ਪੰਥ ਅਤੇ ਡੀ.ਵਾਈ. ਚੰਦਰਚੂਹੜ ਵੀ ਸ਼ਾਮਲ ਹਨ, ਨੇ ਪਟੀਸ਼ਨਕਰਤਾ ਤੋਂ ਇਹ ਵੀ ਜਾਣਨਾ ਚਾਹਿਆ ਕਿ ਉਸ ਨੇ ਇਸ ਮਾਮਲੇ ਸਬੰਧੀ ਹਾਈਕੋਰਟ ਤੱਕ ਪਹੁੰਚ ਕਿਉਂ ਨਹੀਂ ਕੀਤੀ। ਇਸ 'ਤੇ ਪਟੀਸ਼ਨਕਰਤਾ ਅੰਮ੍ਰਿਤਪਾਲ ਸਿੰਘ ਖ਼ਾਲਸਾ ਨੇ ਕਿਹਾ ਕਿ ਗੁਰਦੁਆਰਾ ਗੁਰੂਡਾਂਗਮਾਰ ਦੇ ਢਹਿਣ ਜਾਂ ਮੁਰੰਮਤ ਦੇ ਖ਼ਤਰੇ ਦੇ ਮੱਦੇਨਜ਼ਰ ਇਹ ਅਪੀਲ ਬਹੁਤ ਜਲਦੀ ਵਿਚ ਦਰਜ ਕਰਵਾਈ ਗਈ। ਉਨ੍ਹਾਂ ਦਲੀਲ ਦਿੰਦਿਆਂ ਕਿਹਾ ਕਿ ਸਿੱਕਿਮ ਜਾਣ ਲਈ ਕਾਫ਼ੀ ਸਮਾਂ ਲੱਗਦਾ ਹੈ। ਅਦਾਲਤ ਨੇ ਮਾਮਲੇ ਦੀ ਸੁਣਵਾਈ ਲਈ ਵੀਰਵਾਰ ਦਾ ਦਿਨ ਤੈਅ ਕੀਤਾ ਹੈ। ਪਟੀਸ਼ਨਕਰਤਾ ਨੇ ਇਲਜ਼ਾਮ ਲਾਇਆ ਕਿ ਸਥਾਨਕ ਅਧਿਕਾਰੀਆਂ ਨੇ ਮੁਰੰਮਤ ਦੇ ਬਹਾਨੇ ਅਧੀਨ ਬਿਨਾਂ ਕਿਸੇ ਨਿਯਮਾਂ ਦੀ ਪਾਲਨਾ ਕਰਦਿਆਂ ਹੋਇਆ ਗਲਤ ਤਰੀਕੇ ਦੇ ਨਾਲ ਗੁਰਦੁਆਰਾ ਸਾਹਿਬ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਾਹਰ ਰੱਖ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਗੁਰੂ ਘਰ ਦੇ ਗ੍ਰੰਥੀ ਨੂੰ ਸੂਚਨਾ ਦਿੱਤੇ ਬਗੈਰ ਗੁਰਦੁਆਰਾ ਸਾਹਿਬ ਨੂੰ ਢਾਹੇ ਜਾਣ ਦਾ ਜਲਦੀ ਹੋਣ ਵਾਲਾ ਖ਼ਤਰਾ ਸੀ। ਅਪੀਲ ਵਿਚ ਦਾਅਵਾ ਕੀਤਾ ਗਿਆ ਕਿ ਕਈ ਇਤਿਹਾਸਕ ਕਿਤਾਬਾਂ ਅਤੇ ਦਸਤਾਵੇਜ਼ਾਂ ਤੋਂ ਇਹ ਹਵਾਲਾ ਮਿਲਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ, ਗੁਰਦੁਆਰਾ ਗੁਰੂਡਾਂਗਮਾਰ ਵਿਖੇ ਆਏ ਸਨ। ਉਨ੍ਹਾਂ ਸੁਪਰੀਮ ਕੋਰਟ ਤੋਂ ਮੰਗ ਕੀਤੀ ਹੈ ਕਿ ਗੁਰਦੁਆਰਾ ਸਾਹਿਬ ਵਿਚ ਕਿਸੇ ਵੀ ਮੁਰੰਮਤ ਜਾਂ ਢਾਹੁਣ ਦੇ ਕੰਮ 'ਤੇ ਰੋਕ ਲਗਾਈ ਜਾਵੇ।

## ਆਸਾਮ : ਸਿੱਖਾਂ ਨੂੰ 'ਅਤਿ ਸੂਖ਼ਮ ਘੱਟ ਗਿਣਤੀ' ਦਾ ਮਿਲੇਗਾ ਵਿਸ਼ੇਸ਼ ਦਰਜਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਦੀ ਅਗਵਾਈ ਵਿਚ ਸਿੱਖਾਂ ਦੇ ਇਕ ਵਫ਼ਦ ਨਾਲ ਮੁਲਾਕਾਤ ਦੌਰਾਨ ਆਸਾਮ ਦੇ ਮੁੱਖ ਮੰਤਰੀ ਸ੍ਰੀ ਸਰਬਨੰਦਾ ਸੋਨੋਵਾਲ ਨੇ ਸੂਬੇ ਦੇ ਸਿੱਖਾਂ ਨੂੰ ਅਤਿ ਸੂਖ਼ਮ ਘੱਟ ਗਿਣਤੀ ਦਾ ਵਿਸ਼ੇਸ਼ ਦਰਜਾ ਦੇਣ ਅਤੇ ਆਸਾਮ ਵਿਚ ਸਿੱਖ ਭਾਈਚਾਰੇ ਨੂੰ ਸਮਾਜਿਕ, ਆਰਥਿਕ ਤੇ ਰਾਜਨੀਤਕ ਤੌਰ 'ਤੇ ਉੱਚਾ ਚੁੱਕਣ ਲਈ ਵੱਖ-ਵੱਖ ਸਹੂਲਤਾਂ ਦੇਣ ਬਾਰੇ ਸਹਿਮਤੀ ਪ੍ਰਗਟਾਈ ਹੈ। ਵਫ਼ਦ ਵੱਲੋਂ ਮੁੱਖ ਮੰਤਰੀ ਨੂੰ ਇਕ ਮੰਗ-ਪੱਤਰ ਸੌਂਪਿਆ ਗਿਆ ਸੀ ਜਿਸ ਵਿਚ ਅਤਿ ਸੂਖ਼ਮ ਘੱਟ ਗਿਣਤੀ ਦਾ ਵਿਸ਼ੇਸ਼ ਦਰਜਾ ਦੇਣ ਸਮੇਤ ਸਿੱਖਾਂ ਲਈ ਹੋਰ ਸਹੂਲਤਾਂ ਦੀ ਮੰਗ ਕੀਤੀ ਗਈ ਸੀ।



ਇਸ ਮੁਲਾਕਾਤ ਬਾਰੇ ਸਿਰਸਾ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਦਰਿਆਦਿਲੀ ਵਿਖਾਉਂਦੇ ਹੋਏ ਸਿੱਖ ਭਾਈਚਾਰੇ ਦੀਆਂ ਸਾਰੀਆਂ ਪ੍ਰਮੁੱਖ ਮੰਗਾਂ ਮੰਨ ਲਈਆਂ ਹਨ ਅਤੇ ਲਾਗੂ ਕਰਵਾਉਣ ਲਈ ਸ੍ਰੀ ਰਾਜੇਸ਼ ਪ੍ਰਸਾਦ ਆਈ.ਏ.ਐੱਸ. ਨੂੰ ਨੋਡਲ ਅਫ਼ਸਰ ਵੀ ਨਿਯੁਕਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹੋਰ ਮੰਗਾਂ ਤੋਂ ਇਲਾਵਾ ਮੁੱਖ ਮੰਤਰੀ ਨੇ ਸੂਬੇ ਵਿਚ ਜਲਦੀ ਤੋਂ ਜਲਦੀ ਆਨੰਦ ਮੈਰਿਜ ਐਕਟ ਲਾਗੂ ਕਰਨ, ਸਿੱਖ ਭਾਈਚਾਰੇ ਲਈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਭਾਰਤ ਦੇ ਹੋਰ ਗੁਰਧਾਮਾਂ ਵਾਸਤੇ ਯਾਤਰਾਵਾਂ ਸ਼ੁਰੂ ਕਰਨ ਅਤੇ ਨਗਾਓਂ ਵਿਚ ਕਮਿਊਨਿਟੀ ਸੈਂਟਰ ਤੇ ਵਿੱਦਿਅਕ ਕੰਪਲੈਕਸ ਦੀ ਉਸਾਰੀ ਵਾਸਤੇ 5 ਕਰੋੜ ਰੁਪਏ ਜਾਰੀ ਕਰਨ ਲਈ ਪ੍ਰਵਾਨਗੀ ਦਿੱਤੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਨੇ ਜਨਰਲ ਚੇਤਨਿਆ ਸਿੰਘ, ਜੋ ਕਿ ਬਰਮਾ ਦੇ ਹਮਲੇ ਵੇਲੇ ਮਹਾਰਾਜਾ ਰਣਜੀਤ ਸਿੰਘ ਵਲੋਂ ਭੇਜੇ ਗਏ ਪਹਿਲੇ ਜਰਨੈਲ ਸਨ, ਦਾ ਬੁੱਤ ਲਾਉਣ ਵਾਸਤੇ ਵੀ ਸਹਿਮਤੀ ਦੇ ਦਿੱਤੀ ਹੈ। ਵਫ਼ਦ ਨੇ ਮੁੱਖ ਮੰਤਰੀ ਸ੍ਰੀ ਸੋਨੋਵਾਲ ਤੋਂ ਮੰਗ ਕੀਤੀ ਕਿ ਇਸ ਅਤਿ ਸੂਖ਼ਮ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਸਮਾਜਿਕ, ਸਿਆਸੀ ਤੇ ਆਰਥਿਕ ਆਧਾਰ 'ਤੇ ਉੱਚਾ ਚੁੱਕਣ ਵਾਸਤੇ ਬੋਕਕੋਲਾ, ਨਗਾਓਂ ਵਿਚ ਭਾਈਚਾਰੇ ਵਾਸਤੇ ਪ੍ਰਾਇਮਰੀ ਤੋਂ ਯੂਨੀਵਰਸਿਟੀ ਪੱਧਰ ਦਾ ਵਿਸ਼ਵ ਪੱਧਰੀ ਵਿੱਦਿਅਕ ਕੰਪਲੈਕਸ ਸਥਾਪਤ ਕੀਤਾ ਜਾਵੇ। ਇਸ ਤੋਂ ਇਲਾਵਾ ਵਿੱਦਿਅਕ ਸੰਸਥਾਵਾਂ ਅਤੇ ਸਰਕਾਰੀ ਨੌਕਰੀਆਂ ਵਿਚ ਭਾਈਚਾਰੇ ਲਈ ਰਾਖਵੇਂਕਰਨ ਦੀ ਵਿਸ਼ੇਸ਼ ਵਿਵਸਥਾ ਕੀਤੀ ਜਾਵੇ। ਵਫ਼ਦ ਵਿਚ ਸੀਨੀਅਰ ਅਕਾਲੀ ਆਗੂ ਕੁਲਦੀਪ ਸਿੰਘ ਭੋਗਲ ਤੇ ਸਮਾਜ ਸੇਵੀ ਇੰਦੂ ਸਿੰਘ ਵੀ ਸ਼ਾਮਲ ਸਨ।

## 13ਵਾਂ ਵਿਸ਼ਵ ਕਬੱਡੀ ਕੱਪ 17 ਸਤੰਬਰ ਨੂੰ

### *ਉੱਤਰੀ ਅਮਰੀਕਾ ਦੀਆਂ ਸਮੂਹ ਕਬੱਡੀ ਸੰਸਥਾਵਾਂ ਵਲੋਂ ਦਿੱਤਾ ਜਾਵੇਗਾ ਸਹਿਯੋਗ : ਅਮੋਲਕ ਸਿੰਘ ਗਾਖਲ*

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਯੁਨਾਈਟਿਡ ਸਪੋਰਟਸ ਕਲੱਬ ਕੈਲੇਫੋਰਨੀਆਂ ਵਲੋਂ 17 ਸਤੰਬਰ ਐਤਵਾਰ ਨੂੰ ਯੂਨੀਅਨ ਸਿਟੀ ਦੇ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ ਵਿਚ ਕਰਵਾਏ ਜਾ ਰਹੇ 13ਵੇਂ ਵਿਸ਼ਵ ਕਬੱਡੀ ਕੱਪ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਵਿਸ਼ਵ ਕੱਪ ਵਿਚ ਭਾਗ ਲੈਣ ਵਾਲੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਬੱਡੀ ਖਿਡਾਰੀਆਂ ਦੀ ਆਮਦ ਵੀ ਸ਼ੁਰੂ ਹੋ ਗਈ ਹੈ।

ਯੂਨਾਈਟਿਡ ਸਪੋਰਟਸ ਕਲੱਬ ਦੇ ਸਰਪ੍ਰਸਤ ਅਤੇ 13ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਸ. ਅਮੋਲਕ ਸਿੰਘ ਗਾਖ਼ਲ ਨੇ ਕਿਹਾ ਕਿ ਉੱਤਰੀ ਅਮਰੀਕਾ ਦੀਆਂ ਸਮੂਹ ਖੇਡ ਕਲੱਬਾਂ, ਜਥੇਬੰਦੀਆਂ ਅਤੇ ਕਬੱਡੀ ਨੂੰ ਪਿਆਰ ਕਰਨ ਵਾਲੇ ਲੋਕਾਂ ਨੇ ਇਸ ਕਬੱਡੀ ਕੱਪ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਦਾ ਵਾਅਦਾ ਕੀਤਾ ਹੈ।



ਇਸ ਕਬੱਡੀ ਕੱਪ ਦਾ ਉਦਘਾਟਨ ਨਾਮੀ ਕਬੱਡੀ ਪ੍ਰੋਮੋਟਰ ਸੁਰਜੀਤ ਸਿੰਘ ਟੁੱਟ ਅਤੇ ਸੇਵਾ ਸਿੰਘ ਰੰਧਾਵਾ ਕਰਨਗੇ। ਪਹਿਲਾ ਇਨਾਮ ਡਾਇਮੰਡ ਟਰਾਂਸਪੋਰਟ ਦੇ ਗੁਰਵਿੰਦਰ ਗਾਖਲ, ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਵਲੋਂ ਅਤੇ ਦੂਜਾ ਇਨਾਮ ਸਹੋਤਾ ਪਰਿਵਾਰ ਦੇ ਜੁਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ ਵਲੋਂ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦਿੱਤਾ ਜਾਵੇਗਾ । ਅਮਰੀਕਾ ਵਿਚ ਇਸ ਸਾਲ ਦੇ ਸੀਜ਼ਨ ਦਾ ਇਹ ਸਭ ਤੋਂ ਵੱਡਾ ਕਬੱਡੀ ਕੱਪ ਹੋਣ ਕਰਕੇ ਖੇਡ ਪ੍ਰੇਮੀਆਂ ਦੇ ਮਨਾਂ ਅੰਦਰ ਵੀ ਇਸਨੂੰ ਵੇਖਣ ਅਤੇ ਮਾਨਣ ਦਾ ਉਤਸ਼ਾਹ ਖੂਬ ਵੇਖਣ ਨੂੰ ਮਿਲ ਰਿਹਾ ਹੈ। ਇਸ ਕਬੱਡੀ ਕੱਪ ਲਈ ਸਕਿਉਰਿਟੀ ਪੱਖੋਂ ਹੀ ਹਰ ਤਰ੍ਹਾਂ ਦੇ ਪ੍ਰਬੰਧ ਨਹੀਂ ਕੀਤੇ ਜਾ ਰਹੇ ਸਗੋਂ ਆਉਣ ਵਾਲੇ ਦਰਸ਼ਕਾਂ ਲਈ ਪੀਣ ਵਾਲੇ ਪਾਣੀ ਅਤੇ ਲੰਗਰ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਲੰਗਰ ਦੀ ਸੇਵਾ ਗੁਰੂਘਰ ਫਰੀਮਾਂਟ, ਗੁਰੂਘਰ ਸੈਨਹੋਜ਼ੇ, ਗੁਰੂਘਰ ਸਟਾਕਟਨ ਅਤੇ ਰਾਜਾ ਸਵੀਟਸ ਵਲੋਂ ਕੀਤੀ ਜਾਵੇਗੀ। ਨਾਮੀ ਖਿਡਾਰੀਆਂ ਦੇ ਨਾਲ ਨਾਲ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸਿਵਾ ਕਨੇਡਾ ਅਤੇ ਇੰਗਲੈਂਡ ਤੋਂ ਵੀ ਮਾਂ ਖੇਡ ਕਬੱਡੀ ਨੂੰ ਸਮਰਪਿਤ ਸਖਸ਼ੀਅਤਾਂ ਸਾਰਾ ਦਿਨ ਆਪਣੀ ਹਾਜ਼ਰੀ ਭਰਨ ਲਈ ਪਹੁੰਚਣਗੀਆਂ। ਪੁੱਜਣ ਵਾਲੀਆਂ ਸਖਸ਼ੀਅਤਾਂ ਨੂੰ ਵੀ ਯੁਨਾਈਟਡ ਸਪੋਰਟਸ ਕਲੱਬ ਬਣਦਾ ਮਾਣ ਸਤਿਕਾਰ ਦੇਵੇਗਾ।

ਸ.ਅਮੋਲਕ ਸਿੰਘ ਗਾਖਲ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਇਤਿਹਾਸਕ ਵਿਸ਼ਵ ਕਬੱਡੀ ਕੱਪ ਵਿਚ ਆਪਣੀ ਹਾਜ਼ਰੀ ਨੂੰ ਯਕੀਨੀ ਬਣਾਉਣ । ਉਨ੍ਹਾਂ ਸਮੂਹਿਕ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਸਪਾਂਸਰਾਂ ਵਲੋਂ ਦਿੱਤੇ ਜਾ ਰਹੇ ਵਿੱਤੀ ਸਹਿਯੋਗ ਦਾ ਵੀ ਧੰਨਵਾਦ ਕੀਤਾ। ਸਵੇਰੇ 9:00 ਵਜੇ ਤੋਂ ਸ਼ੁਰੂ ਹੋਣ ਵਾਲੇ ਇਸ ਮਹਾਂ ਕਬੱਡੀ ਕੁੰਭ ਵਿਚ ਨਾਮੀ ਕਬੱਡੀ ਖਿਡਾਰੀਆਂ ਦੀ ਆਮਦ ਪੰਜਾਬੀਆਂ ਦੇ ਆਸਾਂ ਅਤੇ ਚਾਵਾਂ 'ਤੇ ਖਰਾ ਉੱਤਰੇਗੀ। ਉਨ੍ਹਾਂ ਕਿਹਾ ਕਿ ਇਸ ਖੇਡ ਮੇਲੇ ਦਾ ਸਿੱਧਾ ਪ੍ਰਸਾਰਨ ਬੇਏਰੀਆ ਕੈਲੀਫੋਰਨੀਆਂ ਵਿਚ ਨਹੀਂ ਕੀਤਾ ਜਾਵੇਗਾ ਪਰ ਇਸ ਤੋਂ ਇਲਾਵਾ ਪੂਰੇ ਵਿਸ਼ਵ ਵਿਚ ਜ਼ਰੂਰ ਕੀਤਾ ਜਾਵੇਗਾ ਤਾਂ ਕਿ ਬੇਏਰੀਆ ਕੈਲੇਫੋਰਨੀਆਂ ਨਿਵਾਸੀ ਸਾਖਸ਼ਾਤ ਰੂਪ ਵਿਚ ਆਪਣੀਆਂ ਅੱਖਾਂ ਨਾਲ ਇਸ ਮਹਾਨ ਕਬੱਡੀ ਖੇਡ ਮੇਲੇ ਦਾ ਆਨੰਦ ਮਾਣ ਸਕਣ। ਹੋਰ ਜਾਣਕਾਰੀ ਲਈ ਚੇਅਰਮੈਨ ਮੱਖਣ ਸਿੰਘ ਬੈਂਸ ਨਾਲ 510-715-1619 ਜਾਂ ਐੱਸ ਅਸ਼ੋਕ ਭੌਰਾ ਨਾਲ 510-415-3315 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਕਬੱਡੀ ਟੀਮ ਰਹੀ ਜੇਤੂ

**ਸਿਆਟਲ/ਬਿਊਰੋ ਨਿਊਜ਼ :** ਪੰਜਾਬ ਸਪੋਰਟਸ ਕਲੱਬ ਸਿਆਟਲ ਵਲੋਂ ਬਿਊਰੀਅਨ ਦੇ ਖੁੱਲ੍ਹੇ ਮੈਦਾਨ ਵਿਚ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿਚ ਪੰਜਾਬ ਸਪੋਰਟਸ ਕਲੱਬ ਸਿਆਟਲ ਦੀ ਟੀਮ ਨੇ ਕੈਲੇਫੋਰਨੀਆਂ ਦੀ ਟੀਮ ਨੂੰ ਫਾਈਨਲ ਵਿਚ ਹਰਾ ਕੇ ਕਬੱਡੀ ਕੱਪ ਜਿੱਤਿਆ। ਦਰਸ਼ਕਾਂ ਨੇ ਅੰਤਰਰਾਸ਼ਟਰੀ ਕਬੱਡੀ ਮੈਚ, ਬੱਚਿਆਂ ਦੀਆਂ ਦੌੜਾਂ ਤੇ ਸਾਕਰ ਦੇ ਮੈਚ, ਕੁਸ਼ਤੀਆਂ ਅਤੇ ਓਪਨ ਸਾਕਰ ਦੇ ਮੁਕਾਬਲਿਆਂ ਦਾ ਖ਼ੂਬ ਆਨੰਦ ਮਾਣਿਆ। ਕੁਮੈਂਟੇਟਰ ਗੁਰਜੋਤ ਸਿੰਘ ਬਰਾੜ ਤੇ ਮੱਖਣ ਅੱਲੀ ਨੇ ਚੰਗਾ ਰੰਗ ਬੰਨ੍ਹੀ ਰੱਖਿਆ। ਅੰਰਰਾਸ਼ਟਰੀ ਕਬੱਡੀ ਮੈਚਾਂ ਵਿਚੋਂ ਦੁੱਲਾ ਬੱਗਾ ਨੂੰ ਬੈਸਟ ਰੇਡਰ ਤੇ ਸੰਦੀਪ ਨੰਗਲ ਅੰਬਾਨੂੰ ਬੈਸਟ ਸਟਾਪਰ ਐਲਾਨਿਆ ਗਿਆ। ਇਸ ਮੌਕੇ ਟੂਰਨਾਮੈਂਟ ਦੇ ਸਪਾਂਸਰਾ ਦਾ ਧੰਨਵਾਦ ਕੀਤਾ ਤੇ ਸਨਮਾਨਿਤ ਵੀ ਕੀਤਾ ਗਿਆ। ਸਰੀ (ਕੈਨੇਡਾ) ਤੋਂ ਆਏ ਬਿਕਰ ਪਹਿਲਵਾਨ (74) ਖਿੱਚ ਦਾ ਕੇਂਦਰ ਰਹੇ।



## ਖੇਡ ਕੈਂਪ ਦੀ ਸਮਾਪਤੀ ਮਗਰੋਂ ਸਿਆਟਲ ਵਾਸੀਆਂ ਨੇ ਮਨਾਇਆ ਦਸਤਾਰ ਦਿਵਸ

**ਸਿਆਟਲ/ਬਿਊਰੋ ਨਿਊਜ਼:**

ਸਿਆਟਲ ਖੇਡ ਕੈਂਪ ਦੀ ਸਮਾਪਤੀ ਮੌਕੇ ਸਿੱਖ ਯੂਥ ਐਸੋਸੀਏਸ਼ਨ ਦੇ ਸਹਿਯੋਗ ਨਾਲ ਦਸਤਾਰ ਦਿਵਸ ਮਨਾਇਆ ਗਿਆ ਜਿਥੇ 100 ਤੋਂ ਵੱਧ ਬੱ ਚਿਆਂ-ਨੌਜਵਾਨਾਂ ਨੂੰ ਦਸਤਾਰ ਸਜਾਈ ਗਈ ਅਤੇ ਸਿੱਖ ਵਾਸਤੇ ਦਸਤਾਰ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ। ਇਸ ਸਮਾਗਮ ਵਿਚ ਸਿਆਟਲ ਦੇ ਕਵੀਸ਼ਰੀ ਜਥੇ ਕਾਕਾ ਹਰਜੋਤ ਸਿੰਘ ਤੇ ਕਾਕਾ ਭਗੀਰਥ ਸਿੰਘ ਨੇ ਸਿੱਖਾਂ ਵਾਸਤੇ ਦਸਤਾਰ ਦੀ ਮਹਾਨਤਾ ਬਾਰੇ ਕਵੀਸ਼ਰੀ ਵਾਰਾਂ ਰਾਹੀਂ ਜੋਸ਼ ਭਰ ਦਿੱਤਾ। ਪਲਕ ਕੌਰ ਵਾਰਿਸ ਤੇ ਕਾਕਾ ਇੰਦਰ ਸਿੰਘ ਵਾਰਿਸ ਨੇ ਸਿੱਖ ਸੱ ਭਿਆਚਾਰ ਤੇ ਪੰਜਾਬੀ ਵਿਰਸੇ ਨਾਲ ਜੁੜਨ ਲਈ ਕੈਂਪ ਲਗਾ ਰਹੇ ਬੱ ਚਿਆਂ ਲਈ ਲਾਭ ਸਬੰਧੀ ਚਾਨਣਾ ਪਾਇਆ। ਰਾਜਪ੍ਰੀਤ ਕੌਰ ਮੱਲ੍ਹੀ ਤੇ ਗੁਰਦੀਪ ਕੌਰ ਝੱਲੀ ਵੱਲੋਂ ਤਿਆਰ ਕੀਤੇ ਭੰਗੜੇ ਨੇ ਧਮਾਲਾਂ ਪਾ ਦਿੱਤੀਆਂ ਤੇ ਬੱ ਚਿਆਂ ਨੂੰ ਝੂੰਮਣ ਲਾ ਦਿੱਤਾ। ਇਸ ਮੌਕੇ ਮਾਂਟਰੀਅਲ ਤੋਂ ਹਰਭਜਨ ਸਿੰਘ ਘੁੰਮਣ, ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਚੇਅਰਮੈਨ ਰਾਣਾ ਇੰਦਰਜੀਤ ਸਿੰਘ, ਭਾਰਤ ਤੋਂ ਪਹੁੰਚੇ ਅਮਰੀਕ ਸਿੰਘ ਤੇ ਗੁਰਦਿਆਲ ਸਿੰਘ ਅਤੇ ਕੁਲਦੀਪ ਸਿੰਘ ਕਾਹਲੋਂ ਨੇ ਦਸਤਾਰ ਦਿਵਸ ਮਨਾ ਕੇ ਬੱ ਚਿਆਂ ਨੂੰ ਸਿੱਖੀ ਨਾਲ ਜੋੜਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਖੇਡ ਕੈਂਪ ਦੇ ਪ੍ਰਬੰਧਕਾਂ, ਵਾਲੰਟੀਅਰਾਂ ਤੇ ਕੋਚਿਜ਼ ਹਰਦੀਪ ਸਿੰਘ ਚੌਹਾਨ, ਸਕੰਦਰ ਸਿੰਘ, ਗੁਰਦੇਵ ਸਿੰਘ ਸਮਰਾ, ਹਰਪਾਲ ਸਿੰਘ ਘੁੰਮਣ (ਲਾਡੀ), ਜਸਵਿੰਦਰ ਸਿੰਘ ਹੁੰਦਲ, ਗੁਰਦੀਪ ਸਿੰਘ ਸਿੱਧੂ, ਤੇਜਬੀਰ ਸਿੰਘ ਬਾਜਵਾ, ਸਰਬਜੀਤ ਸਿੰਘ ਝੱਲੀ ਤੇ ਸੁਖਪ੍ਰੀਤ ਸਿੰਘ ਮੱਲ੍ਹੀ ਨੂੰ ਸਨਮਾਨਿਤ ਕੀਤਾ ਗਿਆ।



## ਢਾਡੀ ਕੁਲਜੀਤ ਸਿੰਘ ਦਿਲਬਰ ਨੇ ਅਮਰੀਕਾ ਦੇ ਗੁਰੂ ਘਰਾਂ 'ਚ ਸੰਗਤਾਂ ਨੂੰ ਵਾਰਾਂ ਨਾਲ ਨਿਹਾਲ ਕੀਤਾ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸਿੱਖ ਜਗਤ ਦੇ ਮਹਾਨ ਰਹੇ ਢਾਡੀ ਦਇਆ ਸਿੰਘ ਦਿਲਬਰ ਦੇ ਸਪੁੱਤਰ ਢਾਡੀ ਕੁਲਜੀਤ ਸਿੰਘ ਦਿਲਬਰ ਨੇ ਆਪਣੇ ਪਿਉ ਦੇ ਪੂਰਨਿਆਂ 'ਤੇ ਚਲਦਿਆਂ ਪੁਰਾਤਨ ਹੋਣ ਜਾ ਰਹੀ ਢਾਡੀ ਕਲਾ ਨੂੰ ਅੱਗੇ ਤੋਰਦਿਆਂ ਅਮਰੀਕਾ ਦੇ ਵੱਖ ਵੱਖ ਗੁਰੂ ਘਰਾਂ ਵਿਚ ਸਿੱਖ ਜਗਤ ਨੂੰ ਇਸ ਕਲਾ ਵਾਰੇ ਜਿਥੇ ਜਾਣਕਾਰੀ ਦਿੱਤੀ, ਉੱਥੇ ਸੰਗਤਾਂ ਨੂੰ ਖ਼ੂਨੀ ਸਾਕਿਆਂ ਨਾਲ ਭਰੇ ਸਿੱਖ ਇਤਿਹਾਸ ਨੂੰ ਢਾਡੀ ਵਾਰਾਂ ਸੁਣਾ ਕੇ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਸੈਕਰਾਮੈਂਟੋ, ਗੁਰਦੁਆਰਾ ਬਿਊਨਾ ਪਾਰਕ ਲਾਸ ਏਂਜਲਸ ਵਾਲ ਨਟ, ਵਰਮਾਉਂਟ, ਸਿਆਟਲ, ਯੂਬਾਸਿਟੀ, ਬੇਕਰਸਫੀਲਡ, ਟਰਲੱਕ , ਟਰੇਸੀ, ਫਰੀਮਾਉਂਟ ਅਤੇ ਇਤਿਹਾਸਕ ਗੁਰਦੁਆਰਾ ਸਟਾਕਟਨ ਵਿਚ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ। ਗੁਰਦੁਆਰਾ ਬਿਊਨਾ ਪਾਰਕ ਲਾਸ ਏਂਜਲਸ ਵਿਖੇ ਢਾਡੀ ਕੁਲਜੀਤ ਸਿੰਘ ਦਿਲਬਰ ਦੇ ਢਾਡੀ ਜਥੇ ਨੂੰ ਗੋਲਡ ਮੈਡਲ ਨਾਲ ਸਨਮਾਨਿਤ ਵੀ ਕੀਤਾ ਗਿਆ।



# Sir Speedy Tustin®

Printers to the Community

## Outdoor 3'x11' Promo Flag

Only $29/-

Pole & Spike $55/-

## Outdoor 3'x6' Durable Banner

All weather, durable to sunlight, rain and wear & tear. Text only.

Only $69/-

## Receipt Books

Customized with your information and design. 2 part carbonless with numbering and perforation.

Call for Price

## Retractable 33"x 80" Banner

Includes stand and carry bag. Hi-res imaging, durable and Brilliant colors!

Only $225/-

## All Weather 18"x24" Yard Signs

Includes H-stakes. Single sided, durable to sunlight and rain. Reusable!

$49/- for 4

## 11" Printed Balloons

Printed with your logo and info. One color, one location. Min. qty 1000

19¢ each

## Your Printed T-Shirts

White T-Shirts, 1 color screen printing in 1 position. Min Qty. 100

Only $4.99

## Your Printed Caps

1 color in 1 position. Min Qty. 100

Only $4.99

## Trip Envelopes Qty 1000

Only $199/-

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

Call 562-881-7430

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

South Asian Wedding Cards

CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ.ਫਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 18)

## ਨੀ ਟੱਕਰਿਆ ਤਾਂ ਮੈਨੂੰ ਵੀ ਸੀ

ਇਹ ਨੰਦ ਕੁਰ ਹੋਰਾਂ ਦੀ ਬੈਠਕ ਹੈ –

ਵੱਡਾ ਦਲਾਨ – ਬਾੜੇ ਵਾਲੇ ਪਾਸੇ ਐਨ ਸਾਡੇ ਘਰ ਦੀ ਸੱਜੀ ਕੰਧ ਨਾਲ – ਅੱਜ ਇੱਥੇ ਤਿੰਜਣ (ਤ੍ਰਿੰਜਣ) ਹੈ – ਪਹਿਲਾਂ ਵੀ ਕਦੀ ਇੱਥੇ ਤ੍ਰਿਜੰਣ ਹੋਇਆ ਹੋਵੇਗਾ ਮੈਂ ਨਹੀਂ ਜਾਣਦੀ ਹਾਂ – ਮੈਂ ਆਪਣੀ ਸੋਝੀ ਵਿਚ ਇਹੋ ਇਕ ਤ੍ਰਿਜੰਣ ਦੇਖਿਆ ਹੈ – ਪਹਿਲਾ ਤੇ ਆਖ਼ਰੀ – ਭਾਬੀ ਹੋਣੀ ਤਾਈ ਹੋਣੀ ਵਿਹੜੇ ਦੀਆਂ ਹੋਰ ਕਈ ਤੀਵੀਆਂ ਵੀ ਆ ਗਈਆਂ ਹਨ – ਔਹ ਪਰਾਂ ਪੂਰੋ ਬੂਆ ਸਣੇ – ਪੂਰੋ, ਮਿੱਤੂ ਦੀ ਬੇਬੇ, ਰਿਸ਼ਤੇ ਵਿਚ ਤਾਂ ਕੁਝ ਹੋ ਲਗਦੀ ਹੈ ਪਰ ਸਾਡੀ ਗੋਤਣ ਹੋਣ ਕਰਕੇ ਅਸੀਂ ਇਹਨੂੰ 'ਬੂਆ' ਹੀ ਕਹਿੰਦੀਆਂ ਹਾਂ।

ਆ ਬੈਠੀਆਂ ਹਨ ਸਾਰੀਆਂ – ਆਪਣੇ ਆਪਣੇ ਚਰਖੇ–ਚਰਖੀਆਂ ਤੇ ਪੀੜ੍ਹੀਆਂ ਲੈ – ਤੇ ਨਾਲ ਨਾਲ ਪੂਣੀਆਂ ਦੇ ਬੋਹੀਏ – ਇਨ੍ਹਾਂ ਕੋਲ ਤਾਂ ਕਿਸੀ ਕਿਸੀ ਕੋਲ ਖਾਣ ਜੋਗਾ ਵੀ ਹੈ ਕੁਝ – ਵਿਆਹਾਂ ਤੋਂ ਆਏ ਕਾਠੇ ਗੁਲਗਲੇ, ਫਿੱਕੇ ਸੁੱਕੇ ਪਕੌੜੇ, ਪਕੌੜੀਆਂ ਹੋਰ ਖ਼ਬਰਨੀ ਕੀ ਕੀ – ਮੂੰਹ ਮਾਰਨ ਨੂੰ –

ਦੇਰ ਰਾਤ ਤਕ ਜਿੱਦ ਮਜਿੱਦੀ ਕੱਤਦੀਆਂ, ਸਾਰੀਆਂ ਤੇ ਵਿਚ ਵਿਚ ਨੂੰ ਹੇਕਾਂ ਲਾ ਲਾ ਗਾਉਂਦੀਆਂ ਵੀ ਹਨ।

ਬੀਜੀ ਰਤਾ ਕੁ ਉੱਠ ਕੇ ਜਾਂਦੇ ਹਨ– ਮੈ ਉਨ੍ਹਾਂ ਦੀ ਪੀੜ੍ਹੀ 'ਤੇ ਬੈਠ ਜਾਂਦੀ ਹਾਂ – ਕੱਤਣ – ਮੈਨੂੰ ਕੱਤਣਾ ਨਹੀਂ ਆਉਂਦਾ ਹੈ – ਜਮਾ ਈ ਨੀ – ਬਸ ਰੀਸ–ਬ–ਰੀਸੇ ਬੈਠਗੀ – ਤੰਦ ਪਾਉਂਦੀ ਹਾਂ, ਹੱਥੀ ਘੁਮਾਉਣਾ ਭੁੱਲ ਜਾਂਦੀ ਹਾਂ– ਭੁਲਣ ਕੀ ਹੈ ਹੱਥੀ ਤੱਕ ਤਾਂ ਮੇਰਾ ਹੱਥ ਹੀ ਨਹੀਂ ਪੁੱਜ ਰਿਹਾ, ਸੰਵਾਰ ਕੇ– ਹੱਥੀ ਤੱਕ ਪੁੱਜਦੀ ਹਾਂ ਤੰਦ ਨਹੀਂ ਪੈ ਰਹੀ ਹੈ – ਇਕ ਅੱਧ ਪਾਉਂਦੀ ਹਾਂ – ਧੂ –ਘੜੀਸ ਕਰਕੇ – ਮੋਟੀ ਜੇਹੀ ਕੱਚੀ ਜੇਹੀ। ਬੀਜੀ ਆ ਜਾਂਦੇ ਹਨ ਤਾਂ ਝਿੜਕਾਂ ਖਾਂਦੀ ਹਾਂ – ਪਰ ਸੋਚਦੀ ਹਾਂ ਇਹ ਸਾਰੀਆਂ ਜਣੀਆਂ ਤਾਂ ਹੱਥੀ ਨੂੰ ਮਾੜੀ ਜੀ ਉਂਗਲ ਲਾ ਹੀ ਚਰਖਾ ਘੁਮਾ ਦਿੰਦੀਆਂ ਹਨ – ਫੇਰ ਲੰਮੀਆਂ ਲੰਮੀਆਂ ਤੰਦਾਂ ਪਾਉਣਾ – ਨਾਲ ਨਾਲ ਗਰਦਨ ਉਪਰ ਹੇਠਾਂ ਮਾੜੀ ਜੀ ਟੇਢੀ ਕਰ ਕਰ – ਗੀਤ ਵੀ ਗਾਈ ਜਾਂਦੀਆਂ ਹਨ – ਅਰਾਮ ਨਾਲ ਮੈਂ ਦੇਖ ਦੇਖ ਬਹੁਤ ਹੈਰਾਨ ਹੁੰਦੀ ਹਾਂ। ਨਿੱਚਲੇ ਕੱਤ ਕੱਤ ਬੋਹੀਏ ਭਰੀ ਜਾਂਦੀਆਂ ਹਨ। ਕਿੰਨੇ ਸੁਹਣੇ ਸੁਹਣੇ ਨਿੱਚਲੇ, ਭਾਂਤ–ਸੁਭਾਂਤੇ – ਕਿਸੇ ਦਾ ਲੰਮੂਤਰਾ ਜਿਹਾ ਹੈ, ਅੱਗੋਂ ਪਿੱਛੋਂ ਪਤਲਾ ਜਿਹਾ – ਕਿਸੇ ਦਾ ਮਾੜਾ ਜਿਹਾ ਮੋਟਾ ਹੈ – ਕਿਸੇ ਦਾ ਮਿੱਡਾ ਜਿਹਾ ਪਿੱਛੋਂ ਪਤਾਲ ਮੂਹਰੇ ਤੋਂ ਅੰਗਰੇਜ਼ੀ ਟੋਪ ਵਰਗਾ।

ਇੰਜ ਹੀ ਵੱਡੀਆਂ ਛੋਟੀਆਂ ਪੂਣੀਆਂ ਵੱਟ ਵੱਟ ਬੋਹੀਏ ਭਰੇ ਹੋਏ – ਕਿਸੇ ਦੀਆਂ ਕਪਾਹ ਦੀਆਂ ਹਨ ਕਿਸੇ ਦੀਆਂ ਲੋਗੜ ਦੀਆਂ, ਕਿਸੇ ਦੀਆਂ ਮੋਟੀਆਂ ਮੋਟੀਆਂ ਕਿਸੇ ਦੀਆਂ ਬਰੀਕ।

ਉਂਜ ਪੂਣੀਆਂ ਮੈਂ ਵੀ ਬਹੁਤ ਸੁਹਣੀਆਂ ਬਣ ਲੈਂਦੀ ਹਾਂ – ਪਿੰਜੀ ਰੂੰ ਦਾ 'ਫੰਭਾ' ਲੈ, ਸਾਫ਼ ਪਟੜੇ ਤੇ ਧਰ – ਵਿਚ ਵਧੀਆ ਜਿਹੀ ਕਾਨੇ ਦੀ ਪੋਰੀ ਪਾ – ਹਥੇਲੀ ਨਾਲ ਵੱਟ ਵੱਟ ਕੇ ਰੱਖੀ ਜਾਂਦੀ ਹਾਂ – ਗੋੜ੍ਹੇ ਬਣਾਉਣ ਨੂੰ। ਜਦੋਂ ਥੋੜੀਆਂ ਜਿਹੀਆਂ ਪੂਣੀਆਂ ਹੋ ਗਈਆਂ, ਇਕੱਠੀਆਂ ਕਰਕੇ 'ਗੋੜ੍ਹਾ' ਬਣਾ ਲਿਆ ਜਾਂਦਾ ਹੈ।

ਕੋਈ ਜਣੀ ਬੋਹੀਏ ਵਿਚ ਨਿੱਚਲਾ ਸਿੱਟ – ਅਟੇਰ ਰਹੀ ਹੈ – ਅਟੇਰਨ ਵਿਚ ਹੱਥ ਪਾ – ਬੀਜੀ ਤਾਂ ਕਦੀ ਕਦੀ ਦੋ ਦੋ ਨਿੱਚਲੇ ਇਕੱਠੇ ਵੀ ਅਟੇਰਦੇ ਹਨ ਪਤਾ ਨੀਂ ਕਾਹਦੇ ਵਾਸਤੇ – ਸ਼ਾਇਦ ਦਰੀ ਜਾਂ ਖੇਸ ਲਈ। ਫੇਰ ਅੱਟੀ ਬਣਾਉਂਦੇ ਹਨ – ਅਟੇਰਨ ਤੋਂ ਲਾ ਕੇ – ਦੋਹਾਂ ਹੱਥਾਂ ਵਿਚ ਲੈ ਸਲੀਕੇ ਨਾਲ। ਜਦੋਂ ਇਕ ਤੋਂ ਵੱਧ ਅੱਟੀਆਂ ਹੋ ਜਾਂਦੀਆਂ ਉਨ੍ਹਾਂ ਨੂੰ ਇਕ ਦੂਜੇ ਵਿਚ ਫਸਾ ਫਸਾ ਸੰਗਲ ਵਾਂਗ ਗੁੰਦ ਲੈਂਦੇ ਹਨ – ਸਾਂਭਣ ਨੂੰ ਵੀ ਸੌਖਾ ਹੋ ਜਾਂਦਾ ਹੈ – ਤੇ ਇੰਜ ਘਰ ਦੀ ਕਿਸੇ ਕਿੱਲੀ ਤੇ ਟੰਗ ਦਿੰਦੇ ਹਨ।

ਇੱਥੇ ਇਹ ਵਰਤੋਂ ਵਿਚ ਆਉਣ ਵਾਲੇ ਬੋਹੀਏ – ਇਹ ਵੀ ਤਾਂ ਬੀਜੀ ਘਰ ਹੀ ਬਣਾ ਲੈਂਦੇ ਹਨ। ਸਾਰੀਆਂ ਹੀ ਬਣਾ ਲੈਂਦੀਆਂ ਹਨ – ਖ਼ਾਸ ਕਰ ਕੁੜੀਆਂ – ਉਨ੍ਹਾਂ ਨੇ ਦਾਜ ਵਿਚ ਆਪਣੇ ਸਹੁਰੀਂ ਜੁ ਲਿਜਾਣੇ ਹੁੰਦੇ ਹਨ – ਵੱਡੇ ਛੋਟੇ ਬੋਹੀਏ – ਫੁੱਲ ਪਾ – ਧਾਰੀਆਂ ਪਾ – ਰੰਗ ਬਰੰਗੀਆਂ – ਉੱਤੋਂ ਫੁੰਮਣ ਮੋਤੀ ਲਾ ਲਾ ਸਜਾਉਂਦੀਆਂ ਹਨ।

ਸਾਡੇ – ਖਜੂਰਾਂ ਬਹੁਤ ਹੁੰਦੀਆਂ ਹਨ – ਬੋਹੀਏ ਮੂੜ੍ਹੇ ਬਨਾਉਣ ਲਈ, ਖਜੂਰ ਦੇ ਵਿਚਕਾਰਲੇ ਨਰਮ ਨਰਮ ਪੱਠੇ ਲੈ, ਉਨ੍ਹਾਂ ਨੂੰ ਛਾਵੇਂ ਸੁਕਾ ਲਿਆ ਜਾਂਦਾ ਹੈ। ਫੇਰ ਨੀਲੇ ਪੀਲੇ ਹਰੇ ਲਾਲ ਫਿਰੋਜ਼ੀ ਰੰਗ ਵਿਚ ਰੰਗ ਕੇ ਛਾਵੇਂ ਰੱਖ ਲੈਂਦੀਆਂ, ਪੁਰਾਣੇ ਕਪੜਿਆਂ ਵਿਚ ਲਪੇਟ ਲਪੇਟ ਕੇ – ਮੈਲੇ ਹੋਣ ਦੇ ਡਰੋਂ ਤੇ ਰੰਗ ਉੱਡਣ ਤੋਂ ਵੀ ਬਚਾਉਣ ਲਈ।

ਬੀਜੀ ਮੋਟੀ ਸਾਰੀ ਸੂਈ ਲੈ ਪੱਠੇ ਪਰੋ ਪਰੋ ਮੂੜ੍ਹੇ ਜਾਂ ਬੋਹੀਏ ਬਣਾਉਂਦੇ ਹਨ ਪਰ ਇਹ ਕੰਮ ਉਹ ਸਾਨੂੰ ਨਹੀਂ ਕਰਨ ਦਿੰਦੇ, ਖ਼ਬਰਨੀ ਮੋਟੀ ਸੂਈ ਨਾਲ ਕੰਮ ਕਰਨਾ ਸਾਡੇ ਵਸ ਵਿਚ ਨਹੀਂ ਹੈ। ਉਂਜ ਅਸੀਂ ਸ਼ੌਕੀਆਂ ਨਿੱਕੀਆਂ ਨਿੱਕੀਆਂ ਪੱਖੀਆਂ ਚਟਾਈਆ ਖੇਡਣ ਲਈ ਬਣਾਉਂਦੀਆਂ ਹਾਂ – ਇਨ੍ਹਾਂ ਖਜੂਰਾਂ ਦੇ ਪੱਠਿਆਂ ਦੀਆਂ।

ਵੱਡੀਆਂ ਕੁੜੀਆਂ ਵੀ ਪੱਖੀਆਂ ਬਣਾਉਂਦੀਆਂ ਹਨ ਪਰ ਉਹ ਹੋਰ ਤਰ੍ਹਾਂ ਦੀਆਂ ਘੁੰਮਣ ਵਾਲੀਆਂ – ਲੋਹੇ ਦੀਆਂ ਸੁਹਣੀਆਂ ਸੁਹਣੀਆਂ – ਧਾਗੇ ਦੀਆਂ ਕਰੋਸ਼ੀਏ ਨਾਲ ਬੁਣ ਬੁਣ, ਰੰਗ ਬਰੰਗੇ ਪੰਨੇ ਮੋਤੀ ਨਲਕੀਆਂ ਬਲੌਰ ਲਾ – ਸਜਾ ਸਜਾ – ਨਲਕੀਆਂ ਮੋਤੀਆਂ ਬਲੌਰਾਂ ਦੀਆਂ ਤਾਂ ਉਹ ਘਰਾਂ ਵਿਚ ਟੰਗਣ ਨੂੰ 'ਬੰਨਣ ਵਾਲ' ਵੀ ਬਚਾਉਂਦੀਆਂ ਹਨ ( ਜਿਨ੍ਹਾਂ ਨੂੰ ਸਾਧਾਰਨ ਬੋਲੀ ਵਿਚ ਤਾਂ 'ਬਾਂਦਰਵਾਲ' ਹੀ ਕਹਿ ਦਿੰਦੀਆਂ ਹਨ) ਸਭ –ਤੇ ਹੋਰ ਸਜਾਉਣ ਦਾ ਸਾਮਾਨ ਬਣਾਉਂਦੀਆਂ ਚਾਓ ਚਾਓ ਵਿਚ – ਆਪਣੇ ਆਪਣੇ ਵਿਆਹ ਲਈ – ਵਿਆਹਾਂ ਖਾਤਰ ਤਾਂ ਉਹ ਲੁੱਕ ਲੁੱਕ – ਮੋਘਿਆਂ ਦੇ ਚਾਨਣਾਂ ਵਿਚ ਹੋਰ ਵੀ ਬਹੁਤ ਕੁਝ ਬਣਾਉਂਦੀਆਂ – ਚਾਦਰਾਂ ਸਿਰਾਣੇ, ਝੋਲੇ – ਸੁਹਣੀ ਸੁਹਣੀ ਕਢਾਈ ਦੇ ਕੱਢਦੀਆਂ – ਨਾਲੇ ਬੁਣਦੀਆਂ, ਦਰੀਆਂ ਬੁਣਦੀਆਂ, ਖੇਡ–ਖਿਡੌਣੇ ਵੀ ਪਰ ਆਪਣੀ ਆਪਣੀ ਕਾਰੇਗਿਰੀ ਨੂੰ ਲਕੋ ਲਕੋ – ਖ਼ਬਰਨੀ ਸ਼ਰਮਾਉਂਦੀਆਂ ਵੀ ਹੋਣ – ਕਿਤੇ।

ਮੈਨੂੰ ਤਾਂ ਪੱਖੀਆਂ ਬਣਾਉਣੀਆਂ ਹੀ ਨਹੀਂ ਆਈਆਂ – ਲੋੜ ਹੀ ਨਹੀਂ ਪਈ ਕਦੇ। ਸਾਡੇ ਦਲਾਨ ਵਿਚ ਤਾਂ ਇਕ ਵੱਡਾ ਪੱਖਾ ਲਟਕ ਰਿਹਾ ਹੈ ਕੱਪੜੇ ਦਾ – ਮੋਟੀ ਸਾਰੀ ਰੱਸੀ ਵਾਲਾ (ਜੋ ਇਕ ਪਾਸੇ ਤੋਂ ਗੀਲ ਤੋਂ ਹੋ ਕੇ ਹੇਠਾਂ ਨੂੰ ਆ ਜਾਂਦੀ ਹੈ) – ਜਿਹਨੂੰ ਅਸੀਂ ਦੋ ਦੋ ਜਣੇ ਮਿਲਕੇ ਝਲਦੇ ਹਾਂ ਦੁਪਹਿਰਾਂ ਨੂੰ ਪਰ ਭਾਪਾ ਜੀ ਸਾਨੂੰ ਸੁਆ 'ਕੱਲੇ ਹੀ ਝੱਲ ਲੈਂਦੇ ਹਨ – ਇਹ ਪੱਖਾ ਝੱਲਣਾ ਤਾਂ ਸਾਡੇ ਨਿਆਣਿਆਂ ਲਈ ਖੇਡ ਵੀ ਹੁੰਦਾ ਹੈ – ਉਂਜ ਆਮ ਵਰਤੋਂ ਲਈ ਖਜੂਰੀ ਪੱਖੀਆਂ ਹਨ – ਆਏ ਗਏ ਲਈ ਇਕ ਦੋ ਵਧੀਆ ਵੀ।

ਤੇ 'ਨਾਲੇ' – ਉਹ ਮੈਂ ਬੁਣ ਲੈਂਦੀ ਹਾਂ – ਬੀਜੀ ਕਦੀ ਮੰਜੀ ਤੇ ਕਦੀ ਅੱਡੇ 'ਤੇ ਮੈਨੂੰ 'ਨਾਲਾ' ਤਣ ਦਿੰਦੇ ਹਨ – ਕਦੀ ਸਾਦਾ ਕਦੀ ਰੰਗਦਾਰ ਧਾਰੀਆਂ ਪਾ। ਕਾਨੇ ਪਾ ਪਾ ਬੁਣਦੀ ਹਾਂ ਮੈਂ, ਤੇ ਡਿਜ਼ਾਇਨ ਵੀ ਪਾ ਲੈਂਦੀ ਹਾਂ। ਉਂਜ ਜੇ ਕਦੀ ਗਲਤ ਹੋ ਜਾਂਦਾ ਹੈ ਡਿਜ਼ਾਇਨ ਤਾਂ ਆਪੇ ਹੀ ਬਣ ਜਾਂਦਾ ਹੈ – ਕੋਈ ਨਾ ਕੋਈ ਤੇ ਇੰਜ ਹੀ ਸਿੱਖ ਵੀ ਲੈਂਦੀ ਹਾਂ ਮੈਂ ਨਮੂਨਾ ਪਾਉਣਾ ਵੀ।

ਨਾਲਾ ਬੁਣਦੇ ਬੁਣਦੇ ਜਿਵੇਂ ਜਿਵੇਂ ਹੱਥ ਨੱਚਦਾ ਐਨ ਉਵੇਂ ਉਵੇਂ ਕਾਨੇ ਵੀ ਨੱਚਦੇ – ਜਿਵੇਂ ਤਾਲ ਦੇ ਰਹੇ ਹੋਣ ਹਿੱਲ ਹਿੱਲ ਕੇ– 'ਟਿੱਕ ਟਿੱਕ, ਟਿੱਕ– –' ਤੁਹਾਡੇ ਹੱਥਾਂ ਦੀ ਰਫ਼ਤਾਰ ਨਾਲ ਮੇਲ ਖਾਂਦੇ – 'ਨਾਲਾ' ਬੁਣਿਆ ਜਾਂਦਾ ਹੈ – ਜਦੋਂ ਦੋ ਕੁ ਗਿੱਠ ਧਾਗੇ ਰਹਿ ਜਾਂਦੇ ਵਿਚਕਾਰੋਂ ਕੱਟ ਕੇ ਫੇਰ 'ਹਰੜਾਂ' ਬਣਾਈਆਂ ਜਾਂਦੀਆਂ ਹਨ – ਮੂਹਰੇ – ਫੇਰ ਫੁੰਮਣ, ਮੈਨੂੰ ਗੋਲ, ਚੌਰਸ – ਦੋਹੇ ਤਰ੍ਹਾਂ ਦੀਆਂ 'ਹਰੜਾਂ' ਬਨਾਉਣੀਆਂ ਆਉਂਦੀਆਂ ਹਨ।

ਉਂਜ ਬੀਜੀ ਨੇ ਇਕ ਵਾਰ ਇਕ ਦਰੀ ਵੀ ਬੁਣੀ ਹੈ – ਚੰਨੋ ਮਾਸੀ ਹੋਰਾਂ ਦੇ ਘਰ –ਦੋਹਾਂ ਨੇ ਮਿਲਕੇ। ਦਰੀ ਬੁੰਨਣਾ ਕਿਹੜਾ ਇਕ ਬੰਦੇ ਦੇ ਵਸ ਦਾ ਕੰਮ ਹੈ। ਵੱਡੇ ਪਰਿਵਾਰਾਂ ਵਿਚ ਕਈ ਕਈ ਜਣੀਆਂ ਮਿਲ ਕੇ ਬਣਾਉਂਦੀਆਂ – ਕੰਮਾਂ ਕਾਰਾਂ ਤੋਂ ਵਿਹਲੀਆਂ ਹੋ। ਦਰੀ ਬੁਨਣ ਵੇਲੇ ਦਰੀ 'ਤੇ ਬੈਠਣਾ ਉਹਦੇ 'ਤੇ ਘੋੜੀ ਦੇ ਡੰਡੇ ਨਾਲ ਤਾਣਾ ਉਪਰ ਹੇਠਾਂ ਕਰਨਾ – ਰੰਗ ਬਰੰਗੇ ਧਾਗੇ ਪਾ ਫੁੱਲ–ਬੂਟੇ, ਮੋਰ ਤੋਤੇ ਬਣਾਉਣਾ – ਪੰਜੇ ਨਾਲ ਠੋਕ ਠੋਕ – ਸ਼ੁਰੂ ਸ਼ੁਰੂ ਵਿਚ ਜਦੋਂ ਧਾਗੇ ਵੱਡੇ ਹੁੰਦੇ ਹਨ ਅਰਾਮ ਨਾਲ ਹੱਥ ਪਾ ਪਾ ਨਮੂਨੇ ਬਣੀ ਜਾਂਦੇ ਹਨ ਪਰ ਜਦੋਂ ਦਰੀ ਸਿਰੇ



ਤੇ ਪੁੱਜ ਜਾਂਦੀ ਹੈ ਮੁਕਣ ਨੂੰ – ਫੇਰ ਬਹੁਤ ਔਖਾ ਹੋ ਜਾਂਦਾ ਹੈ ਤੇ ਜਦੋਂ ਤਾਣਾ ਵੀ ਕਸਿਆ ਜਾਂਦਾ ਹੈ ਪਰ ਚਾਤਰ ਨਾਰਾਂ – ਉਨ੍ਹਾਂ ਲਈ ਤਾਂ ਇਹ ਖੱਬੇ ਹੱਥ ਦੀ ਖੇਡ ਹੁੰਦੀ ਹੈ।

ਦਰੀਆਂ ਤਾਂ ਨਾਨਕੀਂ ਮੇਰੀਆਂ ਮਾਮੀ ਜੀ ਹੋਰੀ ਵੀ ਬਣਾਉਂਦੀਆਂ ਹਨ ਲੰਮੇ ਵਰਾਂਡੇ ਵਿਚ ਤਾਣਾ –ਤਣ ਤਣ। ਜਿੰਨੀ ਦਰੀ ਬੁਣੀ ਜਾਂਦੀ ਹੈ ਉਪਰ ਕਪੜਾ ਪਾ ਢਕੀ ਜਾਂਦੀਆਂ ਹਨ। ਮੈਲੇ ਹੋਣ ਤੋਂ ਬਚਾਉਣ ਲਈ, ਕੱਚੀਆਂ ਘਰਾਂ ਵਿਚ ਝਾੜੂ ਬਹੁਕਰ ਨਾਲ ਮਿੱਟੀ ਘੱਟਾ ਕਿਹੜਾ ਘੱਟ ਉਡਦਾ ਹੈ।

ਵਿਹਲੀਆਂ ਦੁਪਹਿਰਾਂ ਜਿੱਥੇ ਬਜ਼ੁਰਗ ਭੋਰਾ ਅਰਾਮ ਕਰਨ ਨੂੰ ਮੰਜਿਆਂ ਤੇ ਟੇਢੇ ਹੁੰਦੇ, ਉਥੇ ਕੁੜੀਆਂ ਲਈ ਨਿਰੋਲ ਇਹੋ ਸਮਾਂ ਹੁੰਦਾ ਹੈ ਆਪਣੇ ਮਨ ਦੀਆਂ ਕਰਨ ਦਾ – ਕਢਾਈ ਬੁਣਾਈ ਕਸੀਦਾਕਾਰੀ ਦਾ।

ਸਾਡੇ ਘਰਾਂ ਦੀਆਂ ਕੁੜੀਆਂ ਤਾਂ ਐਧਰ ਪਿਲਕਣ ਵਾਲੇ ਪਾਸੇ – ਈਸ਼ਰ ਕੁਰ ਤਾਈ ਦੇ ਘਰ ਆ ਜਾਂਦੀਆਂ ਹਨ 'ਕੱਠੀਆਂ ਹੋ ਕੇ – ਚਾਦਰਾਂ ਸਿਰਾਣੇ – ਭਰਮੀ ਕਢਾਈ ਦੇ ਕੱਢਣ। ਉਂਜ ਤਾਈ ਸ਼ਾਹਬਾਦ ਰਹਿੰਦੀ ਹੈ, ਬਹੁਤੀ – ਰਤਨ ਸਿੰਘ ਤਾਇਆ ਜੀ ਉੱਥੇ ਜੰਗਲਾਤ ਦੇ ਮਹਿਕਮੇ ਵਿਚ ਕੰਮ ਕਰਦੇ ਹਨ। ਉਨ੍ਹਾਂ ਦੀ ਇਕੋ ਇਕ ਧੀ ਹੈ 'ਜੀਤ'। ਸਾਥੋਂ ਕਾਫ਼ੀ ਵੱਡੀ ਸੁਚੱਜੀ ਰਕਾਨ। ਇਹ ਵੀ ਬਹੁਤ ਸੁਹਣੀ ਕਢਾਈ ਕੱਢ ਲੈਂਦੀ ਹੈ। ਕੁੜੀਆਂ ਲਈ ਕਢਾਈ ਦੇ ਨਵੇਂ ਨਵੇਂ ਨਮੂਨੇ, ਤਾਈ ਸ਼ਾਹਬਾਦ ਤੋਂ ਹੀ ਲੈ ਕੇ ਆਉਂਦੀ ਹੈ – ਤਾਂ ਹੀ ਤਾਂ ਸਾਰੀਆਂ ਤਾਈ ਦੇ ਅੱਗੇ ਪਿੱਛੇ। ਉਂਜ ਤਾਈ ਮੋਹ ਵੀ ਬਹੁਤ ਕਰਦੀ ਹੈ ਸਾਰੀਆਂ ਦਾ – ਖੁਆਣਾ ਪਿਆਣਾ, ਉਤੋਂ ਵਾਧੂ ਦਾ।

ਹਾਂ ਸੱਚ, ਸ਼ਾਹਬਾਦ ਤੋਂ ਤਾਂ ਤਾਈ ਨੇ ਸਾਨੂੰ ਸਾਰਿਆਂ ਨੂੰ ਸਿੰਧੀ ਕਢਾਈ ਦੀਆਂ ਚਾਦਰਾਂ, ਮੇਜ–ਪੋਸ਼ ਕਢਵਾ ਕਢਵਾ ਕੇ ਵੀ ਦਿੱਤੇ ਸਨ। ਉਹ ਦਸਦੇ ਸਨ, ਉਥੇ ਬਹੁਤ ਸਾਰੀਆਂ 'ਝਾਂਗਣਾਂ' ਇਹ ਕੰਮ ਕਰਦੀਆਂ ਹਨ। ਹੱਲਿਆਂ ਵੇਲੇ ਪਾਕਿਸਤਾਨ ਤੋਂ ਆ ਕੇ ਇੱਥੇ ਇਨ੍ਹਾਂ ਲੋਕਾਂ ਨੇ ਰੋਜ਼ੀ ਰੋਟੀ ਕਮਾਉਣ ਲਈ ਅਜਿਹੇ ਕਈ ਧੰਦੇ ਸ਼ੁਰੂ ਕੀਤੇ ਹੋਏ ਹਨ। ਉਂਜ ਤਾਈ ਤੋਂ ਸਿੱਧੀ ਕਢਾਈ ਦੀ ਬੂਟੀ ਪਾਉਣੀ ਸਿੱਖ ਕੇ ਮੈਂ ਵੀ ਆਪਣੀ ਇਕ ਮਲਮਲ ਦੀ ਕਾਲੀ ਚੁੰਨੀ ਕੱਢੀ ਹੈ, ਲਾਲ ਨਿੱਕੀ ਨਿੱਕੀ ਬੂਟੀ ਪਾ ਕੇ।

ਤਾਈ ਨੇ ਸਾਨੂੰ ਨਿੱਕੀਆਂ ਨਿੱਕੀਆਂ ਚੌਲਾਂ ਵਰਗੀਆਂ ਸੇਵੀਆਂ ਵੀ ਵੱਟਣੀਆਂ ਸਿਖਾਈਆਂ ਹਨ। ਹੱਥਾਂ ਨਾਲ। ਨਵੇਂ ਤਰੀਕੇ ਦੀਆਂ – ਇਹ ਵੀ ਤਾਈ ਨੇ ਉਨ੍ਹਾਂ ਤੋਂ ਹੀ ਸਿੱਖਿਆਂ ਹਨ। ਸਾਡੇ ਪਿੰਡ ਵਿਚ ਤਾਂ ਵਿਹਲੀਆਂ ਬੁੜੀਆਂ, ਘੜਿਆਂ ਤੇ ਹੀ ਸੇਵੀਆਂ ਵੱਟ ਲੈਂਦੀਆਂ ਹਨ – ਘੜਾ ਸਾਫ਼ ਕਰ, ਮੂਧਾ ਮਾਰ, ਉਪਰ ਮੈਦੇ ਦਾ ਪੇੜਾ ਧਰ, ਦੋਹਾਂ ਹੱਥਾਂ ਦੀਆਂ ਹਥੇਲੀਆਂ ਨਾਲ ਵਟਦੀਆਂ ਹਨ – ਮੋਟੀਆਂ ਮੋਟੀਆਂ ਲੰਮੀਆਂ ਲੰਮੀਆਂ ਸੇਵੀਆਂ।

ਉਂਜ ਹੁਣ ਜਦੋਂ ਕਿਸੀ ਇਕ ਦੇ ਘਰ ਸੇਵੀਆਂ ਵੱਟਣ ਦੀ ਮਸ਼ੀਨ (ਘੋੜੀ) ਆ ਜਾਂਦੀ ਹੈ, ਫੇਰ ਕੀ, ਹੁਣ ਤਾਂ ਸਾਰਿਆਂ ਨੇ ਹੀ ਰੀਸ ਬਰੀਸੇ ਸੇਵੀਆਂ ਬਨਾਉਣੀਆਂ ਹੁੰਦੀਆਂ ਹਨ–

ਅਸੀਂ ਨਿਆਣੇ ਤਾਂ ਘੋੜੀ ਗੇੜਨ ਨੂੰ ਹੁੰਦੇ – ਵਿਹਲੜ। ਜ਼ੋਰ ਲਾ ਲਾ ਘੁੰਮਾਉਂਦੇ – ਵਾਰੋ ਵਾਰੀ। ਕੰਮ ਵੀ ਔਖਾ ਹੁੰਦਾ ਹੈ, ਪਰ ਇਕ ਥੱਕ ਜਾਂਦਾ, ਦੂਜਾ ਲੱਗ ਜਾਂਦਾ –

ਗੁੱਛਿਆਂ ਦੇ ਗੁੱਛੇ ਸੇਵੀਆਂ ਨਿਕਲਦੀਆਂ ਹਨ – ਫੇਰ ਗੁੱਛਾ ਤੋੜਨ ਦਾ ਵੀ ਇਕ ਸਲੀਕਾ ਹੁੰਦਾ ਹੈ – ਸੇਵੀਆਂ ਨੂੰ ਜੁੜਨ ਤੋਂ ਬਚਾਉਣ ਲਈ ਹੱਥਾਂ ਨੂੰ ਰਤਾ ਕੁ ਸੁੱਕਾ ਮੈਦਾ ਲਾ, ਸੇਵੀਆਂ ਨੂੰ ਉਂਗਲਾਂ ਨਾਲ ਹੀ ਤੋੜਿਆ ਜਾਂਦਾ ਹੈ, ਮਾੜਾ ਜਿਹਾ ਝਟਕਾ ਦੇ – ਇਹ ਕੰਮ ਘਰ ਦੀਆਂ ਸਿਆਣੀਆਂ ਔਰਤਾਂ ਹੀ ਕਰਦੀਆਂ ਹਨ। ਸੇਵੀਆਂ ਤੋੜ 'ਝਾਫ਼ਿਆਂ' ਤੇ ਖਿਲਾਰ ਦਿੱਤੀਆਂ ਜਾਂਦੀਆਂ ਹਨ ਜੋ ਪਹਿਲਾਂ ਤੋਂ ਹੀ ਮੰਜੀ ਤੇ ਚਾਦਰ ਵਿਛਾ ਕਿਸੇ ਦਰਖ਼ਤ (ਤੂਤ, ਟਾਹਲੀ, ਜਾਮਣ ਜਾਂ ਕੋਈ ਹੋਰ) ਦੀਆਂ ਸੁੱਕੀਆਂ ਟਾਹਣੀਆਂ ਰੱਖ ਲਈਆਂ ਜਾਂਦੀਆਂ ਹਨ। ਇਸੇ ਤਰ੍ਹਾਂ ਧੁੱਪਾਂ ਵਿਚ ਪਈਆਂ ਜਦੋਂ ਸੇਵੀਆਂ ਸੁੱਕ ਜਾਂਦੀਆਂ, ਸਲੀਕੇ ਨਾਲ ਉਤਾਰ, ਵੱਡੀ ਕੜਾਹੀ ਜਾਂ ਮਿੱਟੀ ਦੇ ਵੱਡੇ ਠੀਕਰੇ (ਘੜੇ ਮੱਤੜ ਦੇ ਥੱਲੇ) ਵਿਚ ਮਿੱਠੀ–ਮਿੱਠੀ ਅੱਗ 'ਤੇ ਭੁੰਨ ਸਵਾਰ ਰੱਖ ਲੈਂਦੀਆਂ, ਸਾਂਭ–ਸੁਆਰ – ਸੁਘੜ ਸਿਆਣੀਆਂ ਨਾਰਾਂ।

ਸਾਡੇ ਪਿੰਡ ਜੇਠ ਹਾੜ ਵਿਚ ਹੀ ਬਣਾ ਲੈਂਦੀਆਂ ਹਨ, ਤੀਵੀਆਂ – ਸੇਵੀਆਂ। ਸਾਉਣ ਵਿਚ ਜਨਮ ਅਸ਼ਟਮੀ ਤੋਂ ਅਗਲੇ ਦਿਨ ਨੌਮੀ ਨੂੰ ਗੁੱਗੇ ਦੀ ਮਾੜੀ ਤੇ ਮੇਲਾ ਭਰਦਾ ਹੈ – ਹਰ ਸਾਲ – ਜਿੱਥੇ ਸੁੱਚੀਆਂ ਸੇਵੀਆਂ ਚੜ੍ਹਦੀਆਂ ਹਨ।

ਇਹ ਤੋਂ ਬਿਨਾ ਨੌਮੀ ਦੇ ਮੇਲੇ ਵਿਚ ਛਿੰਜਾਂ ਪੈਂਦੀਆਂ – ਗੁੱਗੇ ਦੇ ਭਗਤ ਚੌਕੀਆਂ ਭਰਦੇ – ਜਿਨ੍ਹਾਂ ਵਿਚ 'ਮੇਹਰ' ਆ ਜਾਂਦੀ – ਸੰਗਲਾਂ ਨਾਲ ਆਪਣੇ ਪਿੰਡੇ ਕੁਟ ਕੁਟ ਲਹੂ ਲੁਹਾਣ ਕਰ ਲੈਂਦੇ। ਮੈਨੂੰ ਉਦੋਂ ਸਭ ਤੋਂ ਵੱਧ ਦੁੱਖ ਹੁੰਦਾ ਜਦੋਂ 'ਭਗਤ' ਬਣਿਆ ਮੇਰਾ ਤੇਜਾ ਤਾਇਆ ਇੰਜ ਕਰਦਾ। ਮੈਥੋਂ ਉਹਦੀ ਇਹ ਦਸ਼ਾ ਨਾ ਦੇਖੀ ਜਾਂਦੀ ਕਦੇ ਪਰ ਉਹ ਤਾਂ ਖੁਸ਼ੀ ਖੁਸ਼ੀ ਇਹ ਸਭ ਕੰਮ ਕਰਦੇ। ਉਹ ਪਿੰਡ ਵਿਚ ਵੀ ਤਾਂ 'ਭਗਤ' ਦੇ ਨਾਲ ਨਾਲ ਹੀ ਮਸ਼ਹੂਰ ਹਨ। ਉਸ ਦਿਨ ਉਹ ਲੋਕਾਂ ਦੀਆਂ 'ਪੁੱਛਾਂ' ਦੇ ਉੱਤਰ ਦੇ ਦੇ – ਗੁੱਥੀਆਂ ਸੁਲਝਾਉਂਦੇ। ਹਾਂ ਮੈਂ ਤਾਂ ਸੇਵੀਆਂ ਦੀ ਗੱਲ ਕਰ ਰਹੀ ਹਾਂ। ਗੁੱਗੇ ਦੀ ਮਾੜੀ ਤੇ ਸੇਵੀਆਂ ਚੜਾਉਣ ਜਾਂਦੀਆਂ ਤੀਵੀਆਂ ਦਾ ਰਾਹ ਰੋਕ ਕੇ ਖੜ ਜਾਂਦਾ ਸਾਡਾ ਪਿੰਡ ਦਾ ਭਾਈ ਜੀ, ਮੂਹਰੇ ਹੋ – "ਇਹ ਵਹਿਮ ਹੈ, ਸਿੱਖ ਧਰਮ ਕਿਤੇ ਨੀ ਕਹਿੰਦਾ 'ਗੁੱਗਾ' ਪੂਜਣ ਨੂੰ। ਤੁਸੀਂ ਜੇ ਚੜ੍ਹਾਉਣਾ ਹੈ ਕੁਝ ਤਾਂ ਪ੍ਰਸ਼ਾਦ ਬਣਾ ਕੇ ਚੜ੍ਹਾਓ – ਉਹ ਵੀ ਗੁਰਦਵਾਰੇ।" ਕਈ ਕਈ ਦਿਨ ਪਹਿਲਾਂ ਗੁਰਦਵਾਰੇ ਪੜ੍ਹਦੀਆਂ ਕੁੜੀਆਂ ਨੂੰ, ਰਾਹ ਜਾਂਦੀਆਂ ਤੀਵੀਆਂ ਨੂੰ, ਜਿਹੜੀ ਮਿਲਦੀ ਭਾਈ ਜੀ ਨੇ ਆਦਤ ਮੂਜਬ ਸਮਝਾਉਣਾ ਸ਼ੁਰੂ ਕਰ ਦੇਣਾ ਹੈ ਪਰ ਤੀਵੀਆਂ ਕੀ ਜੋ ਸਮਝ ਜਾਣ – ਜਾਂ ਮੰਨ ਜਾਣ।

ਉਨ੍ਹਾਂ ਨੇ ਤਾਂ ਜਦੋਂ ਨੌਮੀ ਆਉਣੀ – ਸੁੱਚੀਆਂ ਸੇਵੀਆਂ ਰਿਨ੍ਹਣੀਆਂ, ਥਾਲੀਆਂ ਵਿਚ ਪਾ ਪੋਣਿਆਂ ਨਾਲ ਢੱਕ – ਲੈ ਕੇ ਹੀ ਜਾਣੀਆਂ ਹਨ ਮਾੜੀ 'ਤੇ – ਭਾਈ ਜੀ ਹੋਵੇ ਜਾਂ ਭਾਵੇਂ ਕੋਈ ਰੱਬ ਵੀ ਆ ਜੇ ਰੋਕਣ ਨੂੰ ਉਨ੍ਹਾਂ ਨੂੰ – ਉਹ ਕਾਹਨੂੰ ਰੁਕਦੀਆਂ ਹਨ – ਫੇਰ ਲੱਗ ਜਾਂਦਾ ਭਾਈ ਜੀ ਤੇ ਤੀਵੀਆਂ ਦਾ ਆਡਾ–

ਨੌਮੀ ਲੰਘ ਜਾਂਦੀ – ਮੇਲਾ ਮੁੱਕ ਜਾਂਦਾ ਤੇ ਜੋ ਨਹੀਂ ਮੁੱਕਦਾ ਕੁਝ ਉਹ ਭਾਈ ਜੀ ਦੀਆਂ 'ਗੱਲਾਂ – ਜੋ ਸਾਰਾ ਸਾਲ ਹੁੰਦੀਆਂ ਰਹਿੰਦੀਆਂ' ਜਦ ਕਿਤੇ ਦੋ ਚਾਰ ਤੀਵੀਆਂ ਕੁੜੀਆਂ 'ਕੱਠੀਆਂ ਹੋ ਜਾਂਦੀਆਂ ਜਾਂ ਕਿਤੇ ਭਾਈ ਜੀ ਦਿਖ ਜਾਂਦਾ ਤਾਂ ਹੋ ਜਾਂਦੀ ਸ਼ੁਰੂ ਉਹਦੀ ਗੱਲ:

"ਨੀ ਟੱਕਰਿਆ ਤਾਂ ਮੈਨੂੰ ਵੀ ਸੀ ਪਰ ਘੁੰਡ ਵਿਚ ਉਹਨੇ ਮੈਨੂੰ ਪਛਾਣਿਆ ਨੀ।" ਇਕ ਕਹਿੰਦੀ।

ਤੇ ਕੋਈ ਕੁੜੀ ਹੱਸ ਹੱਸ ਆਪਣੀ ਕਹਾਣੀ ਸੁਨਾਉਣ ਬਹਿ ਜਾਂਦੀ –

"ਮੈਨੂੰ ਤਾਂ ਪਤਾ ਹੀ ਨਾ ਲੱਗਾ ਜਦ ਮੂਹਰੇ ਆ ਗਿਆ – ਭਾਈ ਮੈਂ ਤਾਂ ਭੱਜੀ ਫੇਰ 'ਫਲੀਆਂ' ਦੇ ਖੇਤਾਂ ਵਿਚ ਨੂੰ – ਮੂਹਰੇ ਮੂਹਰੇ ਮੈਂ – ਪਿੱਛੇ ਪਿੱਛੇ ਭਾਈ ਜੀ – ਨੱਠਿਆ ਆਇਆ। ਪਦੀੜਾਂ ਪੁਆ ਤੀਆਂ – ਮੂਹਰੇ ਆ ਕੇ ਗਿਰ ਵੀ ਗਿਆ ਵਿਚਾਰਾ – ਇਕ ਪਾਸੇ ਆਪ, ਇਕ ਪਾਸੇ ਜਾ ਪਈ ਉਹਦੀ ਫਾਹੁੜੀ..." ਦੂਹਰੀਆਂ ਚੌਹਰੀਆਂ ਹੁੰਦੀਆਂ ਜਾਂਦੀਆਂ ਸੁਨਣ–ਸੁਨਾਉਣ ਵਾਲੀਆਂ – ਤਾੜੀਆਂ ਮਾਰ ਮਾਰ ਹੱਸਦੀਆਂ।"

"ਨਾ ਈਹਨੂੰ ਕੀਹਨੇ ਕਿਹਾ, ਉਥੇ ਆ ਕੇ ਰਾਹ ਰੋਕ ਕੇ ਖੜਨ ਨੂੰ – ਬੈਠ ਨੀ ਹੁੰਦਾ ਇਹਤੋਂ ਅਰਾਮ ਨਾਲ ਗੁਰਦੁਵਾਰੇ ਵਿਚ।" ਕੋਈ ਗੁੱਸਾ ਝਾੜਦੀ।

"ਖਾਹਮਖ਼ਾਹ ਤੀਮੀਆਂ ਨਾਲ ਪੰਗੇ ਲੈਂਦਾ ਫਿਰਦਾ, ਹੋਰ ਕੀ।"

ਜਿਹਦੇ ਮੂੰਹ ਜੋ ਆਉਂਦਾ, ਆਪਣੀ ਆਪਣੀ ਕਹੀ ਜਾਂਦੀਆਂ ਸਾਰੀਆਂ ਹੀ – ਨਾਲੇ ਹੱਸੀ ਜਾਂਦੀਆਂ – ਭਾਈ ਜੀ ਤੋਂ ਸਤੀਆਂ ਪਰ ਨਾ ਕਦੀ ਭਾਈ ਜੀ ਹਟਦਾ ਆਪਣੀ ਕਰਨੀ ਤੋਂ – ਨਾ ਤੀਵੀਆਂ ਰੁਕੀਆਂ ਆਪਣੀ ਆਈ ਤੋਂ।

ਇੰਜ ਨੌਮੀ ਵੀ ਭਰਦੀ ਰਹਿੰਦੀ ਹੈ – ਮੇਲਾ ਵੀ ਲਗਦਾ ਰਹਿੰਦਾ ਹੈ ਤੇ ਸਦਾ ਵਾਂਗ ਸੁੱਚੀਆਂ ਸੇਵੀਆਂ ਚੜ੍ਹਾ ਚੜ੍ਹਾ 'ਗੁੱਗਾ' ਵੀ ਪੂਜਿਆ ਜਾਂਦਾ ਹੈ– ਮੇਰੇ ਇਸ ਪਿੰਡ ਵਿਚ।

# ਬਾਬਾ ਨਾਨਕ ਤੇ ਮਾਤਾ ਸੁਲੱਖਣੀ ਦੇ ਵਿਆਹ ਪੁਰਬ 'ਤੇ ਡੇਢ ਲੱਖ ਸੰਗਤ ਪਹੁੰਚੀ

**ਬਟਾਲਾ/ਬਿਊਰੋ ਨਿਊਜ਼:**
ਇੱਥੇ ਦੇਸ਼-ਵਿਦੇਸ਼ ਤੋਂ ਪੁੱਜੀਆਂ ਸੰਗਤਾਂ ਵੱਲੋਂ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਜੀ ਦਾ ਵਿਆਹ ਪੁਰਬ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਇਤਿਹਾਸਿਕ ਗੁਰਦੁਆਰਾ ਡੇਹਰਾ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ, ਜੋ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿਚੋਂ ਲੰਘਿਆ।
ਨਗਰ ਕੀਰਤਨ ਦੀ ਸ਼ੁਰੂਆਤ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਹੋਰ ਹਸਤੀਆਂ ਹਾਜ਼ਰ ਸਨ। ਇਤਿਹਾਸਿਕ ਗੁਰਦੁਆਰਾ ਸ੍ਰੀ ਕੰਧ ਸਾਹਿਬ, ਗੁਰਦੁਆਰਾ ਡੇਹਰਾ ਸਾਹਿਬ (ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਮਾਤਾ ਸੁਲੱਖਣੀ ਦੇ ਆਨੰਦ ਕਾਰਜ ਹੋਏ ਸਨ) ਅਤੇ ਗੁਰਦੁਆਰਾ ਸਤਿਕਰਤਾਰੀਆ ਵਿਖੇ ਵੱਡੀ ਗਿਣਤੀ ਸੰਗਤਾਂ ਨਤਮਸਤਕ ਹੋਈਆਂ। ਲੰਘੀ ਦੇਰ ਰਾਤ ਸੁਲਤਾਨਪੁਰ ਲੋਧੀ (ਕਪੂਰਥਲਾ) ਤੋਂ ਬਾਬਾ ਜੀ ਦੀ ਬਰਾਤ ਰੂਪੀ ਨਗਰ ਕੀਰਤਨ ਇੱਥੇ ਪੁੱਜਿਆ, ਜਿਸ ਦਾ ਸੰਗਤ ਨੇ ਥਾਂ-ਥਾਂ 'ਤੇ ਸਵਾਗਤ ਕੀਤਾ। ਸ਼ਹਿਰ ਵਿੱਚ ਵੱਖ-ਵੱਖ ਸਥਾਨਾਂ 'ਤੇ ਰੱਖੇ ਗਏ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਰਾਗੀ ਜਥਿਆਂ ਤੇ ਢਾਡੀ ਸਿੰਘਾਂ ਵੱਲੋਂ ਸੰਗਤ ਦੀ ਗੁਰੂ ਜਸ ਤੇ ਸਿੱਖ ਇਤਿਹਾਸ ਨਾਲ ਸਾਂਝ ਪੁਆਈ ਗਈ। ਸ਼ਹਿਰ ਵਿੱਚ ਵੱਖ-ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ ਸਨ।



ਇਸ ਮੌਕੇ ਲੋਕ ਸੇਵਾ ਤੇ ਜਾਗਰੂਕਤਾ ਦੇ ਕਾਰਜ ਵੀ ਕੀਤੇ ਗਏ। ਗਰੀਬ ਨਿਵਾਜ਼ ਚੈਰੀਟੇਬਲ ਟਰੱਸਟ ਦੇ ਮੁਖੀ ਬਾਬਾ ਹਰਜੀਤ ਸਿੰਘ ਮਹਿਤਾ ਚੌਕ ਵੱਲੋਂ ਸੱਤ ਲੋੜਵੰਦ ਜੋੜਿਆਂ ਦੇ ਵਿਆਹ ਕਰਵਾਏ ਗਏ। ਜੋੜ ਮੇਲੇ ਦੌਰਾਨ ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕ ਜਾਗਰੂਕਤਾ ਹਿੱਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਕਾਨੂੰਨੀ ਮਾਹਰਾਂ ਨੇ ਆਮ ਲੋਕਾਂ ਨੂੰ ਕਿਰਤੀਆਂ ਦੇ ਹੱਕਾਂ, ਘਰੇਲੂ ਜਾਂ ਜ਼ਮੀਨੀ ਝਗੜਿਆਂ ਵਿੱਚ ਸਸਤਾ ਤੇ ਛੇਤੀ ਨਿਆਂ ਪ੍ਰਾਪਤ ਕਰਨ ਅਤੇ ਮੋਟਰ ਵਹੀਕਲ ਦੁਰਘਟਨਾਵਾਂ ਸਬੰਧੀ ਜਾਗਰੂਕਤਾ ਪ੍ਰਦਾਨ ਕੀਤੀ। ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਐਲਾਨ ਕੀਤਾ ਹੈ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 10 ਪ੍ਰਮੁੱਖ ਉਤਸਵ ਸਰਕਾਰੀ ਤੌਰ 'ਤੇ ਮਨਾਏ ਜਾਇਆ ਕਰਨਗੇ। ਇੱਥੇ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਮੌਕੇ ਨਤਮਸਤਕ ਹੋਣ ਤੋਂ ਪਹਿਲਾਂ ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅਗਲੇ ਸਾਲ ਤੋਂ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਸਰਕਾਰੀ ਤੌਰ 'ਤੇ ਮਨਾਇਆ ਜਾਵੇਗਾ। ਇਸ ਤੋਂ ਇਲਾਵਾ ਬਟਾਲਾ ਵਿੱਚ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਦਿਨ, ਬਾਬਾ ਫ਼ਰੀਦ ਪੁਰਬ ਫ਼ਰੀਦਕੋਟ, ਕਪੂਰਥਲਾ ਵਿਰਾਸਤੀ ਉਤਸਵ, ਡਿਫੈਂਸ ਲਿਟਰੇਰੀ ਫੈਸਟੀਵਲ ਚੰਡੀਗੜ੍ਹ, ਅੰਮ੍ਰਿਤਸਰ ਵਿਰਾਸਤੀ ਮੇਲਾ, ਸੂਫੀ ਫੈਸਟੀਵਲ ਅੰਮ੍ਰਿਤਸਰ, ਹਰਵੱਲਭ ਸੰਗੀਤ ਸੰਮੇਲਨ ਜਲੰਧਰ, ਕਿਲ੍ਹਾ ਰਾਇਪੁਰ ਖੇਡਾਂ ਲੁਧਿਆਣਾ ਅਤੇ ਪਟਿਆਲਾ ਵਿਰਾਸਤੀ ਮੇਲਾ ਤੇ ਕਰਾਫਟ ਮੇਲਾ ਵੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਤੌਰ 'ਤੇ ਮਨਾਏ ਜਾਣਗੇ। ਉਨ੍ਹਾਂ ਦੱਸਿਆ ਕਿ ਰਾਜ ਸਰਕਾਰ ਵੱਲੋਂ 2019 ਵਿੱਚ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਸੁਲਤਾਨਪੁਰ ਲੋਧੀ ਵਿੱਚ ਵੱਡੇ ਪੱਧਰ 'ਤੇ ਮਨਾਇਆ ਜਾਵੇਗਾ। ਇਸ ਲਈ ਬਟਾਲਾ ਸ਼ਹਿਰ ਦੇ ਵਿਕਾਸ ਲਈ ਸੂਬਾ ਸਰਕਾਰ ਨੇ 42 ਕਰੋੜ ਰੁਪਏ ਮਨਜ਼ੂਰ ਕੀਤੇ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਦਿਹਾੜੇ ਸਬੰਧੀ ਪਾਕਿ ਓਕਾਫ਼ ਵਲੋਂ ਸਹਿਯੋਗ ਦੇਣ ਤੋਂ ਇਨਕਾਰ

## ਸਿੱਖ ਸੰਗਤ ਗੁਰਦੁਆਰਾ ਪੰਜਾ ਸਾਹਿਬ 'ਚ 4 ਸਤੰਬਰ ਨੂੰ ਮਨਾਏਗੀ ਪ੍ਰਕਾਸ਼ ਦਿਹਾੜਾ

**ਪਿਸ਼ਾਵਰ/ਬਿਊਰੋ ਨਿਊਜ਼ :** ਪਾਕਿਸਤਾਨ ਸਿੱਖ ਸੰਗਤ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਏ ਜਾ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਸਬੰਧੀ ਮਹਿਕਮਾ ਓਕਾਫ਼ ਨੇ ਸੰਗਤ ਨੂੰ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪਿਸ਼ਾਵਰ ਤੋਂ ਇਹ ਜਾਣਕਾਰੀ ਦਿੰਦਿਆਂ ਮੰਤਰੀ ਘੱਟ ਗਿਣਤੀ ਅਸਥਾਈ ਯੂਥ ਅਸੈਂਬਲੀ ਬਾਬਾ ਗੁਰਪਾਲ ਸਿੰਘ ਤੇ ਪਿਸ਼ਾਵਰੀ ਸਿੰਘ ਸੇਵਾ ਸੁਸਾਇਟੀ ਦੇ ਜਨਰਲ ਸਕੱਤਰ ਚਰਨਜੀਤ ਸਿੰਘ ਨੇ ਦੱਸਿਆ ਕਿ ਪਾਕਿਸਤਾਨੀ ਸਿੱਖ ਸੰਗਤ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਹਸਨ ਅਬਦਾਲ ਦੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਉਪਰੋਕਤ ਦਿਹਾੜੇ ਮੌਕੇ ਕਰਾਏ ਜਾਣ ਵਾਲੇ ਮਹਾਨ ਗੁਰਮਤਿ ਸਮਾਗਮ ਲਈ ਭਾਰਤ ਤੋਂ ਕੀਰਤਨੀ ਜਥੇ ਤੇ ਢਾਡੀ ਰਾਗੀ ਸਿੰਘ ਮੰਗਵਾਉਣ ਲਈ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਤੋਂ ਮਨਜ਼ੂਰੀ ਲਈ ਗਈ ਸੀ। ਬੋਰਡ ਦੇ ਚੈਅਰਮੇਨ ਸਦੀਕ ਉਲ ਫ਼ਾਰੂਕ ਦੁਆਰਾ ਇਸ ਦੀ ਮਨਜ਼ੂਰੀ ਦੇਣ ਦੇ ਬਾਵਜੂਦ ਸਿੱਖ ਸੰਗਤ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਉੱਠੇ ਵਿਵਾਦ ਦੇ ਚਲਦਿਆਂ ਭਾਰਤ ਤੋਂ ਕੀਰਤਨੀ ਜਥੇ ਮੰਗਵਾਉਣ 'ਤੇ ਰੋਕ ਲਗਾ ਦਿੱਤੀ ਗਈ ਹੈ। ਬਾਬਾ ਗੁਰਪਾਲ ਸਿੰਘ ਅਨੁਸਾਰ ਪੀ. ਐਸ. ਜੀ. ਪੀ. ਸੀ. ਤੇ ਮਹਿਕਾ ਈ. ਟੀ. ਪੀ. ਬੀ. ਵੱਲੋਂ ਸਮਾਗਮ ਵਿਚ ਸਹਿਯੋਗ ਨਾ ਦੇਣ 'ਤੇ ਉਪਰੋਕਤ ਸਮਾਗਮ ਵਿਚ ਪਾਕਿਸਤਾਨ ਦੇ ਕੀਰਤਨੀ ਜਥਿਆਂ ਤੇ ਕਥਾ ਵਾਚਕਾਂ ਵੱਲੋਂ ਕਥਾ ਕੀਰਤਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਿਸ਼ਾਵਰੀ ਸਿੰਘ ਸੇਵਾ ਸੁਸਾਇਟੀ ਵੱਲੋਂ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ 2 ਸਤੰਬਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਆਰੰਭ ਕਰਵਾਇਆ ਜਾਵੇਗਾ, ਜਿਸ ਦੀ ਸਮਾਪਤੀ 4 ਸਤੰਬਰ ਨੂੰ ਹੋਵੇਗੀ। ਇਸ ਦੇ ਚਲਦਿਆਂ 2 ਤੋਂ 4 ਸਤੰਬਰ ਤਕ ਗੁਰਦੁਆਰਾ ਸਾਹਿਬ ਵਿਚ ਸਕੂਲੀ ਬੱਚਿਆਂ ਵੱਲੋਂ ਰੋਜ਼ਾਨਾ ਸੁਖਮਨੀ ਸਾਹਿਬ ਦਾ ਪਾਠ ਵੀ ਕੀਤਾ ਜਾਵੇਗਾ ਤੇ ਤਿੰਨੋ ਦਿਨ ਸ਼ਾਮ 4 ਵਜੇ ਤੋਂ ਰਾਤ 11 ਵਜੇ ਤਕ ਕਥਾ ਕੀਰਤਨ ਵੀ ਜਾਰੀ ਰਹੇਗਾ।

# ਡੇਰਾ ਸਿਰਸਾ ਦੇ 'ਟਮਾਟਰ ਕੋਡ' ਨੇ ਪੰਜਾਬ 'ਚ ਫਲਾਈ ਹਿੰਸਾ

**ਬਠਿੰਡਾ/ਬਿਊਰੋ ਨਿਊਜ਼ :** ਡੇਰਾ ਸਿਰਸਾ ਨੇ 'ਗੁਪਤ ਕੋਡ' ਨਾਲ ਮਾਲਵੇ 'ਚ ਹਿੰਸਾ ਫੈਲਾਈ ਅਤੇ ਅੱਗ ਲਾਉਣ ਵਾਸਤੇ ਬਕਾਇਦਾ ਟੀਮਾਂ ਬਣਾਈਆਂ ਸਨ। ਬਠਿੰਡਾ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਡੇਰੇ ਦੀ 45 ਮੈਂਬਰੀ ਕਮੇਟੀ ਦੇ ਸੀਨੀਅਰ ਮੈਂਬਰ ਗੁਰਦੇਵ ਸਿੰਘ ਨੇ ਪੁੱਛ ਪੜਤਾਲ ਦੌਰਾਨ ਇਹ ਅਹਿਮ ਖੁਲਾਸਾ ਕੀਤਾ ਹੈ। ਇਸ ਖੁਲਾਸੇ ਨੇ ਡੇਰਾ ਸਿਰਸਾ ਨੂੰ ਬੇਪਰਦ ਕਰ ਦਿੱਤਾ ਹੈ। ਪੁਲੀਸ ਅਨੁਸਾਰ ਇਸ ਭੰਗੀਦਾਸ ਨੇ ਮੰਨਿਆ ਹੈ ਕਿ ਜਦੋਂ ਡੇਰਾ ਮੁਖੀ ਨੂੰ ਅਦਾਲਤ ਨੇ ਦੋਸ਼ੀ ਕਰਾਰ ਦਿੱਤਾ ਤਾਂ ਉਸ ਨੇ ਅਗਾਊਂ ਬਣਾਈ ਟੀਮ ਦੇ ਮੈਂਬਰਾਂ ਨੂੰ ਫੋਨ ਖੜਕਾ ਦਿੱਤੇ, ਜਿਨ੍ਹਾਂ ਨੂੰ ਗੁਪਤ ਕੋਡ 'ਟਮਾਟਰ ਚੁਗਣੇ ਨੇ' ਦਾ ਸੁਨੇਹਾ ਦਿੱਤਾ ਗਿਆ। ਇਸ ਮਗਰੋਂ ਮਾਲਵੇ ਵਿਚ ਦਰਜਨਾਂ ਥਾਂਵਾਂ ਉਤੇ ਸਰਕਾਰੀ ਸੰਪਤੀ ਨੂੰ ਅੱਗ ਲਾਏ ਜਾਣ ਦੀਆਂ ਵਾਰਦਾਤਾਂ ਹੋਈਆਂ। ਥਾਣਾ ਸਦਰ ਬਠਿੰਡਾ ਨੇ ਬੱਲੂਆਣਾ ਰੇਲਵੇ ਸਟੇਸ਼ਨ ਨੂੰ ਅੱਗ ਲਾਏ ਜਾਣ ਦੇ ਮਾਮਲੇ ਵਿਚ ਪੰਜ ਡੇਰਾ ਪ੍ਰੇਮੀ ਗ੍ਰਿਫ਼ਤਾਰ ਕੀਤੇ ਹਨ ਅਤੇ ਪ੍ਰਤਾਪ ਸਿੰਘ ਨੇ ਕੋਟਭਾਈ ਪੁਲੀਸ 'ਤੇ ਫਾਇਰਿੰਗ ਕੀਤੀ ਸੀ, ਜਿਸ ਨੂੰ ਮੌਕੇ 'ਤੇ ਕਾਬੂ ਕਰ ਲਿਆ ਗਿਆ। ਇਨ੍ਹਾਂ ਕੋਲੋਂ ਇਕ ਰਿਵਾਲਵਰ ਵੀ ਫੜਿਆ ਗਿਆ ਹੈ। ਐਸਐਸਪੀ ਬਠਿੰਡਾ ਨਵੀਨ ਸਿੰਗਲਾ ਨੇ ਦੱਸਿਆ ਕਿ ਗੁਰਦੇਵ ਸਿੰਘ ਨੇ ਪੁੱਛ ਪੜਤਾਲ ਵਿਚ ਯੋਜਨਾਬੱਧ ਢੰਗ ਨਾਲ ਹਿੰਸਾ ਫੈਲਾਏ ਜਾਣ ਦੀ ਗੱਲ ਕਬੂਲੀ ਹੈ। ਐਸਐਸਪੀ ਨੇ ਦੱਸਿਆ ਕਿ 21 ਅਗਸਤ ਤੋਂ ਇਨ੍ਹਾਂ ਦੀਆਂ ਮੀਟਿੰਗਾਂ ਚੱਲ ਰਹੀਆਂ ਸਨ। ਮਲੋਟ ਪੁਲੀਸ ਨੇ ਪੰਜ ਡੇਰਾ ਪੈਰੋਕਾਰਾਂ ਨੂੰ ਦਰਜਨ ਪੈਟਰੋਲ ਬੰਬਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵੱਲੋਂ ਮਲੋਟ ਰੇਲਵੇ ਸਟੇਸ਼ਨ ਨੂੰ ਅੱਗ ਲਾਈ ਸੀ। ਮਾਲਵੇ 'ਚੋਂ ਵੀ ਅੱਧੀ ਦਰਜਨ ਡੇਰਾ ਪੈਰੋਕਾਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਰਾਮਾਂ ਪੁਲੀਸ ਨੇ ਡੇਰੇ ਦੇ ਕਮੇਟੀ ਮੈਂਬਰ ਭੰਗੀਦਾਸ ਛਿੰਦਰਪਾਲ ਸਿੰਘ (ਵਾਸੀ ਪੱਕਾ ਕਲਾਂ) ਅਤੇ ਉਸ ਦੇ ਲੜਕੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।
ਛਿੰਦਰਪਾਲ ਸਿੰਘ ਫਰਾਰ ਹੋ ਗਿਆ ਹੈ ਜਦੋਂ ਕਿ ਉਸ ਦੇ ਲੜਕੇ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਅੱਗਜ਼ਨੀ ਦੀਆਂ ਘਟਨਾਵਾਂ ਵਿੱਚ ਇਸ ਪਿਤਾ-ਪੁੱਤ ਦਾ ਹੱਥ ਦੱਸਿਆ ਜਾ ਰਿਹਾ ਹੈ। ਥਾਣਾ ਰਾਮਾਂ ਦੇ ਮੁਖੀ ਗੁਰਮੇਲ ਸਿੰਘ ਨੇ ਦੱਸਿਆ ਕਿ ਪੁੱਛ ਪੜਤਾਲ ਕੀਤੀ ਜਾ ਰਹੀ ਹੈ। ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਚੇਅਰਮੈਨ ਰਾਮ ਸਿੰਘ ਨੇ ਕਿਹਾ ਕਿ ਹਿੰਸਾ ਫੈਲਾਉਣ ਵਿਚ ਸ਼ਰਾਰਤੀ ਤੱਤਾਂ ਦਾ ਹੱਥ ਹੈ ਅਤੇ ਡੇਰੇ ਵੱਲੋਂ ਕੋਈ ਯੋਜਨਾਬੰਦ ਹਿੰਸਾ ਨਹੀਂ ਫੈਲਾਈ ਗਈ।

# ਲੰਗਰ ਤਿਆਰ ਕਰਦੇ ਸਮੇਂ ਉਬਲਦੇ ਕੜਾਹੇ ਵਿਚ ਡਿੱਗ ਕੇ ਝੁਲਸੇ ਸੇਵਾਦਾਰ ਦੀ ਮੌਤ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸ੍ਰੀ ਹਰਿਮੰਦਰ ਸਾਹਿਬ ਦੇ ਸ੍ਰੀ ਗੁਰੂ ਰਾਮਦਾਸ ਲੰਗਰ ਵਿਖੇ ਸੰਗਤਾਂ ਲਈ ਲੰਗਰ ਤਿਆਰ ਕਰਦਿਆਂ ਬੀਤੀ 3 ਜੁਲਾਈ ਨੂੰ ਗਰਮ ਚਾਸ਼ਣੀ ਵਾਲੇ ਵੱਡੇ ਕੜਾਹੇ ਵਿਚ ਅਚਾਨਕ ਤਿਲਕ ਕੇ ਡਿੱਗ ਜਾਣ ਕਾਰਨ ਬੁਰੀ ਤਰ੍ਹਾਂ ਝੁਲਸ ਗਏ ਸੇਵਾਦਾਰ ਚਰਨਜੀਤ ਸਿੰਘ ਸਦੀਵੀ ਵਿਛੋੜਾ ਦੇ ਗਿਆ।



ਸੇਵਾਦਾਰ ਚਰਨਜੀਤ ਸਿੰਘ ਦੀ ਪੁਰਾਣੀ ਤਸਵੀਰ

ਉਹ ਲਗਪਗ 50 ਦਿਨ ਹਸਪਤਾਲ ਵਿਖੇ ਮੌਤ ਨਾਲ ਘੁਲਦੇ ਰਹੇ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਦੀ ਸਿਹਤ ਵਿਚ ਪਹਿਲਾਂ ਸੁਧਾਰ ਹੋਣਾ ਸ਼ੁਰੂ ਹੋ ਗਿਆ ਸੀ ਤੇ ਉਹ ਗੱਲਬਾਤ ਵੀ ਕਰਨ ਲੱਗ ਪਏ ਸਨ, ਪਰ ਦੋ ਕੁ ਹਫ਼ਤਿਆਂ ਤੋਂ ਉਨ੍ਹਾਂ ਦੀ ਹਾਲਤ ਫਿਰ ਖਰਾਬ ਹੋਣੀ ਸ਼ੁਰੂ ਹੋ ਗਈ ਸੀ ਤੇ ਅਖੀਰ ਬੀਤੀ ਰਾਤ 12 ਕੁ ਵਜੇ ਦੇ ਕਰੀਬ ਉਨ੍ਹਾਂ ਹਸਪਤਾਲ ਵਿਖੇ ਆਖਰੀ ਸਾਹ ਲਿਆ।
ਚਰਨਜੀਤ ਸਿੰਘ ਦੇ ਸਪੁੱਤਰ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਪੋਸਟ ਮਾਰਟਮ ਕਰਵਾ ਕੇ ਸ਼ਾਮ ਨੂੰ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ।

### ਐਲਾਨ ਦੇ ਬਾਵਜੂਦ ਨਹੀਂ ਮਿਲੀ ਨੌਕਰੀ :

ਇਥੇ ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਸੇਵਾਦਾਰ ਹਲਵਾਈ ਦੇ ਕੜਾਹੇ ਵਿਚ ਡਿੱਗ ਕੇ ਸੜ ਜਾਣ ਕਾਰਨ ਉਨ੍ਹਾਂ ਦਾ ਹਸਪਤਾਲ ਵਿਖੇ ਹਾਲ-ਚਾਲ ਪੁੱਛਣ ਗਿਆ ਐਲਾਨ ਕੀਤਾ ਸੀ ਕਿ ਉਨ੍ਹਾਂ ਦੇ ਬੇਟੇ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਨੌਕਰੀ ਦਿੱਤੀ ਜਾਵੇਗੀ, ਪਰ ਪਤਾ ਲੱਗਾ ਹੈ ਕਿ 50 ਦਿਨ ਬੀਤ ਜਾਣ 'ਤੇ ਵੀ ਨੌਕਰੀ ਲਈ ਉਨ੍ਹਾਂ ਦੇ ਬੇਟੇ ਵੱਲੋਂ ਦਿੱਤੀ ਗਈ ਦਰਖਾਸਤ 'ਤੇ ਕੋਈ ਕਾਰਵਾਈ ਨਹੀਂ ਹੋਈ।

## 73 ਦਿਨਾਂ ਮਗਰੋਂ ਭਾਰਤ-ਚੀਨ ਨੇ ਸਹਿਮਤੀ ਨਾਲ ਡੋਕਲਾਮ ਮਸਲਾ ਹੱਲ ਕੀਤਾ

**ਪੇਈਚਿੰਗ/ਬਿਊਰੋ ਨਿਊਜ਼ :** ਡੋਕਲਾਮ ਵਿੱਚ ਸੜਕ ਦਾ ਨਿਰਮਾਣ ਰੋਕਣ ਦੇ ਮੁੱਦੇ ਉਤੇ ਚੀਨ ਮੁੜ ਪਿੱਛੇ ਹਟਦਾ ਨਜ਼ਰ ਆ ਰਿਹਾ ਹੈ। ਇਸ ਸਰਹੱਦੀ ਇਲਾਕੇ ਵਿੱਚ ਸੜਕ ਨਿਰਮਾਣ ਤੋਂ ਦੋਵੇਂ ਮੁਲਕਾਂ ਦੀਆਂ ਫ਼ੌਜਾਂ ਦਰਮਿਆਨ ਪੈਦਾ ਹੋਏ ਤਣਾਅ ਨੂੰ ਕੱਲ੍ਹ 73 ਦਿਨਾਂ ਬਾਅਦ ਭਾਰਤ ਤੇ ਚੀਨ ਨੇ ਸਹਿਮਤੀ ਨਾਲ ਖ਼ਤਮ ਕੀਤਾ ਸੀ ਪਰ ਚੀਨ ਨੇ ਸੜਕ ਦੇ ਮਸਲੇ 'ਤੇ ਗ਼ੈਰ-ਪ੍ਰਤੀਬੱਧਤਾ ਜ਼ਾਹਰ ਕੀਤੀ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜਮਾਨ ਹੂਆ ਚੁਨਯਿੰਗ ਨੇ ਕਿਹਾ, 'ਸਰਹੱਦਾਂ ਦੀ ਰੱਖਿਆ ਸਬੰਧੀ ਲੋੜਾਂ ਅਤੇ ਜੀਵਨ ਪੱਧਰ ਨੂੰ ਉਪਰ ਚੁੱਕਣ ਲਈ ਚੀਨ ਲੰਬੇ ਸਮੇਂ ਤੋਂ ਸੜਕ ਨਿਰਮਾਣ ਸਮੇਤ ਹੋਰ ਢਾਂਚਾਗਤ ਵਿਕਾਸ ਵਿੱਚ ਜੁਟਿਆ ਹੋਇਆ ਹੈ।' ਦੱਸਣਯੋਗ ਹੈ ਕਿ ਬਰਿਕਸ ਸੰਮੇਲਨ ਵਿੱਚ ਹਿੱਸਾ ਲੈਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੀਨ ਜਾਣ ਤੋਂ ਮਹਿਜ਼ ਕੁੱਝ ਦਿਨ ਪਹਿਲਾਂ ਭਾਰਤ ਤੇ ਚੀਨ ਨੇ ਇਸ ਇਲਾਕੇ 'ਚੋਂ ਫ਼ੌਜੀ ਹਟਾਉਣ ਬਾਰੇ ਸਹਿਮਤੀ ਦੇ ਕੇ ਡੋਕਲਾਮ ਤਣਾਅ ਦਾ ਹੱਲ ਕੱਢਿਆ ਸੀ। ਇਸ ਇਲਾਕੇ ਵਿਚ ਚੀਨ ਵੱਲੋਂ ਸੜਕ ਦਾ ਨਿਰਮਾਣ ਜਾਰੀ ਰੱਖੇ ਜਾਣ ਬਾਰੇ ਪੁੱਛਣ ਉਤੇ ਹੂਆ ਨੇ ਕਿਹਾ, 'ਜ਼ਮੀਨੀ ਪੱਧਰ 'ਤੇ ਹਾਲਾਤ ਮੁਤਾਬਕ ਢੁਕਵੀਂ ਨਿਰਮਾਣ ਯੋਜਨਾ ਬਣਾਉਣ ਲਈ ਅਸੀਂ ਮੌਸਮ ਸਮੇਤ ਸਾਰੇ ਢੁਕਵੇਂ ਤੱਥਾਂ ਉਤੇ ਵਿਚਾਰ ਕਰਾਂਗੇ।' ਉਨ੍ਹਾਂ ਨੇ ਦੁਹਰਾਇਆ ਕਿ ਚੀਨੀ ਸਰਹੱਦੀ ਬਲਾਂ ਵੱਲੋਂ ਡੋਕਲਾਮ ਇਲਾਕੇ ਵਿੱਚ ਗਸ਼ਤ ਤੇ ਸਟੇਸ਼ਨ ਬਰਕਰਾਰ ਰੱਖੇ ਜਾਣਗੇ। ਇਤਿਹਾਸਕ ਕਨਵੈਨਸ਼ਨਾਂ ਨਾਲ ਅਸੀਂ ਆਪਣੀ ਪ੍ਰਭੂਸੱਤਾ ਜਾਰੀ ਰੱਖਾਂਗੇ। ਡੋਕਲਾਮ ਵਿੱਚ ਚੀਨ ਦੇ ਸੜਕ ਨਿਰਮਾਣ ਦਾ ਵਿਰੋਧ ਕਰਨ ਵਾਲੇ ਭੂਟਾਨ ਨਾਲ ਗੱਲਬਾਤ ਬਾਰੇ ਸਵਾਲਾਂ ਨੂੰ ਟਾਲਦਿਆਂ ਹੂਆ ਨੇ ਕਿਹਾ, 'ਅਜੇ ਅਸੀਂ ਭਾਰਤੀ ਫ਼ੌਜੀਆਂ ਦੀ ਗ਼ੈਰਕਾਨੂੰਨੀ ਉਲੰਘਣਾ ਦੇ ਮੁੱਦੇ ਨੂੰ ਹੱਲ ਕੀਤਾ ਹੈ।'

## ਪੁਲਵਾਮਾ 'ਚ ਫ਼ਿਦਾਇਨ ਹਮਲੇ ਦੌਰਾਨ ਮਾਰੇ ਗਏ 8 ਜਵਾਨ

**ਸ੍ਰੀਨਗਰ/ਬਿਊਰੋ ਨਿਊਜ਼ :** ਪੁਲਵਾਮਾ ਵਿਚ ਜ਼ਿਲ੍ਹਾ ਪੁਲੀਸ ਕੰਪਲੈਕਸ ਉਤੇ ਅਤਿਵਾਦੀ ਹਮਲੇ ਵਿਚ ਸੀਆਰਪੀਐਫ ਦੇ ਚਾਰ ਮੁਲਾਜ਼ਮਾਂ ਸਮੇਤ ਸੁਰੱਖਿਆ ਬਲਾਂ ਦੇ 8 ਜਵਾਨ ਮਾਰੇ ਗਏ। ਇਸ ਬਾਅਦ ਹੋਏ ਮੁਕਾਬਲੇ ਵਿਚ ਜਵਾਨਾਂ ਨੇ ਤਿੰਨ ਅਤਿਵਾਦੀ ਢੇਰ ਕਰ ਦਿੱਤੇ ਹਨ। ਅਤਿਵਾਦੀ ਤੜਕੇ ਹੀ ਪੁਲੀਸ ਕੰਪਲੈਕਸ ਵਿਚ ਵੜ ਗਏ ਸਨ। ਪੁਲੀਸ, ਸੀਆਰਪੀਐਫ ਤੇ ਫ਼ੌਜ ਨੇ ਤੁਰੰਤ ਹਰਕਤ ਵਿੱਚ ਆਉਂਦਿਆਂ ਅਤਿਵਾਦੀਆਂ ਨੂੰ ਇਕ ਪਾਸੇ ਘੇਰ ਲਿਆ ਅਤੇ ਕੰਪਲੈਕਸ ਵਿਚ ਰਹਿੰਦੇ ਪੁਲੀਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਬਾਹਰ ਕੱਢਿਆ। ਅਧਿਕਾਰੀਆਂ ਨੇ ਦੱਸਿਆ ਕਿ ਬਾਅਦ ਦੁਪਹਿਰ ਤਕ ਸੁਰੱਖਿਆ ਬਲਾਂ ਨੇ ਤਿੰਨ ਵਿੱਚੋਂ ਇਕ ਅਤਿਵਾਦੀ ਨੂੰ ਮਾਰ ਦਿੱਤਾ। ਸ਼ਾਮ ਨੂੰ ਪੰਜ ਵਜੇ ਦੂਜੇ ਅਤਿਵਾਦੀ ਦੀ ਲਾਸ਼ ਮਿਲੀ। ਸ੍ਰੀਨਗਰ ਆਧਾਰਤ 15ਵੀਂ ਕੋਰ ਦੇ ਜੀਸੀਓ ਲੈਫਟੀ. ਜਨਰਲ ਜੇਐਸ ਸੰਧੂ ਨੇ ਦੱਸਿਆ ਕਿ ਇਹ 'ਫਿਦਾਈਨ' ਹਮਲਾ ਹੈ। ਇਸ ਹਮਲੇ ਵਿਚ ਸੀਆਰਪੀਐਫ ਦੇ ਚਾਰ ਜਵਾਨ, ਜੰਮੂ ਕਸ਼ਮੀਰ ਪੁਲੀਸ ਦਾ ਕਾਂਸਟੇਬਲ ਅਤੇ ਸੂਬਾਈ ਪੁਲੀਸ ਦੇ ਤਿੰਨ ਐਸਪੀਓਜ਼ ਮਾਰੇ ਗਏ ਹਨ। ਸੀਆਰਪੀਐਫ ਦੇ ਚਾਰ ਵਿਚੋਂ ਦੋ ਜਵਾਨ ਤਾਂ ਅਪਰੇਸ਼ਨ ਦੀ ਸਮਾਪਤੀ ਮੌਕੇ ਅਤਿਵਾਦੀ ਵੱਲੋਂ ਰੱਖੇ ਧਮਾਕਾਖੇਜ਼ ਯੰਤਰ ਨੂੰ ਨਕਾਰਾ ਕਰਦੇ ਮਾਰੇ ਗਏ।

## ਟਰੰਪ ਦੀ ਵਾਹਵਾਹੀ ਕਰਾਉਣ ਵਾਲੇ ਅਧਿਕਾਰੀ ਵੱਲੋਂ ਅਸਤੀਫ਼ਾ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਡੋਨਲਡ ਟਰੰਪ ਦੀ ਮੀਡੀਆ ਵਿਚ ਵਾਹਵਾਹੀ ਕਰਾਉਣ ਵਾਲੇ ਡਾਇਰੈਕਟਰ ਐਂਡੀ ਹੈਮਿੰਗ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਹੈਮਿੰਗ ਅਮਰੀਕੀ ਰਾਸ਼ਟਰਪਤੀ ਬਾਰੇ ਚੰਗੀਆਂ ਖ਼ਬਰਾਂ ਨੂੰ ਲੱਭ ਕੇ ਉਨ੍ਹਾਂ ਨੂੰ ਵੰਡਦਾ ਸੀ। ਮੀਡੀਆ ਰਿਪੋਰਟ ਮੁਤਾਬਕ ਟਰੰਪ ਪ੍ਰਸ਼ਾਸਨ ਨੂੰ ਫਤਿਹ ਬੁਲਾਉਣ ਵਾਲੇ ਅਧਿਕਾਰੀਆਂ ਦੀ ਸੂਚੀ ਵਿਚ ਇਹ ਨਵਾਂ ਨਾਮ ਵੀ ਜੁੜ ਗਿਆ ਹੈ। ਹੈਮਿੰਗ ਨੇ ਸਾਲਾਨਾ 89 ਹਜ਼ਾਰ ਡਾਲਰ ਦੀ ਨੌਕਰੀ ਨੂੰ ਅਲਿਵਦਾ ਆਖ ਦਿੱਤਾ ਹੈ। ਪੋਲੀਟਿਕੋ ਦੀ ਰਿਪੋਰਟ ਮੁਤਾਬਕ ਵ੍ਹਾਈਟ ਹਾਊਸ ਨੇ ਕਿਹਾ ਹੈ ਕਿ ਆਪਸੀ ਫ਼ੈਸਲੇ ਨਾਲ ਇਹ ਰਵਾਨਗੀ ਹੋਈ ਹੈ ਪਰ ਇਹ ਸਪਸ਼ਟ ਨਹੀਂ ਹੋ ਸਕਿਆ ਕਿ 31 ਵਰ੍ਹਿਆਂ ਦੇ ਇਸ ਅਧਿਕਾਰੀ ਨੂੰ ਜਵਾਬ ਦਿੱਤਾ ਗਿਆ ਹੈ ਜਾਂ ਉਸ ਨੇ ਅਹੁਦੇ ਨੂੰ ਤਿਆਗਿਆ ਹੈ। ਹੈਮਿੰਗ ਦਿਨ ਵਿਚ 17 ਘੰਟੇ ਕੰਮ ਕਰਦਾ ਸੀ ਅਤੇ ਉਸ ਦਾ ਕੰਮ ਇੰਟਰਨੈੱਟ, ਟੈਲੀਵਿਜ਼ਨ ਅਤੇ ਰੇਡੀਓ ਤੋਂ ਪ੍ਰਸ਼ਾਸਨ ਦੀਆਂ ਹਾਂ-ਪੱਖੀ ਖ਼ਬਰਾਂ ਨੂੰ ਲੱਭ ਕੇ ਉਨ੍ਹਾਂ ਨੂੰ ਰਿਪੋਰਟਰਾਂ ਅਤੇ ਟੀਵੀ ਹਸਤੀਆਂ ਕੋਲ ਪਹੁੰਚਾਉਣਾ ਸੀ।

## ਵੀਨਸ : ਅੱਲਾ ਹੂ ਅਕਬਰ ਬੋਲਣ ਵਾਲੇ ਨੂੰ ਮਾਰੋ ਗੋਲੀ

**ਵੀਨਸ/ਬਿਊਰੋ ਨਿਊਜ਼ :** ਇਟਲੀ ਦੇ ਸ਼ਹਿਰ ਵੀਨਸ ਦੇ ਮੇਅਰ ਲੁਗੇਈ ਬੁਰਗਨਾਰੋ ਨੇ ਵਿਵਾਦਤ ਬਿਆਨ ਦਿੱਤਾ ਹੈ, ਉਸ ਦਾ ਕਹਿਣਾ ਹੈ ਕਿ ਸ਼ਹਿਰ ਵਿਚ ਜੇ ਕੋਈ ਅੱਲਾ ਹੂ ਅਕਬਰ ਬੋਲੇਗਾ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਸਪੇਨ ਦੇ ਬਾਰਸੀਲੋਨਾ ਵਿਚ ਅੱਤਵਾਦੀ ਹਮਲਾ ਹੋਣ ਤੋਂ ਬਾਅਦ ਵੀਨਸ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਸ਼ੱਕੀ ਲੋਕਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਇਕ ਪ੍ਰੈਸ ਕਾਨਫਰੰਸ ਵਿਚ ਮੇਅਰ ਬੁਰਗਨਾਰੋ ਨੇ ਕਿਹਾ ਕਿ ਵੀਨਸ ਬਾਰਸੀਲੋਨਾ ਦੇ ਮੁਕਾਬਲੇ ਇਕ ਸੁਰੱਖਿਅਤ ਸ਼ਹਿਰ ਹੈ ਤੇ ਇਸ ਦੌਰਾਨ ਉਨ੍ਹਾਂ ਕਿਹਾ ਕਿ ਜੇਕਰ ਕੋਈ ਦੌੜਦਾ ਹੋਇਆ ਸ਼ਹਿਰ ਦੇ ਮੁੱਖ ਚੌਰਾਹੇ ਵੱਲ ਜਾਵੇਗਾ ਤੇ ਅੱਲਾ ਹੂ ਅਕਬਰ ਬੋਲੇਗਾ ਤਾਂ ਅਸੀਂ ਉਸ ਨੂੰ ਗੋਲੀ ਮਾਰ ਦੇਵਾਂਗੇ। ਭਾਵੇਂ ਉਨ੍ਹਾਂ ਦੀ ਇਸ ਧਮਕੀ (ਟਿੱਪਣੀ) ਨੂੰ ਕਿਸੇ ਨੇ ਗੰਭੀਰਤਾ ਨਾਲ ਨਹੀਂ ਲਿਆ, ਸਗੋਂ ਕਈ ਲੋਕਾਂ ਨੇ ਉਸ ਦਾ ਮਜ਼ਾਕ ਉਡਾਇਆ ਹੈ। ਵੀਨਿਸ ਦੇ ਮੇਅਰ ਬੁਰਗਨਾਰੋ ਕਿਸੇ ਰਾਜਨੀਤਕ ਦਲ ਨਾਲ ਸਬੰਧਤ ਨਹੀਂ ਹਨ ਅਤੇ ਉਹ ਦੱਖਣਪੰਥੀ (ਕੱਟੜ) ਰਾਜਨੀਤੀ ਦੇ ਸਮਰਥਕ ਮੰਨੇ ਜਾਂਦੇ ਹਨ। ਉਨ੍ਹਾਂ 2 ਸਾਲ ਪਹਿਲਾਂ ਮੇਅਰ ਬਣਨ 'ਤੇ ਸਕੂਲਾਂ ਵਿਚੋਂ ਉਨ੍ਹਾਂ 49 ਕਿਤਾਬਾਂ ਨੂੰ ਹਟਾ ਦਿੱਤਾ ਸੀ ਜਿਨ੍ਹਾਂ ਵਿਚ ਸਮਲਿੰਗਤਾ ਬਾਰੇ ਜ਼ਿਕਰ ਕੀਤਾ ਗਿਆ ਸੀ।

## ਨੈਨੀ/ਬੇਬੀ ਸਿਟਰ ਦੀ ਜ਼ਰੂਰਤ

ਦੋ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਵਾਸਤੇ ਇੱਕ ਔਰਤ ਦੀ ਜ਼ਰੂਰਤ ਹੈ। ਰਿਹਾਇਸ਼ ਤੇ ਖਾਣਾ ਪੀਣਾ ਮੁਫ਼ਤ ਹੋਏਗਾ। ਲੋੜਵੰਦ ਸੱਜਣ ਇਸ ਫੋਨ ਨੰਬਰ ਤੇ ਸੰਪਰਕ ਕਰ ਸਕਦੇ ਹਨ। +1 (630) 849-5258

**Seeking a Nanny/Babysitter**

Wanted a Nanny for two small kids. Job included free accomodation and meals. Those interested can Call : 1 (630) 849-5258

**Office for Lease in Union City, CA**



Nice clean office

1200 to 1500 Sq feet in the business area of Union City. Best for Trucking company if extra warehouse needed.

Call at:

510-875-3279

## ਬਲਾਤਕਾਰੀ ਰਾਮ ਰਹੀਮ ਉਮਰ ਭਰ ਸਲਾਖਾਂ ਪਿਛੇ ਰਹਿਣ ਦਾ ਹੱਕਦਾਰ : ਦਲ ਖਾਲਸਾ

ਨਾਲੋਂ ਕਿਤੇ ਉੱਚਾ ਅਤੇ ਸੁੱਚਾ ਹੈ ਜਿਨਾਂ ਨੇ ਬਾਦਲਾਂ ਦੇ ਕਹਿਣ ਤੇ ਅਖੌਤੀ ਬਾਬੇ ਨੂੰ ਮੁਆਫ ਕਰਨ ਦੀ ਬਜਰ ਗਲਤੀ ਕੀਤੀ ਸੀ। ਉਹਨਾਂ ਕਿਹਾ ਕਿ ਅਕਾਲੀਆਂ ਅਤੇ ਜਥੇਦਾਰਾਂ ਨੂੰ ਆਪਣੀ ਗਲਤੀ ਲਈ ਕੌਮ ਤੋਂ ਮੁਆਫੀ ਮੰਗਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਅਕਾਲੀ ਰਾਜਨੀਤੀ ਨੇ ਕੌਮ ਨੂੰ ਸ਼ਰਮਸਾਰ ਹੀ ਕੀਤਾ ਹੈ।

ਦਲ ਖਾਲਸਾ ਦੇ ਆਗੂਆਂ ਨੇ ਕਿਹਾ ਕਿ ਸੂਬੇ ਦੀਆਂ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਇਸ ਅਖੌਤੀ ਗੁਰੂਡੰਮ ਨੂੰ ਉਤਸ਼ਾਹਿਤ ਕੀਤਾ ਅਤੇ ਕੇਂਦਰੀ ਸਰਕਾਰਾਂ ਅਤੇ ਏਜੰਸੀਆਂ ਨੇ ਇਸ ਦੀ ਪੁਸ਼ਤਪਨਾਹੀ ਕੀਤੀ ਹੈ। ਉਹਨਾਂ ਕਿਹਾ ਕਿ ਹਰਿਆਣਾ ਦੀ ਮੌਜੂਦਾ ਸਰਕਾਰ ਇਸ ਅਖੌਤੀ ਬਾਬੇ ਨਾਲ ਮਿਲੀ ਹੋਈ ਸੀ ਜਿਸ ਕਾਰਨ ਪੰਚਕੂਲਾ ਵਿਖੇ ਡੇਰੇ ਦੇ ਪ੍ਰੇਮੀਆਂ ਵਲੋਂ ਹੁਲੜਬਾਜੀ ਕੀਤੀ ਗਈ

## ਅੱਯਾਸ਼ੀ ਦੇ ਅੱਡੇ ਨਹੀਂ ਹਨ ਸਾਰੇ ਡੇਰੇ...

ਭਾਜਪਾ ਦੀ ਸਰਕਾਰ ਬਣੀ ਹੋਵੇ। ਕੁਝ ਹਫ਼ਤੇ ਪਹਿਲਾਂ ਤਕ ਇਸ਼ਤਿਹਾਰੀ ਮੁਹਿੰਮ ਹਰਿਆਣਾ ਵਿੱਚ 'ਮਨੋਹਰ ਰਾਜ' ਦੇ 1000 ਦਿਨਾਂ ਦੇ ਸੋਹਲੇ ਗਾ ਰਹੀ ਸੀ। ਮਨੋਹਰ ਲਾਲ ਖੱਟਰ ਦਾ ਖੁਸ਼ਨੁਮਾ ਅਤੇ ਸੁਖਾਵਾਂ ਰਾਜ। ਭਾਰਤੀ ਸਿਆਸਤ ਦੇ ਨਵੇਂ ਐਲਾਨੇ 'ਚਾਣਕਯ' ਭਾਵ ਅਮਿਤ ਸ਼ਾਹ ਨੇ ਵੀ ਮੁੱਖ ਮੰਤਰੀ ਦੀ ਸ਼ਲਾਘਾ ਕੀਤੀ ਸੀ। ਅਤੇ ਹੁਣ ਹਰਿਆਣਾ ਬਲ ਰਿਹਾ ਹੈ। ਚਾਣਕਯ ਦੀ ਦੂਰਦ੍ਰਿਸ਼ਟੀ ਦੇ ਤਾਂ ਕਹਿਣੇ ਹੀ ਕੀ ਹਨ!

ਸ਼ਾਇਦ ਸਭ ਤੋਂ ਜ਼ਿਆਦਾ ਨਿਰਾਸ਼ ਸਮੂਹ ਤਾਂ ਨਾਗਪੁਰ ਵਿਚਲੇ ਸੰਚਾਲਕ ਹੋਣਗੇ ਕਿਉਂਕਿ ਆਰਐੱਸਐੱਸ ਦਾ ਇੱਕ ਹੋਰ ਪੋਸਟਰ ਬੌਇ ਇੰਨਾ ਨਾਕਾਮ ਸਾਬਿਤ ਹੋਇਆ ਹੈ। ਆਰਐੱਸਐੱਸ ਬੜੇ ਉੱਦਮ ਨਾਲ ਇਹ ਨਜ਼ਰੀਆ ਉਭਾਰਦੀ ਹੈ ਕਿ ਸਵੈਮਸੇਵਕ ਬਣਨ ਵਾਲੇ ਕਿਸੇ ਵੀ ਵਿਅਕਤੀ ਨੂੰ ਜਨਤਕ ਅਹੁਦੇ ਲਈ ਢੁੱਕਵੇਂ ਗੁਣਾਂ ਦੀ ਖ਼ੁਦ-ਬ-ਖ਼ੁਦ ਬਖ਼ਸ਼ਿਸ਼ ਹੋ ਜਾਂਦੀ ਹੈ।

ਇਹ ਨਾਗਪੁਰ ਵਾਲਿਆਂ ਦਾ ਮੰਤਰ ਤਾਂ ਹੋ ਸਕਦਾ ਹੈ, ਪਰ ਹਰਿਆਣਾ ਵਿੱਚ ਆਰਐੱਸਐੱਸ ਦਾ ਤਜ਼ਰਬਾ ਸੂਬੇ ਨੂੰ ਕਾਫ਼ੀ ਮਹਿੰਗਾ ਪਿਆ ਹੈ। 16 ਮਹੀਨਿਆਂ ਵਿੱਚ ਦੂਜੀ ਵਾਰ ਸੂਬੇ ਨੂੰ ਵਿਆਪਕ ਗੜਬੜ ਅਤੇ ਅਵਿਵਸਥਾ ਨਾਲ ਦੋ-ਚਾਰ ਹੋਣਾ ਪਿਆ ਹੈ। ਅਜਿਹਾ ਸਿਰਫ਼ ਇਸ ਕਰਕੇ ਹੋਇਆ ਕਿਉਂਕਿ ਮੁੱਖ ਮੰਤਰੀ ਸਵੈਮਸੇਵਕ ਤੋਂ ਪ੍ਰਸ਼ਾਸਕ ਬਣਨ ਵਿੱਚ ਨਾਕਾਮ ਰਹੇ। ਕਿਸੇ ਨੂੰ ਵੀ ਮੁੱਖ ਮੰਤਰੀ (ਜਿਵੇਂ ਯੋਗੀ ਆਦਿੱਤਿਆਨਾਥ) ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਕਿੰਨੇ ਵੀ ਸਲਾਹਕਾਰ ਅਤੇ ਅਧਿਕਾਰੀ ਦਿੱਤੇ ਜਾ ਸਕਦੇ ਹਨ, ਪਰ ਜਦੋਂ ਭੀੜ ਪੈਂਦੀ ਹੈ ਤਾਂ ਸਿਖਰਲੇ ਅਹੁਦੇਦਾਰ ਅਤੇ ਉਸ ਦੀ ਪ੍ਰਤੀਕਿਰਿਆ ਹੀ ਫ਼ੈਸਲਾ ਲੈਣ ਉੱਤੇ ਭਾਰੂ ਪੈਂਦੀ ਹੈ। ਅਨਾੜੀ ਤਾਂ ਅਨਾੜੀ ਹੀ ਰਹਿਣਗੇ।

ਕੁਝ ਹਫ਼ਤੇ ਪਹਿਲਾਂ ਹਰਿਆਣਾ ਦੇ ਇੱਕ ਸਾਬਕਾ ਮੁੱਖ ਸਕੱਤਰ ਰਾਮ ਸਹਾਏ ਵਰਮਾ ਨੇ ਮੇਰੇ ਕੋਲ ਆ ਕੇ ਕੌਫ਼ੀ ਦਾ ਕੱਪ ਸਾਂਝਾ ਕੀਤਾ। ਉਨ੍ਹਾਂ ਨੇ ਮੇਰੇ ਲਈ ਆਪਣੀ ਨਵੀਨਤਮ ਪੁਸਤਕ 'ਮਾਈ ਐਨਕਾਊਂਟਰਜ਼ ਵਿਦ ਦਿ ਥ੍ਰੀ ਲਾਲਜ਼ ਔਫ ਹਰਿਆਣਾ' ਦੀ ਇੱਕ ਕਾਪੀ ਲਿਆਉਣ ਦੀ ਮਿਹਰਬਾਨੀ ਕੀਤੀ। ਉਦੋਂ ਤੋਂ ਇਹ ਮੇਰੇ ਵੱਲੋਂ ਪੜ੍ਹੀਆਂ ਜਾਣ ਵਾਲੀਆਂ ਪੁਸਤਕਾਂ ਦੇ ਢੇਰ ਵਿੱਚ ਪਈ ਰਹੀ ਸੀ। ਹਰਿਆਣਾ ਵਿੱਚ ਸਰਕਾਰੀ ਵਿਵਸਥਾ ਦੀਆਂ ਧੱਜੀਆਂ ਉਡਾਏ ਜਾਣ ਵਾਲੇ ਲੰਮੇ ਦਿਨ ਤੋਂ ਬਾਅਦ ਸ਼ੁੱਕਰਵਾਰ ਦੀ ਰਾਤ ਨੂੰ ਮੈਂ ਆਵੇਗ ਵਿੱਚ ਆ ਕੇ ਰਾਮ ਵਰਮਾ ਸਾਹਿਬ ਦੀ ਪੁਸਤਕ ਚੁੱਕੀ। ਮੈਂ ਇਹ ਸਮਝਣਾ ਚਾਹੁੰਦਾ ਸੀ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਹਰਿਆਣਾ ਵਿਚਲਾ ਪ੍ਰਸ਼ਾਸਕੀ ਢਾਂਚਾ ਅਚਾਨਕ ਇੰਨਾ ਪਰਨਿਰਭਰ ਕਿਉਂ ਹੋ ਗਿਆ ਹੈ।

ਹਰਿਆਣਾ ਕਾਡਰ ਦੇ ਬਿਹਤਰੀਨ ਅਧਿਕਾਰੀਆਂ ਵਿੱਚੋਂ ਇੱਕ ਐੱਸ.ਕੇ. ਮਿਸਰਾ ਵੱਲੋਂ ਲਿਖਿਆ ਗਿਆ ਇਸ ਦਾ ਮੁਖਬੰਧ ਆਪਣੇ ਆਪ ਵਿੱਚ ਲਾਭਦਾਇਕ ਸੀ। ਆਪਣੇ ਹੀ ਅੰਦਾਜ਼ ਵਿੱਚ ਮਿਸਰਾ ਸਾਹਿਬ ਨੇ ਉਨ੍ਹਾਂ ਗੁਣਾਂ ਦਾ ਵਰਣਨ ਕੀਤਾ ਜੋ ਇੱਕ ਮੁੱਖ ਮੰਤਰੀ ਨੂੰ ਸਿਰਮੌਰ ਆਗੂ ਬਣਾਉਂਦੇ ਹਨ।

ਬੰਸੀ ਲਾਲ ਦੀ ਸਾਖ਼ ਕਦੇ ਵੀ ਬਹੁਤੀ ਚੰਗੀ ਨਹੀਂ ਰਹੀ, ਪਰ ਅਸਲੀਅਤ ਇਹ ਹੈ ਕਿ ਉਨ੍ਹਾਂ ਤੋਂ ਪਹਿਲਾਂ ਅਤੇ ਬਾਅਦ ਦਾ ਕੋਈ ਵੀ ਮੁੱਖ ਮੰਤਰੀ ਯੋਗ ਪ੍ਰਸ਼ਾਸਕ ਵਜੋਂ ਉਨ੍ਹਾਂ ਦੇ ਰਿਕਾਰਡ ਅਤੇ ਪ੍ਰਸਿੱਧੀ ਦੇ ਪਾਸਕੂ ਵੀ ਨਹੀਂ ਹੋ ਸਕਿਆ। ਸ੍ਰੀ ਮਿਸਰਾ ਵਰਣਨ ਕਰਦੇ ਹਨ ਕਿ ਮੁੱਖ ਮੰਤਰੀ ਦੇ ਮੁੱਢਲੇ ਗੁਣ ਸ਼ਾਇਦ ਇਹ ਹੋਣੇ ਚਾਹੀਦੇ ਹਨ: "ਜਿੱਥੋਂ ਤਕ ਪ੍ਰਸ਼ਾਸਕੀ ਅਨੁਭਵ ਦਾ ਸਬੰਧ ਸੀ ਬੰਸੀ ਲਾਲ, ਬਿਲਕੁਲ ਅਣਜਾਣ ਸਨ। ਇਸ ਲਈ ਇਹ ਗੱਲ ਹੋਰ ਵੀ ਸ਼ਲਾਘਾਯੋਗ ਹੈ ਕਿ ਸਾਨੂੰ ਆਪਣਾ ਭਰੋਸਾ ਤੇ ਸਮਰਥਨ ਦੇ ਕੇ ਅਤੇ ਅਨੈਤਿਕ ਵਿਹਾਰ ਵਾਲੇ ਸਿਆਸਤਦਾਨਾਂ ਤੋਂ ਸਾਡੀ ਰੱਖਿਆ ਕਰਕੇ ਉਹ ਅਫ਼ਸਰਸ਼ਾਹੀ ਨੂੰ ਸੂਬੇ ਦੀ ਭਲਾਈ ਲਈ ਵਰਤਣ ਦੇ ਯੋਗ ਹੋ ਸਕੇ ਸਨ।"

ਸ੍ਰੀ ਮਿਸਰਾ ਨੇ ਦੇਵੀ ਲਾਲ ਨੂੰ 'ਦਰਿਆ ਦਿਲ, ਦੁਰਭਾਵਨਾ ਰਹਿਤ ਅਤੇ ਰੂੜੀਵਾਦੀ ਧਾਰਨਾ ਵਾਲੇ ਜਾਟ ਦੇ ਉਲਟ ਘੱਟ ਬਦਲੇਖੋਰ' ਵਿਅਕਤੀ ਦੇ ਗੁਣਾਂ ਵਾਲਾ ਦੱਸਿਆ ਹੈ। ਆਪਣੀ ਗ਼ਲਤੀ ਮਹਿਸੂਸ ਕਰਨ ਅਤੇ ਇਸ ਨੂੰ ਸੁਧਾਰਨ ਦੇ ਗੁਣ ਵਾਲੇ ਵੀ। ਬਸ ਇੰਨੀ ਗੱਲ ਸੀ।

ਮੈਂ ਉਮੀਦ ਕਰਦਾ ਹਾਂ ਕਿ ਰਾਮ ਵਰਮਾ ਨੇ ਸ੍ਰੀ ਖੱਟਰ ਨੂੰ ਵੀ ਆਪਣੀ ਪੁਸਤਕ ਦੀ ਕਾਪੀ ਭੇਟ ਕਰਨ ਬਾਰੇ ਸੋਚਿਆ ਹੋਵੇਗਾ। ਮੁੱਖ ਮੰਤਰੀ ਨੂੰ ਯਕੀਨਨ ਇਸ ਤੋਂ ਲਾਭ ਮਿਲੇਗਾ।

ਚੰਡੀਗੜ੍ਹ ਵਿੱਚ ਸੀਬੀਆਈ ਦਾ ਦਫ਼ਤਰ ਮੇਰੀ ਰਿਹਾਇਸ਼ ਤੋਂ ਥੋੜ੍ਹੀ ਹੀ ਦੂਰ ਹੈ। ਦੇਸ਼ ਦੀ ਪ੍ਰਮੁੱਖ ਜਾਂਚ ਏਜੰਸੀ ਦਾ ਦਫ਼ਤਰ ਇੰਨੀ ਨੇੜੇ ਹੋਣ ਸਦਕਾ ਮੈਂ ਹਮੇਸ਼ਾਂ ਦੁੱਗਣਾ ਸੁਰੱਖਿਅਤ ਮਹਿਸੂਸ ਕੀਤਾ ਹੈ। ਪਰ ਪਿਛਲੇ ਤਿੰਨ ਦਿਨ (ਵੀਰਵਾਰ ਤੋਂ ਸ਼ਨਿਚਰਵਾਰ) ਸੀਬੀਆਈ ਦੀ ਮੌਜੂਦਗੀ ਪੁਆੜੇ ਦਾ ਸਬੱਬ ਬਣੀ ਰਹੀ ਹੈ। ਸਾਰਾ ਖੇਤਰ ਕੰਡਿਆਲੀ ਘੁਮਾਅਦਾਰ ਤਾਰ ਨਾਲ ਘਿਰਿਆ ਰਿਹਾ ਹੈ। ਰੋਕਾਂ ਆਪਣੇ ਆਪ ਵਿੱਚ ਵੱਡਾ ਵਿਘਨ ਹੁੰਦੀਆਂ ਹਨ। ਅਤੇ ਵਿਘਨ ਪੈਣ 'ਤੇ ਖਿੱਝ ਆਉਣੀ ਸੁਭਾਵਿਕ ਹੀ ਹੈ। ਸਾਡੇ ਖਿੱਤੇ ਵਿੱਚ ਹੋਈ ਹਿੰਸਾ ਅਤੇ ਮੌਤਾਂ ਨੇ ਮਨ ਬੜਾ ਖੱਟਾ ਕੀਤਾ। ਪਰ ਫਿਰ ਵੀ ਮੈਂ ਪੰਜਾਬ ਅਤੇ ਹਰਿਆਣਾ ਦੇ ਫਾਜ਼ਿਲ ਜੱਜਾਂ ਦੇ ਮਾਣ ਵਿੱਚ ਕੌਫ਼ੀ ਦਾ ਕੱਪ ਉਠਾਉਂਦਾ ਹਾਂ ਜਿਨ੍ਹਾਂ ਨੇ ਕਾਨੂੰਨ ਦਾ ਰਾਜ ਯਕੀਨੀ ਬਣਾਇਆ। ਆਓ, ਮੇਰਾ ਸਾਥ ਦਿਉ!

ਈਮੇਲ: kaffeeklatsch@tribuneindia.com

## ਜ਼ਿਮਨੀ ਚੋਣ: ਦਿੱਲੀ 'ਚ 'ਆਪ' ਤੇ ਗੋਆ ਚ' ਭਾਜਪਾ ਦੀ ਜਿੱਤ

**ਪਣਜੀ/ਨਵੀਂ ਦਿੱਲੀ/ਬਿਊਰੋ ਨਿਊਜ਼:** ਗੋਆ ਦੇ ਮੁੱਖ ਮੰਤਰੀ ਮਨੋਹਰ ਪਰੀਕਰ ਨੇ ਪਣਜੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿੱਚ ਜਿੱਤ ਹਾਸਲ ਕੀਤੀ। 23 ਅਗਸਤ ਨੂੰ ਤਿੰਨ ਰਾਜਾਂ ਦੇ ਚਾਰ ਵਿਧਾਨ ਸਭਾ ਹਲਕਿਆਂ ਦੀ ਹੋਈ ਜ਼ਿਮਨੀ ਚੋਣ ਦੇ ਆਏ ਨਤੀਜਿਆਂ ਵਿੱਚ ਸੱਤਾਧਾਰੀ ਪਾਰਟੀਆਂ ਹੀ ਜੇਤੂ ਰਹੀਆਂ। ਰੱਖਿਆ ਮੰਤਰੀ ਵਜੋਂ ਆਪਣੀ ਪਾਰੀ ਮਗਰੋਂ ਇਸ ਸਾਲ ਮਾਰਚ ਵਿੱਚ ਸੂਬਾਈ ਸਿਆਸਤ ਵਿੱਚ ਪਰਤੇ ਪਰੀਕਰ ਨੇ ਆਪਣੇ ਨੇੜਲੇ ਵਿਰੋਧੀ ਕਾਂਗਰਸ ਦੇ ਗਿਰੀਸ਼ ਛੋਡਾਨਕਰ ਨੂੰ 4803 ਵੋਟਾਂ ਦੇ ਫ਼ਰਕ ਨਾਲ ਹਰਾਇਆ। ਭਾਜਪਾ ਆਗੂ ਸਿਧਾਰਥ ਕੁਨਕੋਲਿਨਕਰ ਨੇ ਅਸਤੀਫ਼ਾ ਦੇ ਕੇ ਪਰੀਕਰ ਦੀ ਚੋਣ ਲਈ ਰਾਹ ਪੱਧਰਾ ਕੀਤਾ ਸੀ। ਇਸ ਦੌਰਾਨ ਭਾਜਪਾ ਦੇ ਵਿਸ਼ਵਜੀਤ ਰਾਣੇ ਨੇ ਵਾਲਪੋਈ ਹਲਕੇ ਤੋਂ ਕਾਂਗਰਸ ਦੇ ਰੌਇ ਨਾਇਕ ਨੂੰ 10,066 ਵੋਟਾਂ ਨਾਲ ਪਛਾੜਿਆ।

ਪੰਜਾਬ ਤੇ ਗੋਆ ਦੀਆਂ ਚੋਣ ਹਾਰਾਂ ਮਗਰੋਂ ਦਿੱਲੀ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਲਈ ਬਵਾਨਾ ਹਲਕੇ ਦੀ ਜ਼ਿਮਨੀ ਚੋਣ ਰਾਹਤ ਬਣ ਕੇ ਬਹੁੜੀ। ਇੱਥੋਂ ਪਾਰਟੀ ਦੇ ਉਮੀਦਵਾਰ ਰਾਮ ਚੰਦਰ ਨੇ ਭਾਜਪਾ ਦੀ ਟਿਕਟ ਉਤੇ ਲੜਨ ਵਾਲੇ 'ਆਪ' ਦੇ ਸਾਬਕਾ ਵਿਧਾਇਕ ਵੇਦ ਪ੍ਰਕਾਸ਼ ਨੂੰ 24 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ। ਕਾਂਗਰਸ ਦੇ ਤਿੰਨ ਵਾਰ ਵਿਧਾਇਕ ਰਹੇ ਸੁਰਿੰਦਰ ਕੁਮਾਰ ਨੂੰ ਤੀਜਾ ਸਥਾਨ ਮਿਲਿਆ। ਆਂਧਰਾ ਪ੍ਰਦੇਸ਼ ਦੀ ਸੱਤਾਧਾਰੀ ਟੀਡੀਪੀ ਨੇ ਨੰਦਿਆਲ ਸੀਟ ਬਰਕਰਾਰ ਰੱਖੀ ਹੈ। ਇੱਥੋਂ ਪਾਰਟੀ ਉਮੀਦਵਾਰ ਭੂਮਾ ਬ੍ਰਹਮਨੰਦ ਰੈੱਡੀ ਨੇ ਵਾਈਐਸਆਰ ਕਾਂਗਰਸ ਦੇ ਸਿਲਪਾ ਚੰਦਰ ਮੋਹਨ ਰੈੱਡੀ ਨੂੰ 27 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ।

## ਅੰਨ੍ਹੀ ਸ਼ਰਧਾ ਸਿਰ ਫਲ-ਫੁਲ ਰਿਹੈ ਡੇਰਿਆਂ ਦਾ ਕਾਰੋਬਾਰ

ਡੇਰੇ ਆਪਣੇ ਪ੍ਰਭਾਵ ਦੀ ਵਰਤੋਂ ਆਪਣੀ ਤਾਕਤ ਵਧਾਉਣ ਲਈ ਚੋਣ 'ਮੰਡੀ' ਵਿੱਚ ਕਰਦੇ ਆ ਰਹੇ ਹਨ। ਡੇਰਿਆਂ ਦੇ ਸ਼ਰਧਾਲੂ ਵੀ ਚੋਣ 'ਮੰਡੀ' ਵਿੱਚ ਆਪਣੀ ਇਸ ਬੋਲੀ ਨੂੰ ਨਾ ਸਿਰਫ ਜਾਇਜ਼ ਕਹਿੰਦੇ ਹਨ, ਸਗੋਂ ਇਸ ਨੂੰ ਤਾਕਤ ਹਾਸਲ ਕਰਨ ਦਾ ਜ਼ਰੀਆ ਵੀ ਮੰਨਦੇ ਹਨ। ਸਿਆਸੀ ਪਾਰਟੀਆਂ ਵਲੋਂ ਇਸ ਮਦਦ ਦੇ ਬਦਲੇ ਡੇਰਿਆਂ ਤੇ 'ਬਾਬਿਆਂ' ਨੂੰ ਆਪਣੇ ਕਾਰੋਬਾਰ ਵਧਾਉਣ ਤੇ ਐਸ਼ੋ-ਆਰਾਮ ਦੌਰਾਨ ਹੋਣ ਵਾਲੀ ਕਾਨੂੰਨੀ ਉਲੰਘਣਾ ਤੋਂ ਬਚਾਅ ਲਈ 'ਸੁਰੱਖਿਆ ਛਤਰੀ' ਪ੍ਰਦਾਨ ਕੀਤੀ ਜਾਂਦੀ ਹੈ। ਡੇਰੇ ਇਸ ਤਰ੍ਹਾਂ ਹਾਸਲ ਕੀਤੀ ਸਿਆਸੀ ਪਹੁੰਚ ਦਾ ਇਸਤੇਮਾਲ ਸਰਕਾਰੀ ਸੁਰੱਖਿਆ ਹਾਸਲ ਕਰਨ ਲਈ ਕਰਦੇ ਹਨ। ਬਲਕਿ ਕਈ ਵਾਰ ਆਪਣੇ ਸ਼ਰਧਾਲੂਆਂ ਦੀ ਅੰਨ੍ਹੀ ਸ਼ਰਧਾ ਦੇ ਸਹਾਰੇ ਕਾਨੂੰਨ ਦੀਆਂ ਧੱਜੀਆਂ ਵੀ ਉਡਾ ਦਿੰਦੇ ਹਨ। ਅੰਨ੍ਹੀ ਸ਼ਰਧਾ ਡੇਰਿਆਂ ਵਿਰੁੱਧ ਕਿਸੇ ਵੀ ਗੱਲ ਨੂੰ ਪੱਕੇ ਤੌਰ 'ਤੇ ਨਜ਼ਰਅੰਦਾਜ਼ ਕਰਕੇ ਨੈਤਿਕ ਘੁਮੰਡ ਦਾ ਮੁਲੱਮਾ ਚੜ੍ਹਾ ਦਿੰਦੀ ਹੈ। ਇਸ ਦੇ ਚੱਲਦਿਆਂ ਇਨ੍ਹਾਂ ਸ਼ਕਤੀਸ਼ਾਲੀ 'ਬਾਬਿਆਂ' ਦੇ ਕੁਕਰਮਾਂ ਦੀ ਅਣਦੇਖੀ ਕਰਨਾ ਆਸਾਨ ਹੋ ਜਾਂਦਾ ਹੈ।

ਸਿਰਸਾ ਡੇਰੇ ਦੇ ਮੁਖੀ ਨੂੰ ਦੋ ਸਾਧਵੀਆਂ ਨਾਲ ਬਲਾਤਕਾਰ ਦੇ ਕੇਸ ਵਿੱਚ ਸੀਬੀਆਈ ਅਦਾਲਤ ਨੇ ਦੋਸ਼ੀ ਕਰਾਰ ਦੇ ਦਿੱਤਾ ਹੈ। ਉਸ ਉਪਰ ਡੇਰਾ ਸ਼ਰਧਾਲੂ ਰਣਜੀਤ ਸਿੰਘ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਦੇ ਕਤਲ ਅਤੇ ਵੱਡੀ ਗਿਣਤੀ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਉਣ ਦੇ ਕੇਸ ਵੱਖਰੇ ਤੌਰ 'ਤੇ ਚੱਲ ਰਹੇ ਹਨ। ਇਸੇ ਤਰ੍ਹਾਂ ਬਾਬਾ ਰਾਮਪਾਲ ਭਜਨ ਗਾਇਕ ਬਣ ਗਿਆ ਅਤੇ ਉਸ ਨੇ ਆਪਣਾ ਕਬੀਰਪੰਥੀ ਫਿਰਕਾ ਚਲਾ ਲਿਆ। ਉਸ ਉਪਰ ਵੀ ਹੱਤਿਆ ਦੇ ਦੋਸ਼ ਲੱਗੇ ਤਾਂ 2014 ਵਿੱਚ ਅਦਾਲਤ ਨੇ ਉਸ ਦੇ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਦਿੱਤੇ। ਉਸ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਿਆਂ ਸ਼ਰਧਾਲੂਆਂ ਨੇ ਪੈਟਰੋਲ ਬੰਬ, ਪੱਥਰ ਤੇ ਬੋਤਲਾਂ ਚੁੱਕ ਲਈਆਂ। ਉਸ ਤੋਂ ਬਾਅਦ ਕੀ ਹੋਇਆ, ਸਾਰਿਆਂ ਨੂੰ ਪਤਾ ਹੈ। ਬਾਬਾ ਰਾਮਪਾਲ ਅੱਜ ਵੀ ਜੇਲ੍ਹ ਵਿੱਚ ਸਲਾਖਾਂ ਪਿੱਛੇ ਹੈ, ਤੇ ਉਸ ਦੇ ਕੇਸ ਦਾ ਫੈਸਲਾ ਵੀ ਛੇਤੀ ਹੋਣ ਵਾਲਾ ਹੈ। ਉਸ ਦੇ ਸਮਰਥਕ ਵੀ ਅਦਾਲਤੀ ਫੈਸਲੇ ਨੂੰ ਪ੍ਰਭਾਵਿਤ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੋ ਜਾਂਦੇ ਹਨ। ਇਹ ਅਮਲ ਇਸ ਤਰ੍ਹਾਂ ਦਾ ਸਰਕਾਰੀ ਸੰਸਥਾਵਾਂ ਅੱਗੇ ਸੰਕਟ ਬਣ ਉਭਰਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਡੇਰਿਆਂ ਪ੍ਰਤੀ ਪ੍ਰੇਮ ਵੋਟਾਂ ਕਾਰਨ ਹੈ ਜਾਂ ਇਸ ਤੋਂ ਵੀ ਵੱਡੀ ਇਸ ਦੀ ਵਜ੍ਹਾ ਹੈ ਆਮਦਨ ਨਾ ਵਧਣ, ਆਰਥਿਕ ਪਾੜਾ ਵਧਦੇ ਜਾਣ ਅਤੇ ਬੇਰੁਜ਼ਗਾਰੀ ਦੇ ਵਿਕਰਾਲ ਰੂਪ ਧਾਰਨ ਕਰਨ ਕਾਰਨ ਫੈਲੀ ਨਿਰਾਸ਼ਤਾ ਵਾਲੇ ਸਖ਼ਤ ਸਿਆਸੀ ਮੁਕਾਬਲੇ ਤੇ ਨਵ-ਉਦਾਰਵਾਦੀ ਆਰਥਿਕ ਦੌਰ ਵਿੱਚ ਅਜਿਹੇ ਡੇਰੇ ਤੇ 'ਧਾਰਮਿਕ ਬਾਬੇ' ਤਣਾਅ ਮੁਕਤੀ ਦਾ ਕੰਮ ਕਰਦੇ ਹਨ। ਅਜਿਹੀ ਹਾਲਾਤ ਵਿੱਚ ਇਹ 'ਬਾਬੇ' ਅੰਨ੍ਹੀ ਸ਼ਰਧਾ ਦੇ ਸੌਦਾਗਰ ਬਣ ਜਾਂਦੇ ਹਨ ਅਤੇ ਆਪਣੇ ਸ਼ਰਧਾਲੂਆਂ ਦੀ ਸੋਚ ਬਦਲਣ ਲਈ ਬਾਜ਼ਾਰੂ ਜਨ-ਸੰਸਕ੍ਰਿਤੀ ਦਾ ਸਹਾਰਾ ਲੈਂਦੇ ਹੋਏ ਉਨ੍ਹਾਂ ਨੂੰ ਅਸਲ ਮੁੱਦਿਆਂ ਤੋਂ ਭਟਕਾ ਦਿੰਦੇ ਹਨ। ਇਲੈਕਟ੍ਰਾਨਿਕ ਮੀਡੀਆ, ਫਿਲਮਾਂ, ਸੋਸ਼ਲ ਮੀਡੀਆ ਉਪਰ ਪ੍ਰਚਾਰ ਦੇ ਰਾਹੀਂ ਉਨ੍ਹਾਂ ਵਿੱਚ ਆਪਣੇ ਸਮਾਜਿਕ ਅਸਤਿੱਤਵ ਪ੍ਰਤੀ ਝੂਠੇ ਅਤੇ ਸੁਧਾਰ ਵਿਰੋਧੀ ਵਿਚਾਰ ਭਰ ਦਿੱਤੇ ਜਾਂਦੇ ਹਨ।

ਉਦਾਹਰਣ ਵਜੋਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੇ ਹਕੀਕਤ ਤੋਂ ਦੂਰ ਆਪਣਾ ਇੱਕ ਵੱਡਾ ਅਕਸ ਬਣਾਉਣ ਲਈ ਨਾ ਕੇਵਲ ਫਿਲਮਾਂ ਬਣਾਈਆਂ ਸਗੋਂ ਉਨ੍ਹਾਂ ਵਿੱਚ ਅਦਾਕਾਰੀ ਵੀ ਕੀਤੀ ਤੇ ਗੀਤ ਵੀ ਗਾਏ। ਉਸ ਨੇ 'ਦਿ ਮੈਸੰਜਰ-1', 'ਮੈਸੰਜਰ-2", 'ਦਿ ਵਾਰੀਅਰ ਲਾਇਨ ਹਰਟ', 'ਹਿੰਦ ਕਾ ਨਾਪਕ ਕੋ ਜੁਆਬ' ਅਤੇ 'ਜੱਟ ਇਜੀਨੀਅਰ' ਫਿਲਮਾਂ ਬਣਾਈਆਂ। ਇਹ ਸਾਰੀਆਂ ਬਾਕਸ ਆਫਿਸ 'ਤੇ ਹਿੱਟ ਵੀ ਰਹੀਆਂ।

ਲੇਕਿਨ ਫਿਰ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰਾਂ ਇਨ੍ਹਾਂ 'ਧਾਰਮਿਕ ਬਾਬਿਆਂ' ਪ੍ਰਤੀ ਐਨੀਆਂ ਸੰਕੋਚਮਈ ਕਿਉਂ ਰਹਿੰਦੀਆਂ ਹਨ? ਇਹ ਡੇਰੇ ਅਸਲ ਦਰਦ ਦੇ ਖ਼ਿਲਾਫ਼ ਗਰੀਬ ਦੀ ਆਵਾਜ਼ ਨੂੰ ਦਬਾਉਣ ਲਈ ਆਪਣੀ ਸਮੂਹਿਕ ਅਪੀਲ ਦਾ ਸਹਾਰਾ ਲੈਂਦੇ ਹਨ। ਕਾਰਲ ਮਾਰਕਸ ਅਨੁਸਾਰ, ਬੇਦਿਲ ਦੁਨੀਆਂ ਦਾ ਦਿਲ ਅਤੇ ਆਤਮਹੀਣ ਹਾਲਾਤ ਦੀ ਆਤਮਾ ਹੈ..। ਉਸ ਨੂੰ ਆਪਣੇ ਹਾਲਤ ਪ੍ਰਤੀ ਆਪਣੇ ਭਰਮ ਨੂੰ ਤਿਆਗ ਦੇਣ ਦਾ ਸੱਦਾ ਦੇਣ ਦਾ ਮਤਲਬ ਹੈ, ਉਸ ਨੂੰ ਉਹ ਹਾਲਾਤ ਹੀ ਛੱਡ ਦੇਣ ਲਈ ਕਹਿਣਾ, ਜਿਸ ਲਈ ਉਸ ਨੂੰ ਭਰਮ ਦੀ ਜ਼ਰੂਰਤ ਹੋਵੇ।' ਸਰਕਾਰਾਂ ਨੂੰ ਵੀ ਅਜਿਹੇ ਹਾਲਾਤ ਨੂੰ ਬਦਲਣ ਦੀ ਬਜਾਏ, ਉਸ ਨੂੰ ਧੁੰਦਲਾ ਕਰਨਾ ਅਤੇ ਚੋਣਾਂ ਵਿੱਚ ਸਮਰਥਨ ਲਈ ਡੇਰਿਆਂ ਦਾ ਇਸਤੇਮਾਲ ਕਰਨਾ ਜ਼ਿਆਦਾ ਉਚਿਤ ਲੱਗਦਾ ਹੈ। ਸਿਆਸੀ ਪ੍ਰਣਾਲੀ, ਨਿਆਂਇਕ ਪ੍ਰਭਾਵਹੀਣਤਾ ਅਤੇ ਬਾਜ਼ਾਰ ਮੂਲਵਾਦ ਬਾਰੇ ਵਿਆਪਕ ਅਵਿਸ਼ਵਾਸ ਪੈਦਾ ਕਰਨਾ ਅੰਸ਼ਕ ਤੌਰ 'ਤੇ ਸੁਭਾਵਿਕ ਅਤੇ ਮੁਸ਼ਕਲ ਨਾਲ ਗ਼ੈਰ-ਵਾਜਿਬ ਹੈ। 'ਬਾਬਿਆਂ' ਵੱਲੋਂ ਇਸ ਦੇ ਪਿੱਛੇ ਛੁਪਣਾ ਤੇ ਉਲੰਘਣਾਵਾਂ ਨੂੰ ਜਾਇਜ਼ ਠਹਿਰਾਉਣਾ ਸਪੱਸ਼ਟ ਤੌਰ 'ਤੇ "ਅੰਦਰੂਨੀ ਰੌਸ਼ਨੀ' ਤੋਂ ਬੇਖ਼ਬਰ ਹੋਣ ਦਾ ਮਾਮਲਾ ਹੈ। ਲੇਕਿਨ ਸਵਾਲ ਇਹ ਹੈ ਕਿ ਕਿਸੇ 'ਧਾਰਮਿਕ ਬਾਬੇ' ਪ੍ਰਤੀ ਅੰਨ੍ਹੀ ਸ਼ਰਧਾ ਅਤੇ ਉਸ ਦੀ ਕਥਿਤ ਅਧਿਆਤਮਿਕ ਸ਼ਕਤੀ ਦੀ ਨਾਵਾਜਬ ਅਰਾਧਨਾ ਦੀ ਕਿਸ ਹੱਦ ਤੱਕ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। 'ਬਾਬਿਆਂ' ਅਤੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਖੁਸ਼ਾਮਦ ਲਈ ਸਰਕਾਰਾਂ ਆਖ਼ਿਰ ਕਦ ਤੱਕ ਖੇਡ ਖੇਡਦੀਆਂ ਰਹਿਣਗੀਆਂ। ਅਜਿਹੇ 'ਬਾਬਿਆਂ' ਦੇ ਗ਼ੈਰ-ਵਾਜਿਬ ਦਾਅਵਿਆਂ, ਜਿਨ੍ਹਾਂ ਨੂੰ ਉਨ੍ਹਾਂ ਦੇ ਸ਼ਰਧਾਲੂਆਂ ਨੇ ਅੰਨ੍ਹੀ ਸ਼ਰਧਾ ਤਹਿਤ ਪ੍ਰਵਾਨਿਆ ਅਤੇ ਸਿਆਸੀ ਪਾਰਟੀਆਂ ਨੇ ਨਿਭਾਇਆ ਹੈ, ਖ਼ਿਲਾਫ਼ ਕਾਨੂੰਨ ਦੇ ਰਾਜ ਨੂੰ ਮਜ਼ਬੂਤ ਕਰਨ ਦੇ ਯਤਨ ਕਰਨਾ ਸਿਆਸੀ ਪਾਰਟੀਆਂ ਤੇ ਹੋਰ ਸੰਸਥਾਵਾਂ ਦੀ ਸੰਵਿਧਾਨਿਕ ਜ਼ਿੰਮੇਵਾਰ ਬਣਦੀ ਹੈ।

(ਲੇਖਕ ਚੰਡੀਗੜ੍ਹ ਸਥਿਤ ਇੰਸਟੀਚਿਊਟ ਆਫ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ (ਆਈਡੀਸੀ) ਦਾ ਡਾਇਰੈਕਟਰ ਹੈ।)

## ਡੇਰਾਵਾਦ ਨੇ ਸਿੱਖੀ ਨੂੰ ਲਾਈ ਢਾਹ : ਏ.ਜੀ.ਪੀ.ਸੀ.

ਸਨ, ਨੂੰ ਅੱਜ ਸ਼ਰਮ ਆਉਣੀ ਚਾਹੀਦੀ ਹੈ ਕਿ ਉਹ ਕਿਸ ਤਰ੍ਹਾਂ ਦੇ ਕਾਰਨਾਮਿਆਂ 'ਚ ਭਾਈਵਾਲ ਸਨ

ਉਨ੍ਹਾਂ ਕਿਹਾ ਕਿ ਡੇਰਿਆਂ ਨੂੰ ਉਤਸ਼ਾਹਤ ਕਰਨ 'ਚ ਸਰਕਾਰਾਂ ਦੀ ਅਹਿਮ ਭੂਮਿਕਾ ਰਹੀ ਹੈ, ਜੇਕਰ ਸਮੇਂ ਸਿਰ ਇਸ 'ਤੇ ਠੱਲ੍ਹ ਪਾਈ ਜਾਂਦੀ ਤਾਂ ਸ਼ਾਇਦ ਅੱਜ ਮਾਸੂਮ ਲੜਕੀਆਂ ਨਾਲ ਜਬਰ-ਜਨਾਹ, ਕਤਲ, ਹਿੰਸਾ ਅਤੇ ਆਮ ਜਨਤਾ ਨੂੰ ਵਹਿਮਾਂ-ਭਰਮਾਂ 'ਚ ਪਾਉਣ ਵਰਗੀਆਂ ਘਟਨਾਵਾਂ ਨਾ ਵਾਪਰਦੀਆਂ ਹਨ। ਉਨ੍ਹਾਂ ਇਸ ਮੌਕੇ ਧਾਰਮਿਕ ਜਥੇਬੰਦੀਆਂ ਨੂੰ ਖੁੰਭਾਂ ਵਾਂਗੂੰ ਉਗ ਰਹੇ ਡੇਰਿਆਂ ਨੂੰ ਸਫ਼ਲ ਕਰਨ ਲਈ ਵੀ ਜ਼ਿੰਮੇਵਾਰ ਠਹਿਰਾਇਆ।

ਏਜੀਪੀਸੀ ਦੇ ਆਗੂਆਂ ਨੇ ਕਿਹਾ ਕਿ ਸਮੂਹ ਧਾਰਮਿਕ ਜਥੇਬੰਦੀਆਂ ਨੂੰ ਇਕਜੁਟ ਹੋ ਕੇ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡੀ ਪੱਧਰ 'ਤੇ ਮੁਹਿੰਮ ਵਿੱਢਣੀ ਚਾਹੀਦੀ ਹੈ ਤਾਂ ਜੋ ਕਿ ਸਿੱਖ ਕੌਮ 'ਚ ਵਾਪਸੀ ਕਰ ਸਕਣ। ਉਨ੍ਹਾਂ ਕਿਹਾ ਕਿ ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸ ਸਬੰਧੀ ਫ਼ੈਸਲਾ ਵਿਚਾਰ ਵਟਾਂਦਰਾ ਕਰਨ ਦੀ ਜਰੂਰਤ ਹੈ ਕਿ ਕਿਸ ਤਰ੍ਹਾਂ ਜਥੇਦਾਰ ਸਰਕਾਰਾਂ ਦੇ ਪਿੱਠੂ ਬਣ ਕੇ ਰਹਿ ਗਏ ਹਨ। ਜਿਸ ਕਾਰਨ ਇਸ ਤਰ੍ਹਾਂ ਦੇ ਪਾਖੰਡੀ ਸਾਧ ਵਾਰ-ਵਾਰ ਸਿੱਖੀ ਨੂੰ ਢਾਹ ਲਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

# ਡੇਵਿਸ ਯੂਨੀਵਰਸਿਟੀ 'ਚ ਪੰਜਾਬੀ ਚੇਅਰ ਸਥਾਪਿਤ ਕਰਵਾਉਣ ਲਈ ਹੋਈ ਮੀਟਿੰਗ 'ਚ ਅਹਿਮ ਵਿਚਾਰਾਂ







**ਸੈਕਰਾਮੈਂਟੋ/ਬਿਊਰੋ ਨਿਊਜ਼:**
ਪੰਜਾਬੀ ਭਾਈਚਾਰੇ ਨੂੰ ਅਮਰੀਕਾ 'ਚ ਰਹਿੰਦਿਆਂ ਭਾਵੇਂ 125 ਸਾਲ ਦੇ ਕਰੀਬ ਹੋ ਗਏ ਹਨ, ਪਰ ਇਹ ਲੋਕ ਹਾਲੇ ਵੀ ਆਪਣੀ ਹੋਂਦ ਬਣਾਉਣ ਤੋਂ ਵਾਂਝੇ ਰਹੇ ਹਨ। ਅਮਰੀਕੀ ਲੋਕਾਂ ਨੂੰ ਨਾ ਤਾਂ ਇਨ੍ਹਾਂ ਦੇ ਪਹਿਰਾਵੇ ਬਾਰੇ ਪਛਾਣ ਹੋਈ ਹੈ ਅਤੇ ਨਾ ਹੀ ਇਨ੍ਹਾਂ ਦੀ ਬੋਲੀ ਬਾਰੇ ਪਤਾ ਹੈ। ਇਸ ਦੇ ਨਾਲ-ਨਾਲ ਪੰਜਾਬੀਆਂ ਦੀ ਆਉਣ ਵਾਲੀ ਪੀੜ੍ਹੀ ਵੀ ਆਪਣੀ ਮਾਂ ਬੋਲੀ ਤੋਂ ਟੁੱਟਦੀ ਜਾ ਰਹੀ ਹੈ। ਇਸ ਸੰਬੰਧੀ ਪਿਛਲੇ ਦਿਨਾਂ ਦੌਰਾਨ ਕੁੱਝ ਯਤਨ ਆਰੰਭ ਕੀਤੇ ਗਏ ਹਨ। ਇਸੇ ਤਰ੍ਹਾਂ ਯੂ. ਸੀ. ਡੇਵਿਸ ਵਿਖੇ ਪੰਜਾਬੀ ਚੇਅਰ ਸਥਾਪਿਤ ਕਰਨ ਲਈ ਜੱਦੋ-ਜਹਿਦ ਸ਼ੁਰੂ ਹੋਈ ਹੈ। ਇਸ ਸੰਬੰਧੀ ਐਲਕ ਗਰੋਵ ਵਿਖੇ ਇਕ ਅਹਿਮ ਮੀਟਿੰਗ ਕੀਤੀ ਗਈ ਜਿਸ ਵਿਚ ਯੂ.ਸੀ. ਡੇਵਿਸ ਤੋਂ ਇਤਿਹਾਸਕਾਰ ਡਾ. ਨਿਕੋਲ ਰੰਗਾਨਾਥ ਅਤੇ ਡਾਇਰੈਕਟਰ ਮਿਡਲ ਈਸਟ ਅਤੇ ਸਾਊਥ ਏਸ਼ੀਆ ਸਟੱਡੀ ਪ੍ਰੋਗਰਾਮ ਦੇ ਪ੍ਰੋਫੈਸਰ ਸਮਰਿਤੀ ਸ਼੍ਰੀਨਿਵਾਸ ਵਿਸ਼ੇਸ਼ ਤੌਰ 'ਤੇ ਪਹੁੰਚੇ। ਪੰਜਾਬੀ ਭਾਈਚਾਰੇ ਵੱਲੋਂ ਵੀ ਬਹੁਤ ਸਾਰੀਆਂ ਸ਼ਖਸੀਅਤਾਂ ਇਸ ਮੌਕੇ ਹਾਜ਼ਰ ਸਨ।

ਇਸ ਦੌਰਾਨ ਹੋਈ ਭਰਵੀਂ ਹਾਜ਼ਰੀ ਤੋਂ ਇਹ ਮਹਿਸੂਸ ਹੁੰਦਾ ਸੀ ਕਿ ਹੁਣ ਸਮਾਂ ਆ ਗਿਆ ਹੈ ਕਿ ਜਦੋਂ ਪੰਜਾਬੀ ਭਾਸ਼ਾ ਨੂੰ ਵਿਦਿਅਕ ਅਦਾਰਿਆਂ ਵਿਚ ਲਾਗੂ ਕਰਵਾਉਣ ਲਈ ਸਾਡੇ ਭਾਈਚਾਰੇ ਵਿਚ ਜਾਗਰੂਕਤਾ ਆ ਰਹੀ ਹੈ। ਇਸ ਦੌਰਾਨ ਨਿਕੋਲ ਰੰਗਾਨਾਥ ਅਤੇ ਪ੍ਰੋਫੈਸਰ ਸਮਰਿਤੀ ਸ਼੍ਰੀਨਿਵਾਸ ਨੇ ਆਏ ਪਤਵੰਤੇ ਸੱਜਣਾਂ ਨੂੰ ਦੱਸਿਆ ਕਿ ਕਿਵੇਂ ਪੰਜਾਬੀ ਭਾਸ਼ਾ ਯੂਨੀਵਰਸਿਟੀ ਵਿਚ ਲਾਗੂ ਕਰਵਾਈ ਜਾ ਸਕਦੀ ਹੈ। ਇਸ ਮੌਕੇ ਗੁਲਿੰਦਰ ਗਿੱਲ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

# ਖ਼ੁਦਕੁਸ਼ੀਆਂ ਦੀ ਫ਼ਸਲ : ਨਹੀਂ ਰੁਕ ਰਿਹਾ ਸਿਲਸਿਲਾ, ਇਸ ਹਫ਼ਤੇ 6 ਕਰਜ਼ਾਈ ਕਿਸਾਨਾਂ ਵੱਲੋਂ ਖ਼ੁਦਕੁਸ਼ੀ

**ਚੰਡੀਗੜ੍ਹ/ਬਿਊਰੋ ਨਿਊਜ਼** : ਪੰਜਾਬ ਸਰਕਾਰ ਵਲੋਂ ਕਰਜ਼ਾ ਮੁਆਫ਼ੀ ਦੇ ਐਲਾਨਾਂ ਦੇ ਬਾਵਜੂਦ ਖ਼ੁਦਕੁਸ਼ੀਆਂ ਦਾ ਰੁਝਾਨ ਰੁਕਣ ਦਾ ਨਾਂ ਨਹੀਂ ਲੈ ਰਿਹਾ। 'ਅੰਮ੍ਰਿਤਸਰ ਟਾਈਮਜ਼' ਵਲੋਂ ਹਰ ਹਫ਼ਤੇ ਕਿਸਾਨਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਦੀ ਰਿਪੋਰਟ ਛਾਪੀ ਜਾਂਦੀ ਹੈ। ਇਸ ਹਫ਼ਤੇ 6 ਕਿਸਾਨਾਂ ਨੇ ਕਰਜ਼ੇ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕਰ ਲਈ।

**ਪਿੰਡ ਬਖ਼ਤੌਰ ਦੇ ਕਿਸਾਨ ਵਲੋਂ ਖ਼ੁਦਕੁਸ਼ੀ** :
ਮੌੜ ਮੰਡੀ ਦੇ ਪਿੰਡ ਭਾਈ ਬਖਤੌਰ ਦੇ ਇਕ ਹੋਰ ਕਿਸਾਨ ਵੱਲੋਂ ਕਰਜ਼ੇ ਦੀ ਪ੍ਰੇਸ਼ਾਨੀ ਦੇ ਚੱਲਦਿਆਂ ਪਿੰਡ ਦੇ ਲਾਗਿਓਂ ਲੰਘਦੀ ਰੇਲਵੇ ਲਾਈਨ ਦੇ ਟਰੈਕ 'ਤੇ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ। ਕਿਸਾਨ ਯੂਨੀਅਨ ਉਗਰਾਹਾਂ ਦੇ ਜ਼ਿਲ੍ਹਾ ਆਗੂ ਦਰਸ਼ਨ ਸਿੰਘ ਮਾਈਸਰਖਾਨਾ ਅਤੇ ਭੁਪਿੰਦਰ ਸਿੰਘ ਪਿੰਡ ਇਕਾਈ ਪ੍ਰਧਾਨ ਭਾਈ ਬਖਤੌਰ ਨੇ ਦੱਸਿਆ ਕਿ ਪਿੰਡ ਭਾਈ ਬਖਤੌਰ ਦਾ ਕਿਸਾਨ ਮਹਿੰਦਰ ਸਿੰਘ ਉਰਫ਼ ਕਰਤਾਰ ਸਿੰਘ (55 ਸਾਲ) ਪੁੱਤਰ ਗੁਰਬਖ਼ਸ਼ ਸਿੰਘ ਜਿਸ ਕੋਲ ਆਪਣੀ ਤਿੰਨ ਕੁ ਏਕੜ ਜ਼ਮੀਨ ਸੀ ਅਤੇ ਜਿਸ ਦੇ ਸਿਰ 3.50 ਲੱਖ ਦਾ ਕਰਜ਼ਾ ਸੀ। ਇਸ ਖ਼ੁਦਕੁਸ਼ੀ ਦਾ ਪਤਾ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਉਸ ਸਮੇਂ ਲੱਗਾ, ਜਦ ਉਨ੍ਹਾਂ ਨੇ ਸਿਵਲ ਹਸਪਤਾਲ ਬਠਿੰਡਾ ਦੇ ਮੁਰਦਾ ਘਰ ਵਿਚ ਜਾ ਕੇ ਲਾਸ਼ ਦੀ ਸ਼ਨਾਖ਼ਤ ਕੀਤੀ।

**ਪਿੰਡ ਗੋਬਿੰਦਪੁਰਾ ਦੇ ਜਸਪਾਲ ਸਿੰਘ ਨੇ ਨਿਗਲੀ ਸਲਫ਼ਾਸ**
ਬਠਿੰਡਾ ਛਾਉਣੀ :ਬਠਿੰਡਾ ਜ਼ਿਲ੍ਹੇ ਦੇ ਪਿੰਡ ਗੋਬਿੰਦਪੁਰਾ ਵਿਖੇ ਕਰਜ਼ਾਈ ਕਿਸਾਨ ਜਸਪਾਲ ਸਿੰਘ (30) ਪੁੱਤਰ ਮੱਖਣ ਸਿੰਘ ਨੇ ਖੇਤ ਵਿਚ ਸਲਫ਼ਾਸ ਖਾ ਕੇ ਖ਼ੁਦਕੁਸ਼ੀ ਕਰ ਲਈ। ਜਸਪਾਲ ਸਿੰਘ ਦੇ ਸਿਰ 'ਤੇ ਸਟੇਟ ਬੈਂਕ ਆਫ਼ ਇੰਡੀਆ ਅਤੇ ਆੜ੍ਹਤੀਆਂ ਦਾ ਕੁੱਲ ਮਿਲਾ ਕੇ 5 ਲੱਖ ਰੁਪਏ ਦੇ ਕਰੀਬ ਕਰਜ਼ਾ ਸੀ। ਬੀਤੇ ਦਿਨ ਉਹ ਖੇਤ ਕੰਮ ਕਰਨ ਲਈ ਗਿਆ ਤਾਂ ਉੱਥੇ ਉਸ ਨੇ ਸਲਫ਼ਾਸ ਆਦਿ ਖਾ ਕੇ ਖ਼ੁਦਕੁਸ਼ੀ ਕਰ ਲਈ।

**ਪਿੰਡ ਘੁੰਮਣ ਕਲਾਂ ਦੇ ਗੁਰਨਾਮ ਸਿੰਘ ਨੇ ਰੇਲ ਗੱਡੀ ਹੇਠ ਆ ਕੇ ਦਿੱਤੀ ਜਾਨ** :
ਦਿੱਲੀ-ਫ਼ਿਰੋਜ਼ਪੁਰ ਰੇਲਵੇ ਮਾਰਗ 'ਤੇ ਕੋਟਲੀ ਫਾਟਕ ਨੇੜੇ ਪਿੰਡ ਘੁੰਮਣ ਕਲਾਂ ਦੇ ਇੱਕ ਕਿਸਾਨ ਨੇ ਰੇਲਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ। ਜਾਣਕਾਰੀ ਅਨੁਸਾਰ ਗੁਰਨਾਮ ਸਿੰਘ (55) ਪੁੱਤਰ ਲਾਲ ਸਿੰਘ ਦੋ ਏਕੜ ਜ਼ਮੀਨ ਦਾ ਮਾਲਕ ਸੀ ਅਤੇ ਮਜ਼ਦੂਰੀ ਵੀ ਕਰਦਾ ਸੀ। ਆਰਥਿਕ ਤੰਗੀ ਅਤੇ ਕਰਜ਼ੇ ਕਾਰਨ ਉਹ ਪ੍ਰੇਸ਼ਾਨ ਸੀ।

**ਸ਼ਹਿਜ਼ਾਦੀ ਪਿੰਡ ਦੇ ਕਿਸਾਨ ਨੇ ਨਹਿਰ 'ਚ ਮਾਰੀ ਛਾਲ** :
ਫ਼ਿਰੋਜ਼ਪੁਰ : ਮਿਰਚਾਂ ਦੀ ਫ਼ਸਲ ਦਾ ਭਾਅ ਚੰਗਾ ਨਾ ਮਿਲਣ ਕਾਰਨ ਪ੍ਰੇਸ਼ਾਨ ਸ਼ਹਿਜ਼ਾਦੀ ਪਿੰਡ ਦੇ ਇੱਕ ਕਿਸਾਨ ਨੇ ਸੋਮਵਾਰ ਨੂੰ ਰਾਜਸਥਾਨ ਫੀਡਰ ਵਿੱਚ ਛਾਲ ਮਾਰ ਦਿੱਤੀ ਸੀ, ਜਿਸ ਦੀ ਲਾਸ਼ ਮਲੋਟ ਵਿੱਚੋਂ ਲੰਘਦੀ ਨਹਿਰ 'ਚੋਂ ਬਰਾਮਦ ਹੋ ਗਈ ਹੈ। ਮ੍ਰਿਤਕ ਗੁਰਸੇਵਕ ਸਿੰਘ (27) ਦੇ ਪਿਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਪੰਜ ਏਕੜ ਜ਼ਮੀਨ 45 ਹਜ਼ਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਠੇਕੇ 'ਤੇ ਲੈ ਕੇ ਮਿਰਚਾਂ ਬੀਜੀਆਂ ਸਨ। ਫ਼ਸਲ ਚੰਗੀ ਹੋਈ ਸੀ ਪਰ ਭਾਅ ਚੰਗਾ ਨਾ ਮਿਲਣ ਕਾਰਨ ਉਹ ਪ੍ਰੇਸ਼ਾਨ ਸੀ।

**ਪਿੰਡ ਮੰਡੇਰ ਦੇ ਕਿਸਾਨ ਵਲੋਂ ਖ਼ੁਦਕੁਸ਼ੀ** :
ਲੌਂਗੋਵਾਲ : ਲੌਂਗੋਵਾਲ ਨੇੜੇ ਪਿੰਡ ਮੰਡੇਰ ਖ਼ੁਰਦ ਵਿਖੇ ਇਕ ਕਰਜ਼ਈ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਬਲਵਿੰਦਰ ਸਿੰਘ ਉਰਫ਼ ਬੋਘਾ ਸਿੰਘ (32) ਸਾਲ ਪੁੱਤਰ ਗੁਰਚਰਨ ਸਿੰਘ ਵਜੋਂ ਕੀਤੀ ਗਈ ਹੈ। ਮ੍ਰਿਤਕ ਦੀ ਪਤਨੀ ਜਸਵੀਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਆਰਥਿਕ ਤੰਗੀ ਅਤੇ ਕਰਜ਼ੇ ਦੇ ਚਲਦਿਆਂ ਅਕਸਰ ਪ੍ਰੇਸ਼ਾਨ ਰਹਿੰਦਾ ਸੀ। ਉਨ੍ਹਾਂ ਕੋਲ ਪੌਣਾ ਏਕੜ ਦੇ ਕਰੀਬ ਜ਼ਮੀਨ ਹੈ ਅਤੇ ਉਨ੍ਹਾਂ ਸਿਰ ਸਰਕਾਰੀ ਅਤੇ ਗ਼ੈਰ-ਸਰਕਾਰੀ 3 ਲੱਖ ਤੋਂ ਵਧੇਰੇ ਕਰਜ਼ਾ ਸੀ। ਲੰਘੇ ਦਿਨ ਸ਼ਾਮ 6 ਕੁ ਵਜੇ ਉਸ ਦੇ ਪਤੀ ਨੇ ਕੋਈ ਜ਼ਹਿਰੀਲੀ ਵਸਤੂ ਨਿਗਲ ਲਈ। ਇਸ ਤੋਂ ਪਹਿਲਾਂ ਕਿ ਉਸ ਨੂੰ ਡਾਕਟਰੀ ਸਹਾਇਤਾ ਦਿਵਾਈ ਜਾਂਦੀ ਬਲਵਿੰਦਰ ਸਿੰਘ ਨੇ ਦਮ ਤੋੜ ਦਿੱਤਾ।

**ਪਿੰਡ ਗੋਂਦਵਾਲ ਦੇ ਕਿਸਾਨ ਨੇ ਪੀਤੀ ਕੀਟਨਾਸ਼ਕ ਦਵਾਈ** :
**ਰਾਏਕੋਟ** : ਪਿੰਡ ਗੋਂਦਵਾਲ ਦੇ ਇਕ ਨੌਜਵਾਨ ਕਿਸਾਨ ਵੱਲੋਂ ਕੀਟਨਾਸ਼ਕ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਖ਼ਤਮ ਕਰ ਲਏ ਜਾਣ ਦੀ ਖ਼ਬਰ ਹੈ। ਪਿੰਡ ਵਾਸੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਦਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ (35) ਪਿੰਡ ਗੋਂਦਵਾਲ ਵਿਖੇ ਦੋ ਏਕੜ ਸਾਂਝੇ ਮੁਸ਼ਤਰਕੇ ਦੀ ਜ਼ਮੀਨ ਵਿਚ ਖੇਤੀ ਕਰਦਾ ਸੀ ਅਤੇ ਉਸ ਦੇ ਸਿਰ ਬੈਂਕ ਦੇ ਕਰਜ਼ੇ ਤੋਂ ਇਲਾਵਾ ਹੋਰ ਵੀ ਕਰਜ਼ਾ ਚੜ੍ਹ ਚੁੱਕਿਆ ਸੀ, ਬੈਂਕ ਵੱਲੋਂ ਉਸ ਨੂੰ ਕੁਰਕੀ ਦਾ ਨੋਟਿਸ ਮਿਲ ਜਾਣ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ, ਜਿਸ ਦੇ ਚੱਲਦਿਆਂ ਉਸ ਨੇ ਬੀਤੀ 24 ਅਗਸਤ ਨੂੰ ਕੀਟਨਾਸ਼ਕ ਦਵਾਈ ਪੀ ਲਈ ਅਤੇ ਉਸ ਦਿਨ ਤੋਂ ਸਥਾਨਕ ਲਾਈਫ ਕੇਅਰ ਹਸਪਤਾਲ ਵਿਚ ਜੇਰੇ ਇਲਾਜ ਸੀ। ਪਰ ਡਾਕਟਰਾਂ ਦੀਆਂ ਕਾਫ਼ੀ ਕੋਸ਼ਿਸ਼ਾਂ ਦੇ ਬਾਵਜੂਦ ਉਸ ਦੀ ਜ਼ਿੰਦਗੀ ਬਚ ਨਹੀਂ ਸਕੀ ਅਤੇ ਉਹ ਦਮ ਤੋੜ ਗਿਆ।

## ਬਲਾਤਕਾਰੀ ਸੌਦਾ ਸਾਧ ਦਾ 20 ਸਾਲ ਲਈ ਜੇਲ੍ਹ 'ਚ ਡੇਰਾ

ਦੀ ਸਜ਼ਾ ਨਾਲ-ਨਾਲ ਚੱਲੇਗੀ। ਇਸ ਲਈ ਰਾਮ ਰਹੀਮ ਨੂੰ 20 ਸਾਲ ਜੇਲ੍ਹ ਵਿਚ ਰਹਿਣਾ ਪਵੇਗਾ। ਅਦਾਲਤ ਵਲੋਂ ਸੁਣਾਈ ਗਈ ਸਜ਼ਾ ਦੇ ਬਾਅਦ ਇਹ ਸਾਫ਼ ਹੋ ਗਿਆ ਹੈ ਕਿ ਰਾਮ ਰਹੀਮ ਨੂੰ ਆਪਣੀ ਬਾਕੀ ਦੀ ਜ਼ਿੰਦਗੀ ਦਾ ਜ਼ਿਆਦਾਤਰ ਹਿੱਸਾ ਜੇਲ੍ਹ ਵਿਚ ਗੁਜ਼ਾਰਨਾ ਪਵੇਗਾ। ਰਾਮ ਰਹੀਮ ਦੇ ਵਕੀਲ ਨੇ ਕਿਹਾ ਕਿ ਉਹ ਫ਼ੈਸਲੇ ਦੇ ਖ਼ਿਲਾਫ਼ ਹਾਈ ਕੋਰਟ ਵਿਚ ਅਪੀਲ ਕਰਨਗੇ। ਬਚਾਅ ਪੱਖ ਦੇ ਵਕੀਲ ਐਸ. ਕੇ. ਗਰਗ ਨਰਵਾਣਾ ਨੇ ਕਿਹਾ ਕਿ ਸੀ. ਬੀ. ਆਈ. ਜੱਜ ਜਗਦੀਪ ਸਿੰਘ ਨੇ 2002 ਦੇ ਜਬਰ ਜਨਾਹ ਦੇ ਦੋਵੇਂ ਮਾਮਲਿਆਂ ਵਿਚ 10-10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਨ੍ਹਾਂ ਕਿਹਾ ਕਿ ਜਬਰ ਜਨਾਹ ਦੇ ਦੋਵੇਂ ਮਾਮਲਿਆਂ ਵਿਚ ਹਰੇਕ ਵਿਚ 15-15 ਲੱਖ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ। ਇਨ੍ਹਾਂ ਵਿਚੋਂ 14-14 ਲੱਖ ਰੁਪਏ ਦੋਵੇਂ ਪੀੜਤ ਸਾਧਵੀਆਂ ਨੂੰ ਦਿੱਤੇ ਜਾਣਗੇ। ਦੋਵੇਂ ਸਾਧਵੀਆ ਰਾਮ ਰਹੀਮ ਦੇ ਡੇਰੇ ਵਿਚ ਰਹਿੰਦੀਆਂ ਸਨ ਅਤੇ ਉਨ੍ਹਾਂ ਨੂੰ ਡਰਾ ਕੇ ਡੇਰਾ ਮੁਖੀ ਨਾਲ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕੀਤਾ ਗਿਆ।

ਸੀ. ਬੀ. ਆਈ. ਅਦਾਲਤ ਦੇ ਜੱਜ ਜਗਦੀਪ ਸਿੰਘ, ਜਿਨ੍ਹਾਂ ਦੀ ਅਦਾਲਤ ਪੰਚਕੂਲਾ ਵਿਚ ਹੈ, ਨੇ ਸੁਨਾਰੀਆ ਜੇਲ੍ਹ ਅੰਦਰ ਬਣਾਏ ਵਿਸ਼ੇਸ਼ ਕੋਰਟ ਰੂਮ ਵਚ ਡੇਰਾ ਮੁਖੀ ਨੂੰ ਸਜ਼ਾ ਸੁਣਾਈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਦਿੱਤੀਆਂ ਹਦਾਇਤਾਂ 'ਤੇ ਜੇਲ੍ਹ ਦੇ ਅੰਦਰ ਹੀ ਅਸਥਾਈ ਅਦਾਲਤ ਬਣਾਈ ਗਈ ਸੀ। ਫੈਸਲਾ ਆਉਂਦਿਆਂ ਹੀ ਡੇਰੇ ਦੇ ਖਾਤੇ ਸੀਲ ਕਰ ਦਿੱਤੇ ਗਏ ਹਨ। ਉਸ ਦੀ ਮਾਂ ਨਸੀਬ ਕੌਰ ਤੇ ਪਤਨੀ ਹਰਜੀਤ ਕੌਰ ਸਿਰਸਾ ਛੱਡ ਕੇ ਸ਼੍ਰੀਨਗਰ 'ਚ ਆਪਣੇ ਜੱਦੀ ਪਿੰਡ ਗੁਰੂਸਰ ਮੋਡੀਆ ਚਲੀਆਂ ਗਈਆਂ ਹਨ।

ਇਸ ਦੌਰਾਨ ਰੋਹਤਕ ਸ਼ਹਿਰ ਦੇ ਅੰਦਰ ਅਤੇ ਬਾਹਰ ਅਤੇ ਜੇਲ੍ਹ ਦੇ ਆਲੇ-ਦੁਆਲੇ ਪੁਲਿਸ ਵਲੋਂ ਬਹੁਪਰਤੀ ਸੁਰੱਖਿਆ ਘੇਰਾ ਪਾਇਆ ਗਿਆ ਸੀ ਅਤੇ ਅਰਧ ਸੈਨਿਕ ਬਲਾਂ ਦੀਆਂ 23 ਕੰਪਨੀਆਂ ਤਾਇਨਾਤ ਕੀਤੀਆਂ ਗਈਆਂ ਸਨ। ਫ਼ੌਜ ਨੂੰ ਵੀ ਤਿਆਰ ਰੱਖਿਆ ਗਿਆ ਸੀ ਜਦਕਿ ਜੇਲ੍ਹ ਨੂੰ ਜਾਣ ਵਾਲੇ ਸਾਰੇ ਰਸਤਿਆਂ ਨੂੰ ਸੀਲ ਕਰ ਦਿੱਤਾ ਗਿਆ ਸੀ। ਪੰਜਾਬ ਅਤੇ ਹਰਿਆਣਾ ਵਿਚ ਹਾਈ ਅਲਰਟ ਕੀਤਾ ਗਿਆ ਸੀ ਤੇ ਸੁਰੱਖਿਆ ਸਥਿਤੀ ਨੂੰ ਚੁਣੌਤੀਪੂਰਨ ਦੱਸਦਿਆਂ ਅਧਿਕਾਰੀਆਂ ਨੇ ਸ਼ਰਾਰਤੀ ਅਨਸਰਾਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੀ ਚਿਤਾਵਨੀ ਦਿੱਤੀ ਸੀ।

**ਜੱਜ ਨੂੰ ਹੈਲੀਕਾਪਟਰ ਰਾਹੀਂ ਲਿਆਂਦਾ ਰੋਹਤਕ** :
ਡੇਰਾ ਪ੍ਰੇਮੀਆਂ ਵਲੋਂ ਕੀਤੀ ਗਈ ਹਿੰਸਾ ਤੋਂ ਬਾਅਦ ਪੈਦਾ ਹੋਈ ਸਥਿਤੀ ਨੂੰ ਦੇਖਦੇ ਹੋਏ ਹਾਈ ਕੋਰਟ ਦੇ ਆਦੇਸ਼ਾਂ 'ਤੇ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਇਕ ਦਿਨ ਲਈ ਸੁਨਾਰੀਆ ਜੇਲ੍ਹ ਰੋਹਤਕ ਤਬਦੀਲ ਕੀਤੀ ਗਈ ਸੀ ਅਤੇ ਸੀ. ਬੀ. ਆਈ. ਜੱਜ ਜਗਦੀਪ ਸਿੰਘ ਨੂੰ ਹੈਲੀਕਾਪਟਰ ਰਾਹੀਂ ਰੋਹਤਕ ਲਿਜਾਇਆ ਗਿਆ। ਰੋਹਤਕ ਦੀ ਸੁਨਾਰੀਆ ਜੇਲ੍ਹ ਵਿਚ ਚੱਲ ਰਹੇ ਛੇ ਕਮਰਿਆਂ ਦੇ ਸਿਖਲਾਈ ਕੇਂਦਰ ਦੀ ਲਾਇਬ੍ਰੇਰੀ ਵਿਚ ਅਸਥਾਈ ਕੋਰਟ ਰੂਮ ਬਣਾਇਆ ਗਿਆ ਸੀ। ਇਸ ਅਦਾਲਤ ਵਿਚ ਦੁਪਹਿਰ ਢਾਈ ਵਜੇ ਸਜ਼ਾ ਸੁਣਾਏ ਜਾਣ ਦੀ ਕਾਰਵਾਈ ਸ਼ੁਰੂ ਹੋਈ। ਕਾਰਵਾਈ ਦੌਰਾਨ ਕੋਰਟ ਰੂਮ ਵਿਚ ਜੱਜ ਤੇ ਦੋਵੇਂ ਧਿਰਾਂ ਦੇ ਵਕੀਲਾਂ ਸਮੇਤ 8 ਪ੍ਰਤੀਨਿਧ ਹਾਜ਼ਰ ਸਨ।

**ਵਕੀਲ ਨੇ ਮੰਗੀ ਵੱਧ ਤੋਂ ਵੱਧ ਸਜ਼ਾ** :
ਸੀ. ਬੀ. ਆਈ. ਦੇ ਵਕੀਲ ਐਚ. ਪੀ. ਐਸ. ਵਰਮਾ ਨੇ ਆਪਣਾ ਤਰਕ ਰੱਖਦਿਆਂ ਰਾਮ ਰਹੀਮ ਨੂੰ ਵੱਧ ਤੋਂ ਵੱਧ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ। ਇਸ ਦੇ ਬਾਅਦ ਰਾਮ ਰਹੀਮ ਦੇ ਵਕੀਲ ਐਸ. ਕੇ. ਗਰਗ ਨਰਵਾਣਾ ਨੇ ਰਾਮ ਰਹੀਮ ਵਲੋਂ ਕੀਤੇ ਗਏ ਸਮਾਜਿਕ ਕੰਮਾਂ ਦਾ ਹਵਾਲਾ ਦਿੰਦੇ ਹੋਏ ਸਜ਼ਾ ਦਿੰਦੇ ਸਮੇਂ ਨਰਮੀ ਨਾਲ ਪੇਸ਼ ਆਉਣ ਦੀ ਅਪੀਲ ਕੀਤੀ। ਜੱਜ ਨੇ ਦੋਵੇਂ ਧਿਰਾਂ ਦੇ ਤਰਕ ਸੁਣਨ ਦੇ ਬਾਅਦ ਰਾਮ ਰਹੀਮ ਖ਼ਿਲਾਫ਼ ਟਿੱਪਣੀ ਕਰਦੇ ਹੋਏ ਕਿਹਾ ਕਿ ਤੂੰ ਕੁਕਰਮ ਵਰਗਾ ਅਪਰਾਧ ਕਰਦੇ ਹੋਏ ਆਪਣੇ ਉਸ ਰੁਤਬੇ ਦਾ ਖ਼ਿਆਲ ਨਹੀਂ ਕੀਤਾ ਜਿਸ ਦੇ ਜ਼ਰੀਏ ਲੱਖਾਂ-ਕਰੋੜਾਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਤੇਰੇ ਨਾਲ ਜੁੜੀਆਂ ਹੋਈਆਂ ਸਨ। ਦੋਵੇਂ ਧਿਰਾਂ ਦੇ ਤਰਕ ਪੂਰੇ ਹੋਣ ਬਾਅਦ ਜੱਜ ਨੇ ਆਪਣਾ ਫ਼ੈਸਲਾ ਪੜ੍ਹਨਾ ਸ਼ੁਰੂ ਕੀਤਾ ਤਾਂ ਕਟਹਿਰੇ ਵਿਚ ਖੜ੍ਹੇ ਰਾਮ ਰਹੀਮ ਦੀਆਂ ਅੱਖਾਂ ਵਿਚੋਂ ਹੰਝੂ ਆਉਣ ਲੱਗੇ ਅਤੇ ਉਸ ਨੇ ਰੋਣਾ ਸ਼ੁਰੂ ਕਰ ਦਿੱਤਾ। ਇਸ ਦੇ ਬਾਵਜੂਦ ਜੱਜ ਨੇ ਫ਼ੈਸਲਾ ਪੜ੍ਹਨਾ ਜਾਰੀ ਰੱਖਿਆ।

**ਖਾਣੇ ਨੂੰ ਲੈ ਕੇ ਰਾਮ ਰਹੀਮ ਨੇ ਕੀਤਾ ਡਰਾਮਾ** :
ਸੀ. ਬੀ. ਆਈ. ਦੇ ਜੱਜ ਜਗਦੀਪ ਸਿੰਘ ਵਲੋਂ ਸਜ਼ਾ ਸੁਣਾਏ ਜਾਣ ਦੇ ਬਾਅਦ ਰਾਮ ਰਹੀਮ ਨੇ ਅਚਾਨਕ ਪਲਟੀ ਮਾਰੀ। ਫ਼ੈਸਲਾ ਸੁਣਾਉਣ ਦੇ ਬਾਅਦ ਜੱਜ ਅਦਾਲਤ ਵਿਚ ਹੀ ਮੌਜੂਦ ਸਨ। ਰਾਮ ਰਹੀਮ ਨੇ ਆਪਣੇ ਵਕੀਲ ਰਾਹੀਂ ਗੁਹਾਰ ਲਾਈ ਕਿ ਉਸ ਨੂੰ ਘਟੀਆ ਦਰਜੇ ਦਾ ਖਾਣਾ ਦਿੱਤਾ ਜਾ ਰਿਹਾ ਹੈ। ਖਾਣਾ ਬੇਹੱਦ ਖ਼ਰਾਬ ਹੈ। ਰਾਮ ਰਹੀਮ ਨੇ ਕਿਹਾ ਕਿ ਅਦਾਲਤ ਦਾ ਫ਼ੈਸਲਾ ਆਉਣ ਦੇ ਬਾਅਦ ਉਸ ਨੇ ਚਾਹ ਮੰਗੀ ਤਾਂ ਉਹ ਵੀ ਨਹੀਂ ਮਿਲੀ। ਇਸ ਦੇ ਬਾਅਦ ਜੱਜ ਨੇ ਰਾਮ ਰਹੀਮ ਦੇ ਵਕੀਲ ਨੂੰ ਕਿਹਾ ਕਿ ਉਸ ਨੂੰ ਹੋਰਨਾਂ ਕੈਦੀਆਂ ਤੋਂ ਵੱਖ ਸਹੂਲਤ ਨਹੀਂ ਦਿੱਤੀ ਜਾ ਸਕਦੀ। ਜੋ ਹੋਰ ਕੈਦੀਆਂ ਨੂੰ ਮਿਲੇਗਾ ਉਹ ਹੀ ਉਸ ਨੂੰ ਖਾਣਾ ਪਵੇਗਾ।

### ਡੇਰਾ ਮੁਖੀ ਦੀ ਸੁਰੱਖਿਆ ਵਿਚ ਤਾਇਨਾਤ ਕਮਾਂਡੋ ਹੋਣਗੇ ਬਰਖਾਸਤ

ਦੋਸ਼ੀ ਠਹਿਰਾਏ ਗਏ ਡੇਰਾ ਮੁਖੀ ਦੀ ਸੁਰੱਖਿਆ ਵਿਚ ਤਾਇਨਾਤ ਹਰਿਆਣਾ ਦੇ 3 ਕਮਾਂਡੋ ਨੂੰ ਬਰਖਾਸਤ ਕਰਨ ਦੇ ਹੁਕਮ ਦੇ ਦਿੱਤੇ ਗਏ ਹਨ। ਸੂਤਰਾਂ ਮੁਤਾਬਕ ਇਹ ਕਮਾਂਡੋ ਡੇਰਾ ਮੁਖੀ ਨੂੰ ਸੀ. ਬੀ. ਆਈ.ਦੀ ਅਦਾਲਤ ਵਿਚੋਂ ਭਜਾਉਣ ਦੇ ਫਿਰਾਕ ਵਿਚ ਸਨ। ਇਹ ਕਮਾਂਡੋ ਡੇਰਾ ਮੁਖੀ ਨਾਲ ਹੀ ਅਦਾਲਤ ਵਿਚ ਆਏ ਸਨ ਤੇ ਇਨ੍ਹਾਂ ਕੋਲੋਂ ਏ.ਕੇ-47, ਰਾਈਫਲ ਤੇ ਹੋਰ ਹਥਿਆਰ ਬਰਾਮਦ ਕੀਤੇ ਗਏ ਹਨ। ਇਹ ਲੋਕ ਪਹਿਲਾਂ ਤੋਂ ਹੀ ਡੇਰਾ ਮੁਖੀ ਨੂੰ ਅਦਾਲਤ ਵਿਚੋਂ ਭਜਾਉਣ ਦੀ ਯੋਜਨਾ ਬਣਾ ਕੇ ਆਏ ਸਨ ਤੇ ਹੁਣ ਜਲਦੀ ਹੀ ਉਨ੍ਹਾਂ 'ਤੇ ਕਾਰਵਾਈ ਹੋਣ ਵਾਲੀ ਹੈ।

### ਰਾਮ ਰਹੀਮ ਦੇ ਪਰਿਵਾਰ ਨੇ ਸਰਕਾਰੀ ਸੁਰੱਖਿਆ ਠੁਕਰਾਈ :

ਬਠਿੰਡਾ : ਰਾਮ ਰਹੀਮ ਸਿੰਘ ਦੇ ਪਰਿਵਾਰ ਨੇ ਸਰਕਾਰੀ ਸੁਰੱਖਿਆ ਲੈਣ ਤੋਂ ਨਾਂਹ ਕਰ ਦਿੱਤੀ ਹੈ। ਡੇਰਾ ਮੁਖੀ ਦੀ ਮਾਂ ਨਸੀਬ ਕੌਰ, ਪਤਨੀ ਹਰਜੀਤ ਕੌਰ, ਲੜਕਾ ਜਸਮੀਤ ਇੰਸਾ ਅਤੇ ਉਨ੍ਹਾਂ ਦੀ ਪਤਨੀ ਆਪਣੇ ਜੱਦੀ ਪਿੰਡ ਗੁਰੂਸਰ ਮੋਡੀਆ (ਹਨੂੰਮਾਨਗੜ੍ਹ) ਪੁੱਜ ਗਏ ਹਨ। ਸੀਬੀਆਈ ਅਦਾਲਤ ਵੱਲੋਂ ਸਖ਼ਤ ਸਜ਼ਾ ਸੁਣਾਏ ਜਾਣ ਮਗਰੋਂ ਡੇਰਾ ਮੁਖੀ ਦਾ ਪਰਿਵਾਰ ਗਹਿਰੇ ਸਦਮੇ ਵਿੱਚ ਹੈ। ਲੰਘੇ 24 ਘੰਟਿਆਂ ਵਿੱਚ ਪਰਿਵਾਰ ਨੇ ਸਭ ਕਿਸੇ ਨੂੰ ਮਿਲਣ ਤੋਂ ਗੁਰੇਜ਼ ਹੀ ਕੀਤਾ ਹੈ। ਡੇਰਾ ਮੁਖੀ ਦਾ ਪਰਿਵਾਰ ਆਪਣੇ ਪਿੰਡ ਵਿਚਲੇ ਘਰ ਵਿੱਚ ਠਹਿਰਿਆ ਹੋਇਆ ਹੈ ਜਿਸ ਦੇ ਬੂਹੇ ਬੰਦ ਕੀਤੇ ਹੋਏ ਹਨ ਅਤੇ ਕਿਸੇ ਨੂੰ ਵੀ ਘਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਜਾ ਰਿਹਾ ਹੈ। ਡੇਰਾ ਸਿਰਸਾ ਦੇ ਦਰਜਨਾਂ ਪੈਰੋਕਾਰਾਂ ਨੇ ਰਿਹਾਇਸ਼ ਉੱਤੇ ਪਹਿਰਾ ਲਾਇਆ ਹੋਇਆ ਹੈ। ਰਾਜਸਥਾਨ ਪੁਲੀਸ ਨੇ ਪਰਿਵਾਰ ਨੂੰ ਸੁਰੱਖਿਆ ਦੇਣ ਦੀ ਪੇਸ਼ਕਸ਼ ਕੀਤੀ ਸੀ ਪਰ ਪਰਿਵਾਰ ਨੇ ਠੁਕਰਾ ਦਿੱਤੀ ਹੈ। ਪੁਲੀਸ ਨੇ ਹਦਾਇਤ ਦਿੱਤੀ ਹੈ ਕਿ ਆਮ ਲੋਕਾਂ ਨੂੰ ਫਿਲਹਾਲ ਪਰਿਵਾਰ ਤੋਂ ਦੂਰ ਰੱਖਿਆ ਜਾਵੇ। ਪਿੰਡ ਵਾਲਿਆਂ ਦਾ ਕਹਿਣਾ ਸੀ ਕਿ ਉਹ ਖ਼ੁਦ ਹੀ ਪਰਿਵਾਰ ਦੀ ਸੁਰੱਖਿਆ ਕਰਨਗੇ। ਕਾਂਗਰਸ ਦੇ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਜੱਸੀ, ਜੋ ਡੇਰਾ ਮੁਖੀ ਦੇ ਰਿਸ਼ਤੇਦਾਰ ਹਨ, ਵੀ ਰਾਤ ਪਿੰਡ ਗੁਰੂਸਰ ਮੋਡੀਆ ਵਿੱਚ ਜਾ ਕੇ ਪਰਿਵਾਰ ਨੂੰ ਮਿਲੇ।

### ਜੇਲ੍ਹ 'ਚ ਕਰਨੀ ਪਊ ਹੁਣ ਮਜ਼ਦੂਰੀ

ਸੂਬੇ ਦੀਆਂ ਹੋਰ ਜੇਲ੍ਹਾਂ ਦੀ ਤਰ੍ਹਾਂ ਸੁਨਾਰੀਆ ਜੇਲ੍ਹ ਵਿਚ ਵੀ ਵਰਕਸ਼ਾਪ ਚਲਦੀ ਹੈ ਅਤੇ ਇਸ ਵਿਚ ਪਲੰਬਰ, ਕੰਪਿਊਟਰ ਡਾਟਾ ਐਂਟਰੀ, ਮੋਟਰ ਵਾਈਰਿੰਗ, ਸਿਲਾਈ-ਕਢਾਈ ਅਤੇ ਬੇਸਿਕ ਕੰਪਿਊਟਰ ਵਰਗੇ ਕਈ ਕੰਮ ਚਲਦੇ ਹਨ। ਜੇਲ੍ਹ ਵਿਚ ਕੈਦੀਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾਂਦਾ ਹੈ। ਨਿਪੁੰਨ (ਸਕਿੱਲਡ) ਕੈਦੀਆਂ ਨੂੰ ਕੰਮ ਬਦਲੇ ਰੋਜ਼ਾਨਾ 40 ਰੁਪਏ, ਅਰਧ-ਨਿਪੁੰਨ ਕੈਦੀਆਂ ਨੂੰ 25 ਰੁਪਏ ਅਤੇ ਬਿਲਕੁਲ ਨਵਿਆਂ ਨੂੰ 20 ਰੁਪਏ ਦਿਹਾੜੀ ਮਿਲਦੀ ਹੈ। ਡੇਰਾ ਮੁਖੀ ਨਿਪੁੰਨ ਕੈਦੀਆਂ ਦੀ ਸ਼੍ਰੇਣੀ ਵਿਚ ਤਾਂ ਆਉਂਦਾ ਨਹੀਂ ਇਸ ਲਈ ਬਾਬੇ ਨੂੰ ਰੋਜ਼ਾਨਾ 25 ਜਾਂ 20 ਰੁਪਏ ਦਿਹਾੜੀ ਮਿਲੇਗੀ।

## ਭਾਰਤ-ਚੀਨ ਵਿਚਾਲੇ ਡੋਕਲਾਮ ਵਿਵਾਦ ਹੱਲ ਹੋਇਆ

ਦੂਜੇ ਪਾਸੇ ਚੀਨ ਨੇ ਕਿਹਾ ਹੈ ਕਿ ਭਾਰਤ ਦੀਆਂ ਫੌਜਾਂ ਲਾਜ਼ਮੀ ਤੌਰ ਉੱਤੇ ਵਾਪਿਸ ਚਲੀਆਂ ਗਈਆਂ ਹਨ ਪਰ ਉਸ ਨੇ ਆਪਣੀਆਂ ਫੌਜਾਂ ਬਾਰੇ ਚੁੱਪ ਸਾਧ ਰੱਖੀ ਹੈ। ਭਾਰਤ ਦੇ ਵੱਲੋਂ ਜਾਰੀ ਬਿਆਨ ਬਾਰੇ ਪ੍ਰਤੀਕ੍ਰਮ ਦਿੰਦਿਆਂ ਚੀਨ ਦੇ ਵਿਦੇਸ਼ ਵਿਭਾਗ ਦੀ ਤਰਜ਼ਮਾਨ ਹੁਆ ਚੁਨਿੰਗ ਨੇ ਪੇਈਚਿੰਗ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਚੀਨ ਆਪਣੀ ਪ੍ਰਭੂਸਤਾ ਦੀ ਰਾਖੀ ਲਈ ਜਦੋ-ਜਹਿਦ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਚੀਨ ਦੇ ਪੱਖ ਦੀ ਮੈਦਾਨ ਵਿੱਚ ਤਾਇਨਾਤ ਜਵਾਨ ਪੁਸ਼ਟੀ ਕਰਨਗੇ। ਚੀਨ ਸਥਿਤੀ ਦੇ ਮੁਤਾਬਿਕ ਪੁਜੀਸ਼ਨ ਬਦਲੇਗਾ। ਨਵੀਂ ਦਿੱਲੀ ਵਿੱਚ ਤਾਇਨਾਤ ਚੀਨ ਦੇ ਅਧਿਕਾਰੀ ਨੂੰ ਜਦੋਂ ਇਹ ਪੁੱਛਿਆ ਗਿਆ ਕਿ ਕੀ ਚੀਨ ਨੇ ਇਸ ਮਾਮਲੇ ਵਿੱਚ ਕੋਈ ਰਿਆਇਤ ਨਹੀ ਵਰਤੀ ਤਾਂ ਉਨ੍ਹਾਂ ਕਿਹਾ ਕਿ ਭਾਰਤ ਨੇ ਆਪਣੇ ਤੌਰ ਉੱਤੇ ਫੌਜ ਨੂੰ ਵਾਪਿਸ ਬੁਲਾਉਣਾ ਸ਼ੁਰੂ ਕਰ ਦਿੱਤਾ ਹੈ, ਇਸ ਤਰ੍ਹਾਂ ਦੋਵਾਂ ਦੇਸ਼ਾਂ ਦੀਆਂ ਫੌਜਾਂ ਵਾਪਿਸ ਬੁਲਾਉਣ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਭਾਰਤ ਨੂੰ ਇਸ ਮਾਮਲੇ ਵਿੱਚ ਚੀਨ ਨਾਲ ਕਿਸੇ ਪ੍ਰਕਾਰ ਦੇ ਸਮਝੌਤੇ ਦੀ ਲੋੜ ਨਹੀਂ ਹੈ। ਹੁਆ ਨੇ ਕਿਹਾ ਕਿ ਭਾਰਤੀ ਸੈਨਿਕ ਆਪਣਾ ਸਾਜ਼ੋ ਸਾਮਾਨ ਲੈ ਕੇ ਪਿੱਛੇ ਹਟ ਗਏ ਹਨ। ਚੀਨ ਦੇ ਫੌਜੀ ਆਪਣੇ ਪਾਸੇ ਗਸ਼ਤ ਜਾਰੀ ਰੱਖਣਗੇ।

ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਦੋਵਾਂ ਦੇਸ਼ਾਂ ਨੇ ਆਪਣੇ ਹਿਤਾਂ ਨੂੰ ਦੇਖਦਿਆਂ ਡੋਕਲਾਮ ਵਿਵਾਦ ਬਾਰੇ ਕੂਟਨੀਤਕ ਪੱਧਰ ਉੱਤੇ ਯਤਨ ਆਰੰਭੇ ਹੋਏ ਸਨ। ਭਾਰਤ ਨੇ ਆਪਣੇ ਹਿਤਾਂ ਅਤੇ ਫਿਕਰਮੰਦੀਆਂ ਬਾਰੇ ਚੀਨ ਕੋਲ ਸਫਲਤਾਪੂਰਵਕ ਆਪਣਾ ਪੱਖ ਰੱਖਿਆ ਜਿਸ ਸਦਕਾ ਦੋਵੇਂ ਦੇਸ਼ ਆਪਸੀ ਸਹਿਮਤੀ ਨਾਲ ਡੋਕਲਾਮ ਵਿੱਚੋਂ ਫੌਜਾਂ ਵਾਪਸ ਬੁਲਾਉਣ ਲਈ ਸਹਿਮਤ ਹੋਏ ਹਨ। ਇਹ ਜ਼ਿਕਰਯੋਗ ਹੈ ਕਿ ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਪਹਿਲਾਂ ਬਿਆਨ ਦਿੱਤਾ ਸੀ ਕਿ ਪਹਿਲਾਂ ਦੋਵਾਂ ਧਿਰਾਂ ਨੂੰ ਫੌਜਾਂ ਵਾਪਸ ਬੁਲਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਸ਼ਾਂਤਮਈ ਹੱਲ ਦੀ ਪੈਰਵੀ ਕਰਦਿਆਂ ਕਿਹਾ ਸੀ ਕਿ ਇਸ ਤੋਂ ਬਾਅਦ ਹੀ ਕੋਈ ਗੱਲਬਾਤ ਹੋ ਸਕਦੀ ਹੈ।

ਚੀਨ ਨੇ ਭਾਰਤ ਦੇ ਦਾਅਵੇ ਨੂੰ ਅਣਗੌਲਿਆ ਕਰਦਿਆਂ ਕਿਹਾ ਕਿ ਉਸ ਦੇ ਫੌਜੀ ਸਰਹੱਦ ਨਾਲ ਗਸ਼ਤ ਕਰਦੇ ਰਹਿਣਗੇ। ਭਾਰਤ ਨੇ ਆਪਣੇ ਫੌਜੀ ਵਾਪਸ ਬੁਲਾ ਲਏ ਹਨ। ਚੀਨ ਨੇ ਡੋਕਲਾਮ ਵਿੱਚ ਸੜਕ ਬਣਾਉਣ ਬਾਰੇ ਵੀ ਚੁੱਧ ਸਾਧ ਰੱਖੀ ਹੈ। ਚੀਨ ਨੇ ਕਿਹਾ ਹੈ ਕਿ ਉਸ ਜ਼ਮੀਨੀ ਸਥਿਤੀ ਦੇ ਅਨੁਸਾਰ ਕਾਰਵਾਈ ਕਰੇਗਾ। ਆਪਸੀ ਸਹਿਮਤੀ ਨਾਲ ਦੋਵਾਂ ਦੇਸ਼ਾਂ ਵਲੋਂ ਫੌਜਾਂ ਵਾਪਸ ਬੁਲਾਉਣ ਬਾਰੇ ਭਾਰਤ ਦੇ ਵਿਦੇਸ਼ ਵਿਭਾਗ ਵੱਲੋਂ ਜਾਰੀ ਬਿਆਨ ਜਿਉਂ ਹੀ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਇਆ ਅਤੇ ਚੀਨੀ ਪੱਤਰਕਾਰਾਂ ਤਕ ਪੁੱਜਾ ਤਾਂ ਚੀਨ ਦੀ ਤਰਜ਼ਮਾਨ ਹੁਆ ਚੁਨਿੰਗ ਨੇ ਇਸ ਨੂੰ ਭਾਰਤ ਦੀ ਤਰਫੋਂ ਕੀਤੀ ਪਹਿਲਕਦਮੀ ਦਰਸਾਉਣ ਦੀ ਕੋਸ਼ਿਸ਼ ਕੀਤੀ। ਉਸਨੇ ਕਿਹਾ 28 ਅਗਸਤ ਦੁਪਿਹਰ ਬਾਅਦ ਭਾਰਤੀ ਫੌਜਾਂ ਵਿਵਾਦ ਵਾਲੇ ਖਿੱਤੇ ਵਿੱਚੋਂ ਨਿਕਲ ਗਈਆਂ।

## ਟੈਕਸਾਸ 'ਚ ਹਾਰਵੇਅ ਤੂਫ਼ਾਨ ਨੇ ਮਚਾਈ ਤਬਾਹੀ

ਮਚਾਈ ਹੋਈ ਹੈ। ਜਨਜੀਵਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਲੋਕਾਂ ਦੇ ਘਰਾਂ ਅੰਦਰ ਪਾਣੀ ਦਾਖਲ ਹੋ ਗਿਆ ਹੈ, ਜਿਸ ਕਾਰਨ ਲੋਕਾਂ ਨੂੰ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮੇਂ ਸ਼ਹਿਰ ਦੇ ਹਵਾਈ ਅੱਡੇ, ਰੇਲਵੇ ਲਾਈਨਾਂ, ਸੜਕਾਂ ਅਤੇ ਪੁਲ ਪਾਣੀ 'ਚ ਡੁੱਬੇ ਹੋਏ ਹੋਣ ਕਰਕੇ ਸ਼ਹਿਰ ਦਾ ਸਬੰਧ ਬਾਕੀ ਟੈਕਸਾਸ ਨਾਲੋਂ ਟੁੱਟਿਆ ਹੋਇਆ ਹੈ। ਘਰਾਂ ਅਤੇ ਇਮਾਰਤਾਂ ਵਿਚ ਫਸੇ ਲੋਕਾਂ ਨੂੰ ਹੈਲੀਕਾਪਟਰ ਅਤੇ ਕਿਸ਼ਤੀਆਂ ਰਾਹੀ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਜਾ ਰਿਹਾ ਹੈ। ਬਹੁਤ ਸਾਰੇ ਲੋਕ ਨੀਵੇਂ ਪੁਲਾਂ ਹੇਠ ਕਾਰਾਂ ਵਿਚ ਫਸ ਗਏ ਸਨ, ਜਿਨ੍ਹਾਂ ਨੂੰ ਕੱਢਣ ਲਈ ਪ੍ਰਸ਼ਾਸਨ ਨੂੰ ਕਾਫੀ ਮੁਸ਼ੱਕਤ ਕਰਨੀ ਪਈ। ਹੁਣ ਤੱਕ ਇਸ ਤੂਫਾਨ ਕਾਰਨ ਸੈਂਕੜੇ ਲੋਕ ਜ਼ਖਮੀ ਵੀ ਹੋ ਚੁੱਕੇ ਹਨ। ਸ਼ਹਿਰ ਵਿਚ ਭਾਰੀ ਵਰਖਾ ਜਾਰੀ ਹੈ ਅਤੇ ਪਾਣੀ ਦਾ ਪੱਧਰ ਹੋਰ ਵਧਣ ਦੇ ਆਸਾਰ ਬਣੇ ਹੋਏ ਹਨ। ਪ੍ਰਸ਼ਾਸਨਿਕ ਅਧਿਕਾਰੀ ਪੂਰੀ ਸਥਿਤੀ ਨੂੰ ਨੇੜਿਓਂ ਵੇਖ ਰਹੇ ਹਨ। ਹਿਊਸਟਨ ਦੇ ਮੇਅਰ ਸਲਵੇਸਟਰ ਟਰਨਰ ਨੇ 3 ਵਿਅਕਤੀਆਂ ਦੇ ਇਸ ਤੂਫਾਨ ਵਿਚ ਮਾਰੇ ਜਾਣ ਦਾ ਖੁਲਾਸਾ ਕੀਤਾ। ਇਸੇ ਤਰ੍ਹਾਂ ਕਾਉਂਟੀ ਮਿੰਟਗੁਮਰੀ ਦੇ ਸ਼ਹਿਰ ਲਾ ਮਾਰਕੋ ਤੇ ਰੌਕਪੋਰਟ ਵਿਚ ਵੀ 3 ਮੌਤਾਂ ਇਨ੍ਹਾਂ ਤੂਫਾਨਾਂ ਕਰਕੇ ਹੋਈਆਂ ਹਨ। ਹੈਰਸ ਕਾਉਂਟੀ ਵਿਚ ਵੀ ਛੇ ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਵੱਖ-ਵੱਖ ਥਾਵਾਂ 'ਤੇ ਸ਼ੈਲਟਰ ਹੋਮ ਬਣਾਏ ਗਏ ਹਨ ਤੇ ਵੱਡਾ ਸ਼ੈਲਟਰ ਹੋਮ ਡੈਲਸ ਵਿਚ ਬਣਾਇਆ ਗਿਆ ਹੈ। ਕਰੀਬ 30 ਹਜ਼ਾਰ ਲੋਕ ਆਸਰਾ ਘਰਾਂ ਵਿਚ ਪਹੁੰਚ ਚੁੱਕੇ ਹਨ। ਟੈਕਸਾਸ ਦੇ ਗਵਰਨਰ ਗਰੈਗ ਅਬੋਟ ਨੇ ਸੂਬੇ ਦੇ 12 ਹਜ਼ਾਰ ਨੈਸ਼ਨਲ ਗਾਰਡਾਂ ਨੂੰ ਰਾਹਤ ਕਾਰਜਾਂ ਲਈ ਲਗਾ ਦਿੱਤਾ ਹੈ।

# SINGH TRANSPORT INC



● ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
● ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
● ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
● ਅਸੀਂ ਬੋਨਸ ਵੀ ਦਿੰਦੇ ਹਾਂ।
● ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578

# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ|
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ|

Basic web packages are availables on comparatively economical rates
We work as per your requirement and charge only according to work

## SERVICES
- ✓ WEB DEVELOPMENT
- ✓ WEB DESIGNING
- ✓ WEB RE-DESIGN
- ✓ LOGO DESIGN
- ✓ SEO SERVICES
- ✓ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9X TASHAN
4 channels for only $14.99 on dish | sling
Call 1-888-246-6242 to Subscribe
and get a worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com